ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 470 | May 26, 2025 | E-mail : info@pardestimes.com | Ph 510-938-7771

## ਅਕਾਲ ਤਖ਼ਤ ਵੱਲੋਂ ਸੰਤ ਢੱਡਰੀਆਂ ਵਾਲੇ ਨੂੰ ਮੁਆਫ਼ੀ

ਅੰਮ੍ਰਿਤਸਰ- ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਇੱਥੇ ਅਕਾਲ ਤਖ਼ਤ ਸਾਹਿਬ ’ਤੇ ਖਿਮਾ ਯਾਚਨਾ ਕੀਤੀ ਜਿਸ ਮਗਰੋਂ ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਪ੍ਰਵਾਨ ਕਰ ਲਿਆ। ਇਸ ਮਗਰੋਂ ਉਨ੍ਹਾਂ ਢੱਡਰੀਆਂ ਵਾਲੇ ਨੂੰ ਧਰਮ ਪ੍ਰਚਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇੱਥੇ



ਅਕਾਲ ਤਖ਼ਤ ਵਿਖੇ ਅੱਜ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਜਦਕਿ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਅਤੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਤਨਖਾਹ ਲਾਈ ਗਈ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ ਮੀਟਿੰਗ ’ਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਬਖਸ਼ੀਸ਼ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਮੌਜੂਦ ਸਨ। ਮੀਟਿੰਗ ਦੌਰਾਨ ਲਗਭਗ ਸੱਤ ਅਜਿਹੇ ਮਾਮਲੇ ਵਿਚਾਰੇ ਗਏ ਜਿਨ੍ਹਾਂ ਵਿੱਚ ਖਿਮਾ ਯਾਚਨਾ ਦੀ ਅਪੀਲ ਨੂੰ ਸਵੀਕਾਰ ਕੀਤਾ ਗਿਆ ਅਤੇ ਕੁਝ ਮਾਮਲਿਆਂ ਵਿੱਚ ਵਿਅਕਤੀਆਂ ਨੂੰ ਤਲਬ ਕੀਤਾ ਗਿਆ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਪੱਖ ਸੁਣਨ ਮਗਰੋਂ ਉਸ ਦੀ ਖਿਮਾ ਯਾਚਨਾ ਪ੍ਰਵਾਨ ਕਰਦਿਆਂ ਸਿੱਖੀ ਪ੍ਰਚਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸ਼ਰਤਾਂ ਪ੍ਰਵਾਨ ਕੀਤੇ ਜਾਣ ਮਗਰੋਂ ਢੱਡਰੀਆਂ ਵਾਲੇ ਨੂੰ ਅਕਾਲ ਤਖ਼ਤ ਸਾਹਿਬ ਵਿਖੇ 501 ਰੁਪਏ ਦੀ ਦੇਗ ਕਰਵਾਉਣ ਦੇ ਆਦੇਸ਼ ਦਿੱਤੇ ਗਏ। ਜਥੇਦਾਰ ਗੜਗੱਜ ਨੇ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ’ਤੇ ਲੱਗੇ ਦੋਸ਼ ਸਾਬਤ ਨਾ ਹੋਣ ਕਾਰਨ ਉਨ੍ਹਾਂ ਨੂੰ ਦੋਸ਼ਾਂ ਤੋਂ ਮੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਸੇਵਾਵਾਂ ’ਤੇ ਲੱਗੀ ਰੋਕ ਖ਼ਤਮ ਕਰ ਦਿੱਤੀ ਗਈ ਹੈ। ਜਥੇਦਾਰ ਨੇ ਦੱਸਿਆ ਕਿ ਗਿਆਨੀ ਗੌਹਰ ’ਤੇ ਲੱਗੇ ਗੰਭੀਰ ਦੋਸ਼ਾਂ ਦੀ ਜਾਂਚ ਵਾਸਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਕੋਲੋਂ ਜਾਂਚ ਕਮੇਟੀ ਦੀ ਰਿਪੋਰਟ ਮੰਗੀ ਗਈ ਸੀ ਪਰ ਉਨ੍ਹਾਂ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਸੀ। ਉਨ੍ਹਾਂ ਦੱਸਿਆ ਕਿ 4 ਨਵੰਬਰ, 2024 ਨੂੰ ਗਿਆਨੀ ਗੌਹਰ ਨੇ ਜਾਂਚ ਕਮੇਟੀ ਦੀ ਰਿਪੋਰਟ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪੀ ਸੀ ਜਿਸ ਨੂੰ ਹੁਣ ਸੰਜੀਦਗੀ ਨਾਲ ਵਿਚਾਰਨ ’ਤੇ ਉਨ੍ਹਾਂ ਉੱਤੇ ਲੱਗੇ ਦੋਸ਼ ਸਾਬਤ ਨਹੀਂ ਹੁੰਦੇ ਹਨ।

## ਭਾਰਤ ਸਮੇਤ ਹੋਰ ਮੁਲਕਾਂ ਨੂੰ ਡਾਲਰ ਭੇਜਣੇ ਹੋਣਗੇ ਹੋਰ ਮਹਿੰਗੇ

ਵਾਸ਼ਿੰਗਟਨ- ਰਾਸ਼ਟਰਪਤੀ ਟਰੰਪ ਹੁਣ ਇਕ ਹੋਰ ਸਖਤ ਕਦਮ ਚੁੱਕਣ ਜਾ ਰਹੇ ਹਨ। ਹੁਣ ਅਮਰੀਕਾ ਤੋਂ ਹੋਰ ਮੁਲਕਾਂ ਨੂੰ ਡਾਲਰ ਟਰਾਂਸਫਰ ਕਰਨ ਬਦਲੇ 5 ਫੀਸਦੀ ਟੈਕਸ ਲਗਾਇਆ ਜਾਵੇਗਾ। ਫੰਡ ਟਰਾਂਸਫਰ ਕਰਨ ਦੀ ਇਸ ਨੀਤੀ ਦੇ ਕਾਰਨ ਦੁਨੀਆਂ ਦੇ ਕਈ ਮੁਲਕਾਂ ’ਤੇ ਅਸਰ ਪਵੇਗਾ। ਭਾਰਤ ਵੀ ਇਹਨਾਂ ਮੁਲਕਾਂ ਵਿਚੋਂ ਇਕ ਹੈ ਕਿਉਂਕਿ ਭਾਰਤੀ ਮੂਲ ਦੇ ਲੱਖਾਂ ਲੋਕੀ ਆਪੋ-ਆਪਣੇ ਪਰਿਵਾਰਾਂ ਨੂੰ





ਡਾਲਰ ਭੇਜਦੇ ਹਨ। ਇਸ ਦੇ ਨਾਲ ਹੀ ਰਾਸ਼ਟਰਪਤੀ ਟਰੰਪ ਯੂਰਪ ਅਤੇ ਚੀਨ ਨਾਲ ਹਾਲੇ ਵੀ ਤਾਲਮੇਲ ਬਿਠਾਉਣ ਦੇ ਮੂਡ ਵਿਚ ਨਜ਼ਰ ਨਹੀਂ ਆ ਰਹੇ। ਅਮਰੀਕਾ ਤੋਂ ਡੀਪੋਰਟੇਸ਼ਨ ਦਾ ਸਿਲਸਿਲਾ ਜਾਰੀ ਹੈ, ਹਾਲਾਂਕਿ ਸਰਕਾਰ ਨੇ ਹੁਣ ਖੁਦ ਆਪਣੀ ਮਰਜ਼ੀ ਨਾਲ ਅਮਰੀਕਾ ਛੱਡ ਕੇ ਜਾਣ ਵਾਲਿਆਂ ਨੂੰ ਮਾਲੀ ਮਦਦ ਦੇਣ ਦਾ ਵੀ ਐਲਾਨ ਕੀਤਾ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਮਹੱਤਵਪੂਰਨ ਕਾਨੂੰਨ, ਟੇਕ ਇਟ ਡਾਊਨ ਐਕਟ 'ਤੇ ਦਸਤਖਤ ਕੀਤੇ ਹਨ, ਜਿਸਦਾ ਉਦੇਸ਼ ਔਨਲਾਈਨ ਅਸ਼ਲੀਲ ਸਮੱਗਰੀ ਨੂੰ ਰੋਕਣਾ ਅਤੇ ਬੱਚਿਆਂ 'ਤੇ ਇਸਦੇ ਮਾੜੇ ਪ੍ਰਭਾਵ ਨੂੰ ਰੋਕਣਾ ਹੈ। ਇਹ ਕਾਨੂੰਨ ਅਮਰੀਕਾ ਦੇ ਪਹਿਲੇ ਨਵੇਂ ਸੰਘੀ ਕਾਨੂੰਨਾਂ ਵਿੱਚੋਂ ਇੱਕ ਹੈ ਜਿਸਦਾ ਉਦੇਸ਼ ਏਆਈ-ਤਿਆਰ ਕੀਤੀ ਸਮੱਗਰੀ ਕਾਰਨ ਹੋਣ ਵਾਲੇ ਸੰਭਾਵੀ ਨੁਕਸਾਨ ਨੂੰ ਹੱਲ ਕਰਨਾ ਹੈ ਕਿਉਂਕਿ ਇਹ ਤਕਨਾਲੋਜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਅਮਰੀਕਾ ਵਿੱਚ ਹੁਣ ਇੰਟਰਨੈੱਟ 'ਤੇ ਅਸ਼ਲੀਲ ਤਸਵੀਰਾਂ ਸਾਂਝੀਆਂ ਕਰਨਾ ਗੈਰ-ਕਾਨੂੰਨੀ ਹੋਵੇਗਾ। ਇਸ ਕਾਨੂੰਨ ਦਾ ਮੇਲਾਨੀਆ ਟਰੰਪ ਵੱਲੋਂ ਸਮਰਥਨ ਕੀਤਾ ਜਾਂਦਾ ਹੈ। ਅਮਰੀਕਾ ਦੀ ਪਹਿਲੀ ਮਹਿਲਾ ਮੇਲਾਨੀਆ ਟਰੰਪ ਦੇ ਸਮਰਥਨ ਵਾਲੇ ਇਸ ਕਾਨੂੰਨ ਨੂੰ ਇਤਿਹਾਸਕ ਮੰਨਿਆ ਜਾ ਰਿਹਾ ਹੈ। ਇਸ ਤਹਿਤ ਹੁਣ ਬਿਨਾਂ ਸਹਿਮਤੀ ਦੇ ਅਸ਼ਲੀਲ ਤਸਵੀਰਾਂ ਪ੍ਰਸਾਰਿਤ ਕਰਨਾ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਵ੍ਹਾਈਟ ਹਾਊਸ ਵਿਖੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨਾਲ ਮੁਲਾਕਾਤ ਕੀਤੀ ਤਾਂ ਜੋ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਦੇ ਕੁਝ ਸਭ ਤੋਂ ਵਿਵਾਦਪੂਰਨ ਮੁੱਦਿਆਂ 'ਤੇ ਚਰਚਾ ਕੀਤੀ ਜਾ ਸਕੇ, ਜਿਸ ਵਿੱਚ ਟਰੰਪ ਦੇ ਗੋਰਿਆਂ ਦੀ ਨਸਲਕੁਸ਼ੀ ਦੇ ਦਾਅਵੇ ਵੀ ਸ਼ਾਮਲ ਹਨ।

ਦੱਖਣੀ ਅਫ਼ਰੀਕਾ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਾ ਹੈ ਕਿ ਗੋਰੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਦੇਸ਼ ਵਿੱਚ ਕਤਲ ਦੀ ਦਰ ਬਹੁਤ ਜ਼ਿਆਦਾ ਹੈ, ਅਤੇ ਜ਼ਿਆਦਾਤਰ ਪੀੜਤ ਕਾਲੇ ਹਨ। ਗੱਲਬਾਤ ਦੌਰਾਨ, ਟਰੰਪ ਨੇ ਦੱਖਣੀ ਅਫ਼ਰੀਕੀ ਗੋਲਫਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਰਾਮਾਫੋਸਾ ਨੇ ਕਿਹਾ ਕਿ ਉਹ ਮਹੱਤਵਪੂਰਨ ਖਣਿਜਾਂ ਅਤੇ ਵਪਾਰ ਬਾਰੇ ਗੱਲ ਕਰਨਾ ਚਾਹੁੰਦੇ ਹਨ। ਇਸ ਦੌਰਾਨ ਟਰੰਪ ਨੇ ਇੱਕ ਵੀਡੀਓ ਚਲਾਈ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਗੋਰੇ ਲੋਕਾਂ ਦੀ ਨਸਲਕੁਸ਼ੀ ਦੇ ਸਬੂਤ ਦਿਖਾਏ ਗਏ ਹਨ। ਵੀਡੀਓ ਚੱਲਦੇ ਸਮੇਂ ਰਾਮਾਫੋਸਾ ਜ਼ਿਆਦਾਤਰ ਭਾਵਹੀਣ ਬੈਠੇ ਰਹੇ, ਕਦੇ-ਕਦੇ ਵੀਡੀਓ ਦੇਖਣ ਲਈ ਆਪਣੀ ਗਰਦਨ ਮੋੜਦੇ ਰਹੇ।

ਟਰੰਪ ਨੇ ਕਿਹਾ ਕਿ ਵੀਡੀਓ ਵਿੱਚ ਹਜ਼ਾਰਾਂ ਗੋਰੇ ਕਿਸਾਨਾਂ ਦੀਆਂ ਕਬਰਾਂ ਦਿਖਾਈਆਂ ਗਈਆਂ ਹਨ। ਰਾਮਾਫੋਸਾ ਨੇ ਕਿਹਾ ਕਿ ਉਸਨੇ ਪਹਿਲਾਂ ਅਜਿਹਾ ਕੁਝ ਨਹੀਂ ਦੇਖਿਆ ਅਤੇ ਉਹ ਜਾਣਨਾ ਚਾਹੁੰਦੇ ਹਨ ਕਿ ਉਹ ਸਥਾਨ ਕਿਹੜਾ ਹੈ। ਫਿਰ ਟਰੰਪ ਨੇ ਉਨ੍ਹਾਂ ਲੇਖਾਂ ਦੀਆਂ ਛਪੀਆਂ ਕਾਪੀਆਂ ਦਿਖਾਈਆਂ ਜਿਨ੍ਹਾਂ ਬਾਰੇ ਉਨ੍ਹਾਂ ਕਿਹਾ ਸੀ ਕਿ ਕਤਲ ਕੀਤੇ ਗਏ ਗੋਰੇ ਦੱਖਣੀ ਅਫ਼ਰੀਕੀ ਲੋਕ ਦਿਖਾਏ ਗਏ ਸਨ। ਅਮਰੀਕਾ ਨੇ ਕਤਰ ਸਰਕਾਰ ਤੋਂ 400 ਮਿਲੀਅਨ ਡਾਲਰ ਦੇ ਬੋਇੰਗ 747 ਜਹਾਜ਼ ਨੂੰ ਤੋਹਫ਼ੇ ਵਜੋਂ ਰਸਮੀ ਤੌਰ 'ਤੇ ਸਵੀਕਾਰ ਕਰ ਲਿਆ ਹੈ। ਰੱਖਿਆ ਵਿਭਾਗ ਦੇ ਬੁਲਾਰੇ ਨੇ ਬੁੱਧਵਾਰ ਨੂੰ ਇਸਦੀ ਪੁਸ਼ਟੀ ਕੀਤੀ।

ਹਾਲ ਹੀ ਵਿੱਚ ਇਹ ਖ਼ਬਰ ਆਈ ਸੀ ਕਿ ਕਤਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਬੋਇੰਗ 747 ਜਹਾਜ਼ ਤੋਹਫ਼ੇ ਵਜੋਂ ਦੇਣ ਦੀ ਪੇਸ਼ਕਸ਼ ਕੀਤੀ ਹੈ। ਟਰੰਪ ਨੇ ਇਹ ਵੀ ਕਿਹਾ ਕਿ ਕਤਰ ਵੱਲੋਂ ਜਹਾਜ਼ ਦੀ ਪੇਸ਼ਕਸ਼ ਨੂੰ ਠੁਕਰਾਉਣਾ ਮੂਰਖਤਾ ਹੋਵੇਗੀ, ਜਿਸਦੀ ਵਰਤੋਂ ਅਮਰੀਕਾ ਦੇ "ਏਅਰ ਫੋਰਸ ਵਨ" ਵਜੋਂ ਕੀਤੀ ਜਾਵੇਗੀ।

ਇਸ ਤੋਂ ਬਾਅਦ ਉਨ੍ਹਾਂ ਨੇ ਸਾਊਦੀ ਅਰਬ ਅਤੇ ਕਤਰ ਦਾ ਦੌਰਾ ਕੀਤਾ। ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਦੇ ਬੁਲਾਰੇ ਸੀਨ ਪਾਰਨੇਲ ਨੇ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਕਿਹਾ, 'ਰੱਖਿਆ ਮੰਤਰੀ ਨੇ ਸੰਘੀ ਨਿਯਮਾਂ ਅਨੁਸਾਰ, ਕਤਰ ਤੋਂ ਬੋਇੰਗ 747 ਵਿਕੋਨ ਸਵੀਕਾਰ ਕਰ ਲਿਆ ਹੈ।'

## ਚਲਦੇ-ਚਲਦੇ

ਟਰੰਪ ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਦੀ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਯੋਗਤਾ ਨੂੰ ਰੱਦ ਕਰ ਦਿੱਤਾ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਹਾਰਵਰਡ ਨੂੰ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੋਂ ਰੋਕਣ ਲਈ ਆਪਣੇ ਅਧਿਕਾਰਾਂ ਦਾ ਉਪਯੋਗ ਕਰ ਰਿਹਾ ਹੈ। ਪ੍ਰਸ਼ਾਸਨ ਨੇ ਯੂਨੀਵਰਸਿਟੀ ਨੂੰ ਸੂਚਿਤ ਕੀਤਾ ਹੈ ਕਿ ਇਹ ਕਦਮ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਚਲਾਈ ਜਾ ਰਹੀ ਜਾਂਚ ਦੇ ਤਹਿਤ ਉਠਾਇਆ ਗਿਆ ਹੈ। ਹੋਮਲੈਂਡ ਸੁਰੱਖਿਆ ਸਕੱਤਰ ਕ੍ਰਿਸਟੀ ਨੋਏਮ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਉਸ ਦੀ ਯੋਗਤਾ ਖਤਮ ਕਰ ਦਿੱਤੀ ਗਈ ਹੈ।

MST INS SERV INC
Long Haul
A Rated Market
Licensed



Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ ’ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Turning 65 Years Old?



If you've got questions, I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਪਾਕਿਸਤਾਨ ਦੀ ਹੋਂਦ ਬੜਕਾਂ ਮਾਰਨ ਵਿਚ ਨਹੀਂ



ਸੁਰਜੀਤ ਸਿੰਘ ਫਲੋਰਾ

ਰੂਸ-ਯੂਕਰੇਨ ਤੋਂ ਲੈ ਕੇ ਇਜ਼ਰਾਈਲ-ਹਮਾਸ, ਸੀਰੀਆ, ਸੂਡਾਨ ਅਤੇ ਮਿਆਂਮਾਰ ਤੱਕ ਦੁਨੀਆ ਭਰ ਵਿਚ ਟਕਰਾਅ ਚੱਲ ਰਹੇ ਹਨ। 'ਯੁੱਧ' ਸ਼ਬਦ ਤਬਾਹੀ ਦਾ ਪ੍ਰਤੀਕ ਹੈ ਜਿਸ ਦੇ ਨਤੀਜੇ ਹਮੇਸ਼ਾ ਦਿਲ ਦਹਿਲਾ ਦੇਣ ਵਾਲੇ ਹੁੰਦੇ ਹਨ ਜਦਕਿ ਕਿਸੇ ਵੀ ਦੇਸ਼ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ, ਵਿਗਿਆਨਕ ਅਤੇ ਮਾਨਸਿਕ ਵਿਕਾਸ ਲਈ ਸ਼ਾਂਤੀ ਜ਼ਰੂਰੀ ਹੁੰਦੀ ਹੈ। ਅਪ੍ਰੈਲ 2025 ਵਿਚ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਕਾਰ ਤਣਾਅ ਵਧ ਗਿਆ ਸੀ ਜਿਸ ਵਿਚ 26 ਤੋਂ ਵੱਧ ਸੈਲਾਨੀ ਮਾਰੇ ਗਏ ਸਨ। ਭਾਰਤੀਆਂ 'ਚ ਬਦਲਾ ਲੈਣ ਦੀ ਮੰਗ ਪ੍ਰਚੰਡ ਹੁੰਦੀ ਗਈ ਜਿਸ ਕਾਰਨ ਸਰਕਾਰ ਨੂੰ ਪਾਕਿਸਤਾਨ ਵਿਰੁੱਧ ਕਾਰਵਾਈ ਕਰਨੀ ਪਈ।

ਭਾਰਤ ਨੇ 'ਆਪ੍ਰੇਸ਼ਨ ਸਿੰਧੂਰ' ਨਾਲ ਜਵਾਬ ਦਿੱਤਾ ਤੇ ਜੈਸ਼-ਏ-ਮੁਹੰਮਦ ਦੇ ਹੈਡਕੁਆਰਟਰ ਸਮੇਤ ਨੌਂ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਪਾਕਿਸਤਾਨ ਨੇ ਛੇ ਭਾਰਤੀ ਹਵਾਈ ਅੱਡਿਆਂ 'ਤੇ ਡ੍ਰੋਨ ਹਮਲੇ ਕਰ ਕੇ ਜਵਾਬੀ ਕਾਰਵਾਈ ਕੀਤੀ। ਇਹ ਟਕਰਾਅ 10 ਮਈ ਤੱਕ ਵਧਦਾ ਗਿਆ। ਉਦੋਂ ਦੋਵਾਂ ਦੇਸ਼ਾਂ ਨੇ ਅਮਰੀਕੀ ਵਿਚੋਲਗੀ ਨਾਲ ਜੰਗਬੰਦੀ ਦਾ ਐਲਾਨ ਕੀਤਾ। ਪਾਕਿਸਤਾਨੀ ਅੱਤਵਾਦੀ ਮਸੂਦ ਅਜ਼ਹਰ ਨੇ ਆਪ੍ਰੇਸ਼ਨ ਸਿੰਧੂਰ ਦੌਰਾਨ ਆਪਣੇ 10 ਪਰਿਵਾਰਕ ਮੈਂਬਰਾਂ ਨੂੰ ਗੁਆ



ਦਿੱਤਾ। ਉਸ ਨੇ ਆਪਣੇ ਚਾਰ ਸਹਾਇਕਾਂ ਨੂੰ ਵੀ ਗੁਆ ਦਿੱਤਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਠੰਢੀ ਜੰਗ ਦੌਰਾਨ ਸੰਯੁਕਤ ਰਾਜ ਅਮਰੀਕਾ ਅਤੇ ਬ੍ਰਿਟੇਨ ਲਈ ਅੱਤਵਾਦ ਨੂੰ ਉਤਸ਼ਾਹਤ ਕਰਨ ਵਿਚ ਆਪਣੇ ਦੇਸ਼ ਦੀ ਭੂਮਿਕਾ ਨੂੰ ਸਪਸ਼ਟ ਤੌਰ 'ਤੇ ਸਵੀਕਾਰ ਕੀਤਾ ਹੈ। ਖ਼ਾਸ ਤੌਰ 'ਤੇ 1970 ਤੇ 1980 ਦੇ ਦਹਾਕੇ ਵਿਚ ਸੋਵੀਅਤ ਯੂਨੀਅਨ ਨੂੰ ਨਿਸ਼ਾਨਾ ਬਣਾਇਆ ਤੇ ਭਾਰਤ ਵਿਰੁੱਧ ਅਜਿਹੇ ਯਤਨ ਅੱਜ ਵੀ ਜਾਰੀ ਹਨ ਜੋ ਸ਼ਰੇਆਮ ਪਾਕਿਸਤਾਨ ਦੀ ਧਰਤੀ ਤੋਂ ਚੱਲ ਰਹੇ ਹਨ। ਭਾਵੇਂ ਭਾਰਤ ਨੂੰ ਸੀਮਤ ਵਿਕਲਪਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਕ ਅਹਿਮ ਨਪਿਆ-ਤੁਲਿਆ ਜਵਾਬ ਦੇਣਾ ਚੁਣਿਆ। ਭਾਰਤ ਨੇ ਪਾਕਿਸਤਾਨੀ ਫ਼ੌਜ ਦੀ ਬਜਾਏ ਅੱਤਵਾਦੀ ਟਿਕਾਣਿਆਂ 'ਤੇ ਧਿਆਨ ਕੇਂਦਰਿਤ ਕੀਤਾ। ਭਾਰਤ ਨੇ ਨਾਗਰਿਕਾਂ ਦੀ ਮੌਤ ਨੂੰ ਰੋਕਣ ਲਈ ਵਿਆਪਕ ਉਪਾਅ ਕੀਤੇ। ਪਾਕਿਸਤਾਨ ਦੇ ਉਲਟ, ਭਾਰਤ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਕਰਦਾ ਹੈ। ਪਾਕਿਸਤਾਨ ਉਸ ਯੁੱਗ ਦੀ ਇੱਛਾ ਰੱਖਦਾ ਹੈ ਜਦੋਂ ਉਹ ਵਾਸ਼ਿੰਗਟਨ ਤੇ ਲੰਡਨ ਲਈ ਇਕ ਰਣਨੀਤਕ ਸੰਪਤੀ ਵਜੋਂ ਕੰਮ ਕਰਦਾ ਸੀ ਕਿਉਂਕਿ ਉਹ ਯੁੱਗ ਉਸ ਤੇ ਉਸ ਦੀ ਤਾਨਾਸ਼ਾਹੀ ਫ਼ੌਜ ਲਈ ਮਾਲੀਆ ਪੈਦਾ ਕਰਦਾ ਸੀ। ਟਰੰਪ ਵੱਲੋਂ ਜੰਗਬੰਦੀ ਦਾ ਐਲਾਨ ਕਰਦਿਆਂ ਹੀ ਕੁਝ ਲੋਕਾਂ ਨੇ ਇਸ ਦਾ ਜਸ਼ਨ ਮਨਾਇਆ ਜਦਕਿ ਕਈਆਂ ਨੇ ਭਾਰਤ-ਪਾਕਿ ਟਕਰਾਅ ਵਿਚ ਅਮਰੀਕਾ ਦੀ ਸ਼ਮੂਲੀਅਤ 'ਤੇ ਸਵਾਲ ਉਠਾਏ। ਇਸ ਨੂੰ ਭਾਰਤ ਦੀ ਹਾਰ ਵਜੋਂ ਗ਼ਲਤ ਢੰਗ ਨਾਲ ਪੇਸ਼ ਕੀਤਾਗਿਆ। ਰੱਖਿਆ ਮਾਹਿਰ ਸਪਸ਼ਟ ਕਰਦੇ ਹਨ ਕਿ ਜੰਗਬੰਦੀ ਜਿੱਤ ਜਾਂ ਹਾਰ ਬਾਰੇ ਨਹੀਂ ਹੈ-ਇਹ ਜੀਵਨ ਅਤੇ ਆਰਥਿਕਤਾ ਨੂੰ ਸੁਰੱਖਿਅਤ ਰੱਖਣ ਬਾਰੇ ਹੈ। ਜੰਗ ਕਰਫਿਊ ਤੇ ਬਲੈਕਆਊਟ ਨਾਲ ਸਮਾਜ ਨੂੰ ਅਧਰੰਗ ਕਰ ਦਿੰਦੀ ਹੈ। ਦੁਕਾਨਾਂ ਬੰਦ ਹੋ ਰਹੀਆਂ ਸਨ ਅਤੇ ਜਾਨ-ਮਾਲ ਦਾ ਭਾਰੀ ਨੁਕਸਾਨ ਹੋਣ ਦਾ ਖ਼ਦਸ਼ਾ ਵਧ ਗਿਆ ਸੀ। ਭਾਰਤ ਨੂੰ ਖ਼ਾਸ ਤੌਰ 'ਤੇ ਸ਼ਾਂਤੀ ਦੀ ਲੋੜ ਹੈ ਕਿਉਂਕਿ ਉਹ ਉਸ ਪ੍ਰਤੀ ਦੁਸ਼ਮਣੀ ਰੱਖਦੇ ਗੁਆਂਢੀਆਂ ਨਾਲ ਘਿਰਿਆ ਹੋਇਆ ਹੈ ਅਤੇ 1947 ਤੋਂ ਕਈ ਟਕਰਾਅ ਹੰਢਾ ਚੁੱਕਾ ਹੈ ਅਤੇ ਹੁਣ ਵੀ ਵੱਡੇ ਟਕਰਾਅ ਦਾ ਸਾਹਮਣਾ ਕਰ ਰਿਹਾ ਹੈ। ਵੱਡੀਆਂ ਵਿਦੇਸ਼ੀ ਸ਼ਕਤੀਆਂ ਹਥਿਆਰ ਵੇਚ ਕੇ ਮੁਨਾਫ਼ਾ ਕਮਾਉਂਦੀਆਂ ਹਨ ਤੇ ਖੇਤਰੀ ਅਰਥ-ਵਿਵਸਥਾਵਾਂ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਪਰਮਾਣੂ ਸਮਰੱਥਾਵਾਂ ਇਸ ਟਕਰਾਅ ਨੂੰ ਸੰਭਾਵੀ ਤੌਰ 'ਤੇ ਵਿਨਾਸ਼ਕਾਰੀ ਬਣਾਉਂਦੀਆਂ ਹਨ ਜਿਵੇਂ ਹੀਰੋਸ਼ੀਮਾ ਅਤੇ ਨਾਗਾਸਾਕੀ ਸਾਨੂੰ ਯਾਦ ਦਿਵਾਉਂਦੇ ਹਨ।

ਸ਼ਾਂਤੀ ਹਉਮੈ ਨਾਲੋਂ ਵੱਧ ਮਾਅਨੇ ਰੱਖਦੀ ਹੈ। ਸੋਸ਼ਲ ਮੀਡੀਆ 'ਤੇ ਟਕਰਾਅ ਦੀ ਵਡਿਆਈ ਕਰਨ ਵਾਲਿਆਂ ਨੇ ਕਦੇ ਇਸ ਦਾ ਅਨੁਭਵ ਨਹੀਂ ਕੀਤਾ। ਸਰਹੱਦੀ ਪਿੰਡ ਵਾਸੀਆਂ ਨੂੰ ਲਗਾਤਾਰ ਖ਼ਤਰੇ ਹੇਠ ਰਹਿਣਾ ਪੈਂਦਾ ਹੈ। ਮੀਡੀਆ ਨੂੰ ਗ਼ਲਤ ਜਾਣਕਾਰੀ ਫੈਲਾਉਣ ਦੀ ਬਜਾਏ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ। ਹਰ ਭਾਰਤੀ ਪਹਿਲਗਾਮ ਪੀੜਤਾਂ ਦਾ ਸੋਗ ਮਨਾਉਂਦਾ ਹੈ ਪਰ ਸ਼ਾਂਤੀ ਲਈ ਸਰਕਾਰੀ ਮਾਰਗਦਰਸ਼ਨ ਦੀ ਪਾਲਣਾ ਕਰਨੀ ਮਹੱਤਵਪੂਰਨ ਹੈ। ਦਰਅਸਲ, ਇਸ ਹਮਲੇ ਨਾਲ ਭਾਰਤ ਨੇ ਦੁਨੀਆ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਇਕ ਕਮਜ਼ੋਰ ਦੇਸ਼ ਨਹੀਂ ਹੈ ਤੇ ਰਾਸ਼ਟਰੀ ਸੁਰੱਖਿਆ ਬਾਰੇ ਅਮਰੀਕਾ ਜਾਂ ਚੀਨ ਤੋਂ ਡਰਦਾ ਨਹੀਂ ਹੈ।

# ਦਹਿਸ਼ਤਗਰਦੀ ਦੇ ਮੋਰਚੇ 'ਤੇ ਪਾਕਿਸਤਾਨ ਲਈ ਚਿਤਾਵਨੀ

ਲੈਫ਼ਟੀਨੈਂਟ ਜਨਰਲ ਡੀਐੱਸ ਹੁੱਡਾ (ਸੇਵਾਮੁਕਤ)

ਛੇ ਤੇ ਸੱਤ ਮਈ ਦੀ ਰਾਤ ਨੂੰ ਭਾਰਤ ਨੇ ਅਪਰੇਸ਼ਨ ਸਿੰਧੂਰ ਲਾਂਚ ਕੀਤਾ, ਜਿਸ ਤਹਿਤ ਪਾਕਿਸਤਾਨ 'ਚ ਦਹਿਸ਼ਤੀ ਢਾਂਚੇ 'ਤੇ ਲੜੀਵਾਰ ਫੌਜੀ ਹੱਲੇ ਬੋਲੇ ਗਏ। ਨੌਂ ਅਤਿਵਾਦੀ ਕੈਂਪ ਤਬਾਹ ਹੋ ਗਏ, ਜਿਨ੍ਹਾਂ ਵਿਚ ਪੰਜ ਮਕਬੂਜ਼ਾ ਕਸ਼ਮੀਰ ਤੇ ਚਾਰ ਪੰਜਾਬ ਸੂਬੇ 'ਚ ਸਨ। ਸਭ ਤੋਂ ਅਹਿਮ ਨਿਸ਼ਾਨਾ ਮੁਰੀਦਕੇ ਅਤੇ ਬਹਾਵਲਪੁਰ ਸੀ।

ਮੁਰੀਦਕੇ, ਜੋ ਲਾਹੌਰ ਤੋਂ 40 ਕਿਲੋਮੀਟਰ ਦੂਰ ਹੈ, ਲਸ਼ਕਰ-ਏ-ਤੋਇਬਾ ਤੇ ਇਸ ਦੀ ਫਰੰਟ ਇਕਾਈ ਜਮਾਤ-ਉਦ-ਦਾਵਾ ਦਾ ਹੈਡਕੁਆਰਟਰ ਹੈ। 'ਦਿ ਰਿਜ਼ਿਸਟੈਂਸ ਫਰੰਟ' (ਟੀਆਰਐਫ), ਜਿਸ ਨੇ ਪਹਿਲਾਂ ਪਹਿਲਗਾਮ ਕਤਲੇਆਮ ਦੀ ਜ਼ਿੰਮੇਵਾਰੀ ਲਈ ਸੀ, ਲਸ਼ਕਰ ਨਾਲ ਜੁੜੇ ਹੋਣ ਲਈ ਜਾਣੀ ਜਾਂਦੀ ਹੈ। ਬਹਾਵਲਪੁਰ ਜੈਸ਼-ਏ-ਮੁਹੰਮਦ ਦਾ ਟਿਕਾਣਾ ਹੈ, ਜੋ ਜਾਮੀਆ ਮਸਜਿਦ ਸੁਭਾਨ ਅੱਲ੍ਹਾ ਕੰਪਲੈਕਸ ਵਿਚੋਂ ਚੱਲਦੀ ਹੈ, ਇਹ ਉਸਮਾਨ- -ਅਲੀ ਕੈਂਪਸ ਵਜੋਂ ਵੀ ਮਸ਼ਹੂਰ ਹੈ।



ਅਪਰੇਸ਼ਨ ਸਿੰਧੂਰ ਸਾਲ 2016 ਤੇ 2019 ਵਿਚ ਕੀਤੇ ਸਰਹੱਦ-ਪਾਰ ਵਾਰਾਂ ਨਾਲੋਂ ਪੱਧਰ ਤੇ ਘੇਰੇ 'ਚ ਕਿਤੇ ਵੱਡਾ ਹੈ। ਜਿਹੜਾ ਸੁਨੇਹਾ ਇਸ ਨੇ ਦਿੱਤਾ ਹੈ, ਉਹ ਵੀ ਜ਼ਿਆਦਾ ਸ਼ਕਤੀਸ਼ਾਲੀ ਤੇ ਇਕਸੁਰ ਹੈ; ਤੇ ਇਸ ਸੁਨੇਹੇ ਵਿਚ ਪਾਕਿਸਤਾਨ ਨਾਲ ਨਜਿੱਠਣ ਦੀ ਭਾਰਤ ਦੀ ਭਵਿੱਖੀ ਰਣਨੀਤੀ 'ਚ ਕੁਝ ਅਹਿਮ ਬਦਲਾਅ ਹਨ।

ਪਹਿਲਾ ਇਹ ਕਿ ਵੱਡੇ ਅਤਿਵਾਦੀ ਹਮਲਿਆਂ ਲਈ ਸਖ਼ਤ ਸਜ਼ਾ ਮਿਲੇਗੀ। ਕਿਉਂਕਿ 2016 ਤੇ 2019 ਦੇ ਭਾਰਤੀ ਹੱਲੇ ਸੀਮਤ ਸਨ, ਇਸ ਲਈ ਇਹ ਪਾਕਿਸਤਾਨ ਨੂੰ, ਅਤਿਵਾਦ ਨੂੰ ਸਰਕਾਰੀ ਨੀਤੀ ਦਾ ਇਕ ਸਾਧਨ ਬਣਾ ਕੇ ਵਰਤਣ ਤੋਂ ਰੋਕ ਨਹੀਂ ਸਕੇ, ਪਰ ਹੁਣ ਸਭ ਤੋਂ ਜ਼ਿਆਦਾ ਦਰਦ ਉਨ੍ਹਾਂ ਨੂੰ ਹੋ ਰਿਹਾ ਹੋਵੇਗਾ ਜਿਹੜੇ ਅਤਿਵਾਦ ਦੀ ਇਸ ਮੁਹਿੰਮ ਨੂੰ ਸਿੱਧੇ ਤੌਰ 'ਤੇ ਸੰਭਾਲ ਰਹੇ ਸਨ। ਜੇ ਪਾਕਿਸਤਾਨੀ ਫੌਜ ਅਤਿਵਾਦੀਆਂ ਦੀ ਲੀਡਰਸ਼ਿਪ ਨੂੰ ਨਕੇਲ ਪਾਉਣ ਦੀ ਚਾਹਵਾਨ ਨਹੀਂ ਹੈ, ਤਾਂ ਭਾਰਤ ਸੈਨਿਕ ਸਾਜ਼ੋ-ਸਾਮਾਨ ਦੀ ਵਰਤੋਂ ਕਰ ਕੇ ਅਜਿਹਾ ਕਰੇਗਾ।

ਭਾਰਤ ਨੇ ਲੰਮਾ ਸਮਾਂ ਰਣਨੀਤਕ ਸੰਜਮ ਦਾ ਰੁਖ਼ ਅਖ਼ਤਿਆਰ ਕਰ ਕੇ ਰੱਖਿਆ। ਹਾਲਾਂਕਿ ਬਦਲ ਰਹੀ ਸੁਰੱਖਿਆ ਸਥਿਤੀ ਕਰ ਕੇ, ਖਾਸ ਤੌਰ 'ਤੇ ਭਿਆਨਕ ਪਹਿਲਗਾਮ ਹਮਲੇ ਤੋਂ ਬਾਅਦ, ਨਵੇਂ ਸਿਰਿਓਂ ਰਣਨੀਤੀ ਘੜਨ ਦੀ ਲੋੜ ਪਈ ਹੈ। ਬਹਾਵਲਪੁਰ ਤੇ ਮੁਰੀਦਕੇ ਵਰਗੀਆਂ ਧੁਰ ਅੰਦਰਲੀਆਂ ਥਾਵਾਂ 'ਤੇ ਹਮਲਾ ਕਰ ਕੇ ਭਾਰਤ ਨੇ ਸੰਕੇਤ ਦਿੱਤਾ ਹੈ ਕਿ ਇਹ ਹੁਣ ਮਹਿਜ਼ ਜਵਾਬੀ ਕਾਰਵਾਈ ਨੂੰ ਕਾਫ਼ੀ ਨਹੀਂ ਮੰਨਦਾ। ਨਵੀਂ ਪਹੁੰਚ ਦਾ ਉਦੇਸ਼ ਉਨ੍ਹਾਂ ਦੀਆਂ ਸੁਵਿਧਾਜਨਕ ਗਿਣਤੀਆਂ-ਮਿਣਤੀਆਂ ਨੂੰ ਵਿਗਾੜਨਾ ਹੈ ਜਿਹੜੇ ਸਰਹੱਦ ਪਾਰੋਂ ਅਤਿਵਾਦ ਨੂੰ ਸ਼ਹਿ ਦਿੰਦੇ ਹਨ।

ਅਪਰੇਸ਼ਨ ਸਿੰਧੂਰ 'ਤੇ ਜਾਣਕਾਰੀ ਦਿੰਦਿਆਂ ਸਰਕਾਰ ਨੇ, ਪਹਿਲਾਂ ਹੋਏ ਦਹਿਸ਼ਤੀ ਹਮਲਿਆਂ (2001 ਦੇ ਸੰਸਦੀ ਹਮਲੇ ਤੋਂ ਲੈ ਕੇ 2008 ਦੇ ਮੁੰਬਈ ਹਮਲੇ, ਉੜੀ 2016, ਪੁਲਵਾਮਾ 2019 ਤੇ ਪਹਿਲਗਾਮ ਹਮਲੇ) ਦਾ ਚਾਰਟ ਵੀ ਦਿਖਾਇਆ, ਜਿਸ ਰਾਹੀਂ ਸਰਹੱਦ-ਪਾਰੋਂ ਹੁੰਦੇ ਅਤਿਵਾਦ ਦੀ ਚੁਕਾਈ ਜਾਂਦੀ ਕੀਮਤ ਨੂੰ ਉਭਾਰ ਕੇ ਪੇਸ਼ ਕੀਤਾ ਗਿਆ; ਤੇ ਇਸ ਤੋਂ ਬਾਅਦ ਸੁਨੇਹਾ ਫਲੈਸ਼ ਕੀਤਾ ਗਿਆ "... ਬਸ ਹੋਰ ਨਹੀਂ"। ਇਹ ਸਭ ਭਾਵੇਂ ਨਾਟਕੀ ਲੱਗ ਸਕਦਾ ਹੈ, ਪਰ ਇਹ ਭਾਰਤ ਦੇ ਅਹਿਦ ਨੂੰ ਉਭਾਰਦਾ ਹੈ ਕਿ ਇਹ ਹੁਣ ਪਾਕਿਸਤਾਨੀ ਧਰਤੀ ਤੋਂ ਉੱਠਦੇ ਅਤਿਵਾਦ ਨੂੰ ਹੋਰ ਬਰਦਾਸ਼ਤ ਨਹੀਂ ਕਰੇਗਾ। ਦੂਜਾ, ਪਾਕਿਸਤਾਨੀ ਸੈਨਾ ਕੋਲ ਦੋ ਬਦਲ ਹਨ। ਇਸ ਨੂੰ ਜਾਂ ਤਾਂ ਮਿਲਟਰੀ-ਜਹਾਦ ਕੰਪਲੈਕਸ ਦੀ ਮਜ਼ਬੂਤ ਨੀਂਹ ਪੁੱਟਣੀ ਪਏਗੀ, ਜਿਸ ਨੂੰ ਇਸ ਨੇ ਲੰਮਾ ਸਮਾਂ ਸਹਾਰਾ ਦਿੱਤਾ ਹੈ, ਜਾਂ ਫੇਰ ਭਾਰਤ ਨਾਲ ਤਬਾਹਕੁਨ ਟਕਰਾਅ ਮੁੱਲ ਲੈਣਾ ਪਏਗਾ, ਜਿਹੜਾ ਪਾਕਿਸਤਾਨ ਵਰਗੇ ਸੰਕਟਗ੍ਰਸਤ ਮੁਲਕ ਨੂੰ ਹੋਰ ਅਸਥਿਰਤਾ ਤੇ ਖ਼ਤਰੇ 'ਚ ਫਸਾ ਦੇਵੇਗਾ।

ਦਹਾਕਿਆਂ ਤੱਕ ਪਾਕਿਸਤਾਨੀ ਫੌਜ ਨੇ ਜਹਾਦੀ ਗਰੁੱਪਾਂ ਨੂੰ ਰਣਨੀਤਕ ਅਸਾਸਿਆਂ ਵਜੋਂ ਸਾਂਭਿਆ ਹੈ ਤੇ ਭਾਰਤ ਖਿਲਾਫ਼ ਵਰਤਿਆ ਹੈ, ਪਰ ਨਾਲ ਹੀ ਇਸ ਸਭ ਤੋਂ ਇਨਕਾਰੀ ਵੀ ਰਹੀ ਹੈ। ਅਪਰੇਸ਼ਨ ਸਿੰਧੂਰ ਦੇ ਨਾਲ, ਭਾਰਤ ਇਹ ਸਾਫ਼ ਕਰ ਰਿਹਾ ਹੈ ਕਿ ਸਰਕਾਰ ਤੇ ਇਸ ਦੇ ਉਨ੍ਹਾਂ ਰੂਪਾਂ (ਪਰੌਕਸੀ) ਵਿਚ ਕੋਈ ਫ਼ਰਕ ਨਹੀਂ ਹੈ, ਜਿਨ੍ਹਾਂ ਨੂੰ ਇਹ ਸ਼ਹਿ ਦੇ ਰਹੀ ਹੈ। ਰੇਖਾਵਾਂ ਫਿੱਕੀਆਂ ਕਰਨ ਦਾ ਇਹ ਕਦਮ ਸੋਚ ਕੇ ਚੁੱਕਿਆ ਗਿਆ ਹੈ। ਪੰਜਾਬ ਵਿਚ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਨੇ ਸੰਕੇਤ ਦਿੱਤਾ ਹੈ ਕਿ ਸੁਰੱਖਿਅਤ ਲੁਕਣਗਾਹਾਂ ਹੁਣ ਬਚ ਨਹੀਂ ਸਕਣਗੀਆਂ, ਭਾਵੇਂ ਉਨ੍ਹਾਂ ਦਾ ਰਾਜਨੀਤਕ ਜੁੜਾਅ ਕਿਹੋ ਜਿਹਾ ਵੀ ਹੋਵੇ।

ਮੀਡੀਆ ਨੂੰ ਜਾਣਕਾਰੀ ਦਿੰਦਿਆਂ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਦੀ "ਕਾਰਵਾਈ ਸੰਤੁਲਿਤ, ਕੇਂਦਰਿਤ, ਗੈਰ-ਉਤੇਜਿਤ ਤੇ ਜ਼ਿੰਮੇਵਾਰਾਨਾ ਸੀ। ਇਸ ਨੇ ਦਹਿਸ਼ਤੀ ਨੈੱਟਵਰਕ ਨੂੰ ਨਿਸ਼ਾਨਾ ਬਣਾਇਆ ਤੇ ਉਨ੍ਹਾਂ ਅਤਿਵਾਦੀਆਂ ਨੂੰ ਖ਼ਤਮ ਕੀਤਾ ਜਿਨ੍ਹਾਂ ਨੂੰ ਭਾਰਤ ਭੇਜਿਆ ਜਾ ਸਕਦਾ ਸੀ।" ਇਹ ਪਾਕਿਸਤਾਨ ਨੂੰ ਸੂਖਮ ਸੁਨੇਹਾ ਸੀ ਕਿ ਤਣਾਅ ਨੂੰ ਕਾਬੂ 'ਚ ਰੱਖਿਆ ਜਾ ਸਕਦਾ ਹੈ ਜੇਕਰ ਇਹ ਕਿਸੇ ਜਵਾਬੀ ਫੌਜੀ ਕਾਰਵਾਈ ਤੋਂ ਗੁਰੇਜ਼ ਕਰੇ, ਤੇ ਭਵਿੱਖ 'ਚ ਅਤਿਵਾਦੀ ਗਤੀਵਿਧੀਆਂ ਉਤੇ ਨਜ਼ਰ ਰੱਖੇ। ਪਾਕਿਸਤਾਨੀ ਸੈਨਾ ਨੇ ਇਸ ਸੁਨੇਹੇ 'ਤੇ ਗੌਰ ਕੀਤਾ ਹੈ ਜਾਂ ਨਹੀਂ, ਇਸ ਬਾਰੇ ਕੁਝ ਪੱਕਾ ਨਹੀਂ।

ਤੀਜਾ, ਭਾਰਤ ਸਪੱਸ਼ਟ ਹੈ ਕਿ ਪਰਮਾਣੂ ਟਕਰਾਅ ਤੋਂ ਹੇਠਾਂ ਸੀਮਤ ਕਾਰਵਾਈ ਦੀ ਗੁੰਜਾਇਸ਼ ਹੈ। ਜਦ ਵੀ ਭਾਰਤ-ਪਾਕਿਸਤਾਨ ਸੰਕਟ ਦੀ ਗੱਲ ਆਉਂਦੀ ਹੈ ਤਾਂ ਪਾਕਿਸਤਾਨ ਪਹਿਲੇ ਹੱਲੇ ਹੀ ਆਪਣਾ ਪਰਮਾਣੂ ਪੱਤਾ ਖੇਡ ਦਿੰਦਾ ਹੈ। ਮੰਤਰੀ ਹਨੀਫ਼ ਅੱਬਾਸੀ ਨੇ ਕਿਹਾ ਕਿ ਜੇ ਭਾਰਤ ਸਿੰਧੂ ਜਲ ਸੰਧੀ ਰੱਦ ਕਰ ਕੇ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਬੰਦ ਕਰਦਾ ਹੈ ਤਾਂ ਇਸਲਾਮਾਬਾਦ ਪਰਮਾਣੂ ਹਥਿਆਰਾਂ ਨਾਲ ਹਮਲਾ ਕਰਨ ਲਈ ਤਿਆਰ ਹੋਵੇਗਾ। ਰੂਸ ਵਿਚ ਪਾਕਿਸਤਾਨ ਦੇ ਰਾਜਦੂਤ ਮੁਹੰਮਦ ਖਾਲਿਦ ਜਮਾਲੀ ਨੇ ਵੀ ਇਹੀ ਧਮਕੀ ਦਿੱਤੀ।

ਭਾਰਤ ਹੁਣ ਆਪਣੇ ਆਪ ਨੂੰ ਪਾਕਿਸਤਾਨ ਦੇ ਪਰਮਾਣੂ ਬਲੈਕਮੇਲ ਨਾਲ ਬੰਨ੍ਹਿਆ ਹੋਇਆ ਨਹੀਂ ਦੇਖਦਾ। ਅਪਰੇਸ਼ਨ ਸਿੰਧੂਰ ਰਾਹੀਂ ਪੰਜਾਬ ਦੇ ਧੁਰ ਅੰਦਰ ਹੱਲਾ ਬੋਲ ਕੇ ਇਸ ਨੇ ਹਵਾਈ ਤਾਕਤ ਦੀ ਵਰਤੋਂ 'ਚ ਨਵਾਂ ਮਿਆਰ ਸਥਾਪਿਤ ਕੀਤਾ ਹੈ, ਜਿਸ ਨੂੰ ਕਿਸੇ ਵੇਲੇ ਦਹਿਸ਼ਤੀ ਹਮਲਿਆਂ ਦੇ ਜਵਾਬ 'ਚ ਬੇਹੱਦ ਖ਼ਤਰਨਾਕ ਤੇ ਉਤੇਜਿਤ ਕਰਨ ਵਾਲਾ ਮੰਨਿਆ ਜਾਂਦਾ ਸੀ। ਚੌਥਾ, ਦਹਿਸ਼ਤਗਰਦੀ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਸਾਬਿਤ ਕਰਨ ਲਈ ਆਲਮੀ ਖੇਮਿਆਂ 'ਚ ਭਾਰਤ ਤੋਂ ਸਬੂਤਾਂ ਦੀ ਹੁੰਦੀ ਰਹੀ ਮੰਗ ਦਾ ਸਮਾਂ ਵੀ ਪੁੱਗ ਗਿਆ ਹੈ। ਭਾਰਤ ਦਹਾਕਿਆਂ ਤੋਂ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਦਾ ਸ਼ਿਕਾਰ ਰਿਹਾ ਹੈ। ਸਮੱਸਿਆ ਉਹ ਨਹੀਂ ਹਨ ਜਿਹੜੇ ਹਮਲਿਆਂ ਨੂੰ ਅੰਜਾਮ ਦਿੰਦੇ ਹਨ, ਬਲਕਿ ਪਾਕਿਸਤਾਨ ਦੀ ਅਤਿਵਾਦੀ ਤੇ ਫੌਜੀ ਲੀਡਰਸ਼ਿਪ ਹੈ ਜਿਹੜੀ ਉਨ੍ਹਾਂ ਨੂੰ ਪਾਲਦੀ ਹੈ। ਪੁਖ਼ਤਾ ਸਬੂਤਾਂ ਦੀ ਮੰਗ 'ਪਰੌਕਸੀ' ਜੰਗ ਦੇ ਸਰੂਪ ਨੂੰ ਨਜ਼ਰਅੰਦਾਜ਼ ਕਰਦੀ ਹੈ। ਭਾਰਤ 'ਚ ਹੋਏ ਹਮਲਿਆਂ ਦੀ ਨਿਰੰਤਰਤਾ, ਕਸੂਰਵਾਰਾਂ ਦੀ ਸ਼ਨਾਖ਼ਤ, ਉਨ੍ਹਾਂ ਦੀ ਸਿਖਲਾਈ, ਵਿਚਾਰਧਾਰਕ ਬਿਰਤਾਂਤ ਤੇ ਫੰਡਿੰਗ ਇਕ ਅਜਿਹੇ ਢਾਂਚੇ ਵੱਲ ਇਸ਼ਾਰਾ ਕਰਦੇ ਹਨ ਜਿਹੜਾ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਚੱਲ ਹੀ ਨਹੀਂ ਸਕਦਾ।

ਪੰਜਵਾਂ, ਕੌਮਾਂਤਰੀ ਭਾਈਚਾਰੇ ਨੂੰ ਵੀ ਸੁਨੇਹਾ ਗਿਆ ਹੈ। ਭਾਰਤ ਵਿਚ ਸੰਯੁਕਤ ਰਾਸ਼ਟਰ ਵਰਗੀਆਂ ਆਲਮੀ ਸੰਸਥਾਵਾਂ ਨੂੰ ਲੈ ਕੇ ਨਿਰਾਸ਼ਾ ਹੈ ਕਿਉਂਕਿ ਉਹ ਪਾਕਿਸਤਾਨ ਨੂੰ ਦਹਿਸ਼ਤਗਰਦੀ ਲਈ ਜਵਾਬਦੇਹ ਨਹੀਂ ਬਣਾ ਸਕੀਆਂ। ਕੌਮਾਂਤਰੀ ਰਾਇ ਤੇ ਕੂਟਨੀਤਕ ਹਮਾਇਤ ਭਾਵੇਂ ਮਹੱਤਵਪੂਰਨ ਹੈ, ਪਰ ਜਦ ਭਾਰਤ ਪਾਕਿਸਤਾਨ ਦੇ ਅਤਿਵਾਦ ਖਿਲਾਫ਼ ਕਾਰਵਾਈ ਦੇ ਬਦਲ ਚੁਣਦਾ ਹੈ ਤਾਂ ਇਹ ਪ੍ਰਮੁੱਖ ਨੁਕਤਿਆਂ ਵਿਚ ਸ਼ਾਮਲ ਨਹੀਂ ਹੈ।

ਅਪਰੇਸ਼ਨ ਸਿੰਧੂਰ ਨੇ ਨਵੇਂ ਸਿਧਾਂਤਕ ਮਿਆਰ ਸਥਾਪਿਤ ਕੀਤੇ ਹਨ: ਦਹਿਸ਼ਤੀ ਢਾਂਚਾ ਤਬਾਹ ਕੀਤਾ ਜਾਵੇਗਾ, ਪਰਮਾਣੂ ਧਮਕੀਆਂ 'ਪਰੌਕਸੀ' ਲਾਉਣ ਵਾਲਿਆਂ ਨੂੰ ਬਚਾ ਨਹੀਂ ਸਕਣਗੀਆਂ, ਆਲਮੀ ਭਾਈਚਾਰੇ ਦੀ ਨੈਤਿਕ ਦੁਚਿੱਤੀ ਭਾਰਤ ਦੀਆਂ ਖ਼ੁਦਮੁਖਤਿਆਰ ਚੋਣਾਂ ਤੋਂ ਉਤੇ ਨਹੀਂ ਜਾਵੇਗੀ, ਤੇ ਪਾਕਿਸਤਾਨੀ ਫ਼ੌਜ ਨੂੰ ਜਹਾਦੀ ਗਰੁੱਪਾਂ ਨਾਲ ਆਪਣੀ ਲੰਮੀ ਨੇੜਤਾ ਦੇ ਸਿੱਟਿਆਂ ਦਾ ਅਹਿਸਾਸ ਜ਼ਰੂਰ ਕਰਾਇਆ ਜਾਵੇਗਾ। ਬਦਕਿਸਮਤੀ ਨਾਲ, ਇਹ ਦੱਖਣ ਏਸ਼ੀਆ ਦੀ ਸਥਿਰਤਾ ਨੂੰ ਸੱਟ ਮਾਰਦਾ ਹੈ। ਜੇ ਪਾਕਿਸਤਾਨ ਅਤਿਵਾਦ ਨੂੰ ਸਰਕਾਰੀ ਨੀਤੀ ਦੇ ਤੌਰ 'ਤੇ ਵਰਤਦਾ ਰਹਿੰਦਾ ਹੈ, ਤਾਂ ਆਪਣੀ ਭਵਿੱਖੀ ਉਡਾਰੀ ਬਾਰੇ ਕੌੜੀਆਂ ਸੱਚਾਈਆਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਹੇ।

# ਪਾਕਿਸਤਾਨ ਦੇ ਹਾਰਨ ਕਾਰਨ ਹੋਰ ਵਧੀ ਹੈ ਚੀਨ ਦੀ ਸਮੱਸਿਆ

ਭਾਰਤ ਨਾਲ ਫ਼ੌਜੀ ਟਕਰਾਅ ਵਿਚ ਆਪਣੇ ਸਦਾਬਹਾਰ ਦੋਸਤ ਪਾਕਿਸਤਾਨ ਦੇ ਬੁਰੀ ਤਰ੍ਹਾਂ ਮਾਤ ਖਾਣ ਤੋਂ ਚੀਨ ਕਿਸ ਤਰ੍ਹਾਂ ਬੌਖਲਾਇਆ ਹੋਇਆ ਹੈ, ਇਸ ਦਾ ਪਤਾ ਇਸ ਤੋਂ ਵੀ ਲੱਗਦਾ ਹੈ ਕਿ ਉਸ ਨੇ ਅਰੁਣਾਚਲ ਦੇ 27 ਸਥਾਨਾਂ ਦੇ ਚੀਨੀ ਨਾਂ ਰੱਖ ਦਿੱਤੇ। ਇਨ੍ਹਾਂ ਵਿਚ ਰਿਹਾਇਸ਼ੀ ਦੇ ਨਾਲ-ਨਾਲ ਪਹਾੜ ਅਤੇ ਨਦੀਆਂ ਵੀ ਹਨ। ਇਹ ਧਿਆਨ ਰਹੇ ਕਿ ਉਹ ਅਰੁਣਾਚਲ ਨੂੰ ਪਹਿਲਾਂ ਹੀ ਚੀਨੀ ਨਾਂ ਦੇ ਚੁੱਕਾ ਹੈ। ਕੀ ਇਹ ਹਾਸੋਹੀਣਾ ਨਹੀਂ ਕਿ ਪਹਿਲਾਂ ਤਾਂ ਉਸ ਨੇ ਅਰੁਣਾਚਲ ਨੂੰ ਚੀਨੀ ਨਾਂ ਦਿੱਤਾ ਤੇ ਫਿਰ ਉਸ ਦੇ ਅਲੱਗ-ਅਲੱਗ ਖੇਤਰਾਂ ਦਾ ਨਵਾਂ ਨਾਮਕਰਨ ਕਰਨ ਵਿਚ ਲੱਗਿਆ ਹੋਇਆ ਹੈ? ਸਾਫ਼ ਹੈ ਕਿ ਉਹ ਖਿਝ ਕੱਢਣ ਲਈ ਆਪਣੀਆਂ ਬਚਕਾਨੀਆਂ ਹਰਕਤਾਂ ਨਾਲ ਭਾਰਤ ਨੂੰ ਉਕਸਾਉਣਾ ਚਾਹੁੰਦਾ ਹੈ। ਉਹ ਅਜਿਹੀਆਂ ਹਰਕਤਾਂ ਪਹਿਲਾਂ ਵੀ ਕਰਦਾ ਰਿਹਾ ਹੈ। ਸ਼ਾਇਦ ਉਸ ਨੇ ਇਹ ਮੁਗਾਲਤਾ ਪਾਲ ਲਿਆ ਹੈ ਕਿ ਅਰੁਣਾਚਲ ਦੇ ਇਕੱਠੇ 27 ਸਥਾਨਾਂ ਨੂੰ ਚੀਨੀ ਨਾਂ ਦੇਣ ਨਾਲ ਭਾਰਤ ਦਬਾਅ ਵਿਚ ਆ ਜਾਵੇਗਾ। ਅਜਿਹਾ ਤਾਂ ਬਿਲਕੁਲ ਵੀ ਨਹੀਂ ਹੋਣ ਵਾਲਾ ਅਤੇ ਉਲਟਾ ਭਾਰਤ ਨੂੰ ਇਸ ਨਤੀਜੇ 'ਤੇ ਪੁੱਜਣ ਵਿਚ ਹੋਰ ਆਸਾਨੀ ਹੋਵੇਗੀ ਕਿ ਉਹ ਨਾ ਹੀ ਧੋਖੇਬਾਜ਼ ਹੈ, ਜਿੰਨਾ ਪਾਕਿਸਤਾਨ। ਚੀਨ ਨੇ ਪਾਕਿਸਤਾਨ ਨੂੰ ਆਪ੍ਰੇਸ਼ਨ ਸਿੰਧੂਰ ਦੀ ਤਪਸ਼ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਿਹਾ। ਦੋਇਮ ਦਰਜੇ ਦੇ ਚੀਨੀ ਹਥਿਆਰ ਪਾਕਿਸਤਾਨ ਲਈ ਮੁਸੀਬਤ ਬਣ ਗਏ ਅਤੇ ਉਹ ਇੰਨਾ ਲਾਚਾਰ ਹੋ ਗਿਆ ਕਿ ਉਸ ਨੂੰ ਅਮਰੀਕਾ ਅੱਗੇ ਅਰਜ਼ੋਈ ਕਰਨੀ ਪਈ। ਚੀਨ ਇਸ ਲਈ ਹੋਰ ਜ਼ਿਆਦਾ ਬੌਖਲਾਇਆ ਹੈ ਕਿਉਂਕਿ ਭਾਰਤ ਨੇ ਉਸ ਦੇ ਏਅਰ ਡਿਫੈਂਸ ਸਿਸਟਮ, ਡ੍ਰੋਨਾਂ, ਮਿਜ਼ਾਈਲਾਂ ਆਦਿ ਦੀ ਇਸ ਕਦਰ ਪੋਲ ਖੋਲ੍ਹ ਕੇ ਰੱਖ ਦਿੱਤੀ ਕਿ ਹੁਣ ਉਸ ਵਾਸਤੇ ਦੁਨੀਆ ਦੇ ਗ਼ਰੀਬ ਦੇਸ਼ਾਂ ਨੂੰ ਆਪਣੇ ਹਥਿਆਰ ਵੇਚਣਾ ਮੁਸ਼ਕਲ ਹੋਵੇਗਾ। ਪਾਕਿਸਤਾਨ ਨੇ ਜਿਸ ਚੀਨੀ ਮਿਜ਼ਾਈਲ ਦਾ ਇਸਤੇਮਾਲ ਕੀਤਾ ਸੀ, ਉਸ ਨੂੰ ਭਾਰਤ ਨੇ ਨਾਕਾਮ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਇਸ ਮਿਜ਼ਾਈਲ ਦਾ ਨਿਰਮਾਣ ਕਰਨ ਵਾਲੀ ਚੀਨੀ ਕੰਪਨੀ ਦੇ ਸ਼ੇਅਰ ਟੁੱਟ ਗਏ। ਭਾਰਤੀ ਫ਼ੌਜ ਨੇ ਕਿਉਂਕਿ ਪਾਕਿਸਤਾਨ ਦੇ ਨਾਲ ਹੀ ਚੀਨ 'ਤੇ ਵੀ ਤਕੜੀ ਚੋਟ ਕੀਤੀ ਹੈ, ਇਸ ਲਈ ਉਸ ਨੂੰ ਸੁੱਝ ਨਹੀਂ ਰਿਹਾ ਕਿ ਉਹ ਆਪਣਾ ਗੁੱਸਾ ਕਿਵੇਂ ਕੱਢੇ। ਇਹ ਠੀਕ ਹੈ ਕਿ ਭਾਰਤ ਨੇ ਚੀਨੀ ਹਰਕਤ 'ਤੇ ਇਹ ਜਵਾਬ ਦਿੱਤਾ ਕਿ ਇਸ ਨਾਲ ਸੱਚਾਈ ਬਦਲਣ ਵਾਲੀ ਨਹੀਂ ਹੈ ਪਰ ਉਸ ਵਿਰੁੱਧ ਕੁਝ ਹੋਰ ਵੀ ਕਰਨਾ ਹੋਵੇਗਾ। ਭਾਰਤ ਨੂੰ ਵਨ ਚਾਈਨਾ ਦੇ ਨਾਲ-ਨਾਲ ਆਪਣੀ ਤਿੱਬਤ ਨੀਤੀ 'ਤੇ ਵੀ ਨਵੇਂ ਸਿਰੇ ਤੋਂ ਵਿਚਾਰ ਕਰਨਾ ਹੋਵੇਗਾ। ਇਸ ਤੋਂ ਵੀ ਜ਼ਰੂਰੀ ਗੱਲ ਇਹ ਹੈ ਕਿ ਚੀਨੀ ਵਸਤਾਂ 'ਤੇ ਨਿਰਭਰਤਾ ਘਟਾਉਣੀ ਹੋਵੇਗੀ। ਮੇਕ ਇਨ ਇੰਡੀਆ ਮੁਹਿੰਮ ਅਤੇ ਭਾਰਤ ਨੂੰ ਆਤਮ-ਨਿਰਭਰ ਬਣਾਉਣ ਦੀ ਪਹਿਲ ਤੋਂ ਬਾਅਦ ਵੀ ਚੀਨੀ ਦਰਾਮਦਾਂ ਵਿਚ ਕਮੀ ਨਹੀਂ ਲਿਆਂਦੀ ਜਾ ਸਕੀ ਹੈ। ਅਜਿਹਾ ਕਿਉਂ ਨਹੀਂ ਹੋ ਰਿਹਾ ਹੈ, ਇਸ 'ਤੇ ਸਰਕਾਰ ਦੇ ਨਾਲ-ਨਾਲ ਸਾਡੇ ਉਦਯੋਗ ਜਗਤ ਨੂੰ ਵੀ ਸੰਜੀਦਗੀ ਨਾਲ ਸੋਚਣਾ ਹੋਵੇਗਾ।

# ਵਾਸ਼ਿੰਗਟਨ ਡੀਸੀ ਵਿਚ ਯਹੂਦੀ ਮਿਊਜ਼ੀਅਮ ਦੇ ਬਾਹਰ ਗੋਲੀਬਾਰੀ

ਵਾਸ਼ਿੰਗਟਨ- ਇਥੇ ਯਹੂਦੀ ਮਿਊਜ਼ੀਅਮ ਦੇ ਬਾਹਰ ਇਜ਼ਰਾਇਲੀ ਅੰਬੈਸੀ ਦੇ ਦੋ ਸਟਾਫ਼ ਮੈਂਬਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲੀਸ ਨੇ ਗੋਲੀਆਂ ਚਲਾਉਣ ਵਾਲੇ ਮਸ਼ਕੂਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਜ਼ਰਾਇਲੀ ਅੰਬੈਸੀ ਦੇ ਇਹ ਦੋਵੇਂ ਮੈਂਬਰ, ਜਿਨ੍ਹਾਂ ਵਿਚੋਂ ਇਕ ਮਹਿਲਾ ਹੈ, ਮਿਊਜ਼ੀਅਮ ਵਿਚ ਇਕ ਸਮਾਗਮ ’ਚ ਹਾਜ਼ਰੀ ਭਰਨ ਮਗਰੋਂ ਉਥੋਂ ਜਾ ਰਹੇ ਸਨ। ਮਸ਼ਕੂਕ ਨੇ ਗੋਲੀਆਂ ਚਲਾਉਣ ਮਗਰੋਂ ‘ਫ੍ਰੀ ਫ੍ਰੀ ਫਲਸਤੀਨ’ (ਫਲਸਤੀਨ ਨੂੰ ਆਜ਼ਾਦ ਕਰੋ) ਦੇ ਨਾਅਰੇ ਲਾਏ।

ਮਸ਼ਕੂਕ ਦੀ ਪਛਾਣ ਸ਼ਿਕਾਗੋ ਦੇ ਰਹਿਣ ਵਾਲੇ Eilas Rodirguez (30) ਵਜੋਂ ਦੱਸੀ ਗਈ ਹੈ। ਮੈਟਰੋਪਾਲਿਟਨ ਪੁਲੀਸ ਦੇ ਮੁਖੀ ਪਾਮੇਲਾ ਸਮਿਥ ਨੇ ਕਿਹਾ ਕਿ ਮਸ਼ਕੂਕ ਨੂੰ ਗੋਲੀਬਾਰੀ ਤੋਂ ਪਹਿਲਾਂ ਅਜਾਇਬ ਘਰ ਦੇ ਬਾਹਰ ਘੁੰਮਦੇ ਦੇਖਿਆ ਗਿਆ ਸੀ। ਗੋਲੀਬਾਰੀ ਤੋਂ ਬਾਅਦ ਉਹ ਮਿਊਜ਼ੀਅਮ ਵਿੱਚ ਚਲਾ ਗਿਆ, ਜਿੱਥੇ ਸੁਰੱਖਿਆ ਕਰਮੀਆਂ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

# ਪੀਏਯੂ ਦੀ ਸਾਬਕਾ ਵਿਦਿਆਰਥਣ ਬਣੀ ਆਸਟਰੇਲੀਆ ਦੀ ਸੰਸਦ ਮੈਂਬਰ



ਲੁਧਿਆਣਾ- ਪੀਏਯੂ ਦੀ ਸਾਬਕਾ ਵਿਦਿਆਰਥਣ ਆਸਟਰੇਲੀਆ ਦੀ ਸੰਸਦ ’ਚ ਪਹਿਲੀ ਪੰਜਾਬੀ ਮਹਿਲਾ ਮੈਂਬਰ ਬਣ ਗਈ ਹੈ ਤੇ ਉਹ ਛੇਤੀ ਹੀ ਅਹੁਦੇ ਦੀ ਸਹੁੰ ਚੁੱਕੇਗੀ। ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਯਾਤਪੁਰ ਰੁੜਕੀ ਦੇ ਵਸਨੀਕ ਕਸ਼ਮੀਰ ਸਿੰਘ ਦੀ ਧੀ ਡਾ. ਪਰਵਿੰਦਰ ਕੌਰ ਨੇ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿੱਚ ਬੀ ਐੱਸ ਸੀ ਅਤੇ ਐੱਮਐੱਸਸੀ ਕਰਨ ਤੋਂ ਬਾਅਦ ਆਪਣੀ ਉਚੇਰੀ ਪੜ੍ਹਾਈ ਆਸਟਰੇਲੀਆ ’ਚ ਕੀਤੀ। ਆਸਟਰੇਲੀਆ ’ਚ ਉਨ੍ਹਾਂ ਨੇ ਫ਼ਸਲਾਂ ਦੇ ਡੀਐੱਨਏ ਉੱਪਰ ਕੰਮ ਕੀਤਾ। ਪਸ਼ੂਆਂ ਦੇ ਚਾਰੇ ਵਿੱਚ ਬਣਨ ਵਾਲੀ ਮੀਥੇਨ ਗੈਸ ਬਾਰੇ ਕੀਤੇ ਕੰਮ ਲਈ ਉਸ ਨੂੰ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਸਨਮਾਨਿਤ ਵੀ ਕੀਤਾ।

# ਸਿੰਧ ਜਲ ਸੰਧੀ ਫਿਲਹਾਲ ਮੁਅੱਤਲ ਰਹੇਗੀ- ਭਾਰਤ

ਨਵੀਂ ਦਿੱਲੀ- ਭਾਰਤ ਨੇ ਅੱਜ ਮੁੜ ਕਿਹਾ ਕਿ ਪਾਕਿਸਤਾਨ ਨਾਲ ਸਿੰਧ ਜਲ ਸੰਧੀ ਉਦੋਂ ਤੱਕ ਮੁਅੱਤਲ ਰਹੇਗੀ ਜਦੋਂ ਤੱਕ ਇਸਲਾਮਾਬਾਦ ਸਰਹੱਦ ਪਾਰੋਂ ਅਤਿਵਾਦ ਨੂੰ ਹਮਾਇਤ ਦੇਣੀ ‘ਭਰੋਸੇਯੋਗ ਢੰਗ ਨਾਲ’ ਬੰਦ ਨਹੀਂ ਕਰ ਦਿੰਦਾ ਕਿਉਂਕਿ ‘ਪਾਣੀ ਤੇ ਖ਼ੂਨ’ ਇਕੱਠੇ ਨਹੀਂ ਵਹਿ ਸਕਦੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਇਹ ਵੀ ਕਿਹਾ ਕਿ ਇਸਲਾਮਾਬਾਦ ਨਾਲ ਕੋਈ ਵੀ ਦੁਵੱਲੀ ਵਾਰਤਾ ਸਿਰਫ਼ ਪਾਕਿ ਵੱਲੋਂ ਕਸ਼ਮੀਰ ਦੇ ਗ਼ੈਰਕਾਨੂੰਨੀ ਢੰਗ ਨਾਲ ਕਬਜ਼ੇ ਹੇਠਲੇ ਖੇਤਰਾਂ ਨੂੰ ਖਾਲੀ ਕਰਨ ’ਤੇ ਹੀ ਹੋਵੇਗੀ। ਉਨ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕਸ਼ਮੀਰ ਮਸਲੇ ਨੂੰ ਸੁਲਝਾਉਣ ’ਚ ਭਾਰਤ ਤੇ ਪਾਕਿਸਤਾਨ ਦੀ ਮਦਦ ਕਰਨ ’ਚ ਦਿਲਚਸਪੀ ਦਿਖਾਉਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ’ਚ ਕਿਹਾ, ‘ਤੁਸੀਂ ਸਾਡੀ ਸਥਿਤੀ ਤੋਂ ਚੰਗੀ ਤਰ੍ਹਾਂ ਵਾਕਫ ਹੋ ਕਿ ਭਾਰਤ-ਪਾਕਿ ਵਿਚਾਲੇ ਗੱਲਬਾਤ ਦੁਵੱਲੀ ਹੋਣੀ ਚਾਹੀਦੀ ਹੈ।’



**ਭਾਰਤ ਦੇ ਹੱਕ ਦਾ ਪਾਣੀ ਨਹੀਂ ਮਿਲੇਗਾ: ਮੋਦੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇੱਥੇ ਕਿਹਾ ਕਿ ਪਾਕਿਸਤਾਨ ਨੂੰ ਭਾਰਤ ਦੇ ਹੱਕ ਦਾ ਪਾਣੀ ਨਹੀਂ ਮਿਲੇਗਾ ਅਤੇ ਜੇਕਰ ਉਹ ਅਤਿਵਾਦੀਆਂ ਨੂੰ export ਕਰਨਾ ਜਾਰੀ ਰੱਖਦਾ ਹੈ ਤਾਂ ਉਸ ਨੂੰ ਪੰਝੀ-ਪੰਝੀ ਲਈ ਮੁਹਤਾਜ ਹੋਣਾ ਪਵੇਗਾ। ਭਾਰਤ ਕਹਿੰਦਾ ਰਿਹਾ ਹੈ ਕਿ ਪਾਕਿਸਾਤਨ ਨਾਲ ਸਿੰਧੂ ਜਲ ਸੰਧੀ ਉਦੋਂ ਤੱਕ ‘ਮੁਅੱਤਲ’ ਰਹੇਗੀ, ਜਦੋਂ ਤੱਕ ਗੁਆਂਢੀ ਮੁਲਕ ਸਰਹੱਦ ਪਾਰ ਅਤਿਵਾਦ ਨੂੰ ‘ਭਰੋਸੇਯੋਗ ਅਤੇ ਅਟੱਲ ਤੌਰ ’ਤੇ ਸਮਰਥਨ’ ਦੇਣਾ ਬੰਦ ਨਹੀਂ ਕਰਦਾ।

ਪਹਿਲਗਾਮ ਅਤਿਵਾਦੀ ਹਮਲੇ ਦੇ ਇੱਕ ਦਿਨ ਮਗਰੋਂ ਭਾਰਤ ਨੇ ਪਾਕਿਸਤਾਨ ਖ਼ਿਲਾਫ਼ ਕਈ ਸਜ਼ਾਤਮਕ ਉਪਾਵਾਂ ਦਾ ਐਲਾਨ ਕੀਤਾ ਸੀ, ਜਿਸ ਵਿੱਚ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨਾ ਵੀ ਸ਼ਾਮਲ ਹੈ। ਮੋਦੀ ਨੇ ਪਲਾਨਾ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀਆਂ ਦੇ ਖ਼ੂਨ ਨਾਲ ਖੇਡਣਾ ਪਾਕਿਸਤਾਨ ਨੂੰ ਬਹੁਤ ਮਹਿੰਗਾ ਪਵੇਗਾ। ਉਨ੍ਹਾਂ ਕਿਹਾ, ‘‘ਜੇਕਰ ਪਾਕਿਸਤਾਨ ਨੇ ਅਤਿਵਾਦੀਆਂ ਨੂੰ ‘ਏਕਸਪੋਰਟ’ ਕਰਨਾ ਜਾਰੀ ਰੱਖਿਆ ਤਾਂ ਉਸ ਨੂੰ ਪੰਝੀ-ਪੰਝੀ ਦਾ ਮੁਹਤਾਜ ਹੋਣਾ ਪਵੇਗਾ। ਪਾਕਿਸਤਾਨ ਨੂੰ ਭਾਰਤ ਦੇ ਹੱਕ ਦਾ ਪਾਣੀ ਨਹੀਂ ਮਿਲੇਗਾ, ਭਾਰਤੀਆਂ ਦੇ ਖ਼ੂਨ ਨਾਲ ਖੇਡਣਾ ਹੁਣ ਪਾਕਿਸਤਾਨ ਨੂੰ ਮਹਿੰਗਾ ਪਵੇਗਾ।’’ ਮੋਦੀ ਨੇ ਕਿਹਾ, ‘‘ਇਹ ਭਾਰਤ ਦਾ ਸੰਕਲਪ ਹੈ ਅਤੇ ਦੁਨੀਆ ਦੀ ਕੋਈ ਵੀ ਤਾਕਤ ਸਾਨੂੰ ਸਾਡੇ ਇਰਾਦੇ ਤੋਂ ਡਾਵਾਂ-ਡੋਲ ਨਹੀਂ ਕਰ ਸਕਦੀ।’’ ਵਿਸ਼ਵ ਬੈਂਕ ਦੀ ਅਗਵਾਈ ਵਿੱਚ 1960 ’ਚ ਭਾਰਤ ਅਤੇ ਪਾਕਿਸਤਾਨ ਨੇ ਸਿੰਧੂ ਜਲ ਸੰਧੀ ਕੀਤੀ ਸੀ। ਇਹ ਸਮਝੌਤਾ ਦੋਵਾਂ ਦੇਸ਼ਾਂ ਨੂੰ ਸਿੰਧੂ ਨਦੀ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਦੀ ਵਰਤੋਂ ਦੀ ਰੂਪ-ਰੇਖਾ ਪ੍ਰਦਾਨ ਕਰਦਾ ਹੈ।

# ਪਾਕਿਸਤਾਨ ਲਈ ਜਾਸੂਸੀ ਦੇ ਖੁੱਲ੍ਹਦੇ ਜਾ ਰਹੇ ਪਰਦੇ

ਨਵੀਂ ਦਿੱਲੀ- ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਉੱਤਰੀ ਰਾਜਾਂ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਪਾਕਿ-ਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਲਈ ਜਾਸੂਸੀ ਕਰਨ ਦੇ ਦੋਸ਼ ਵਿਚ 12 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੁਰਖੀਆਂ ਵਿਚ ਆਈਆਂ ਇਨ੍ਹਾਂ ਗ੍ਰਿਫ਼ਤਾਰੀਆਂ ਨੇ ਭਾਰਤ ਦੀ ਅੰਦਰੂਨੀ ਸੁਰੱਖਿਆ ਤੇ ਸਮਾਜਿਕ ਢਾਂਚੇ ਵਿਚ ਪਾਕਿਸਤਾਨ ਦੀ ਦਖ਼ਲਅੰਦਾਜ਼ੀ ਦੇ ਖ਼ਤਰੇ ਨੂੰ ਉਜਾਗਰ ਕੀਤਾ ਹੈ। ਜੋ ਗ੍ਰਿਫ਼ਤਾਰ ਕੀਤੇ ਗਏ ਹਨ, ਉਨ੍ਹਾਂ ਵਿਚ ਵੱਖ-ਵੱਖ ਪਿਛੋਕੜਾਂ ਵਾਲੇ ਲੋਕ ਸ਼ਾਮਲ ਹਨ ਜਿਵੇਂ ਕਿ ਯੂਟਿਊਬਰ, ਵਿਦਿਆਰਥੀ, ਵਪਾਰੀ ਤੇ ਸੁਰੱਖਿਆ ਗਾਰਡ ਆਦਿ। ਇਹ ਗ੍ਰਿਫ਼ਤਾਰੀਆਂ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਦੌਰਾਨ ਸੁਰੱਖਿਆ ਏਜੰਸੀਆਂ ਦੀ ਵਧੀ ਹੋਈ ਨਿਗਰਾਨੀ ਦੇ ਨਤੀਜੇ ਵਜੋਂ ਹੋਈਆਂ ਹਨ। ਕਈ ਮਾਮਲਿਆਂ ਵਿਚ ਪੈਸੇ, ਹਨੀ-ਟ੍ਰੈਪ ਜਾਂ ਝੂਠੇ ਵਾਅਦਿਆਂ ਜ਼ਰੀਏ ਲਾਲਚ ਦਿੱਤੇ ਗਏ।

ਜਾਸੂਸੀ ਦੇ ਦੋਸ਼ਾਂ ’ਚ ਫੜੀ ਗਈ ਹਰਿਆਣਾ ਦੇ ਹਿਸਾਰ ਦੀ ਜੋਤੀ ਮਲਹੋਤਰਾ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਸੋਸ਼ਲ ਮੀਡੀਆ ਇਨਫਲੂਐਂਸਰ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਜਦਕਿ ਸ਼ਹਿਜ਼ਾਦ ਨੇ ਆਪਣੀਆਂ ਤਸਕਰੀ ਦੀਆਂ ਸਰਗਰਮੀਆਂ ਨੂੰ ਜਾਸੂਸੀ ’ਤੇ ਪਰਦਾ ਪਾਉਣ ਵਜੋਂ ਵਰਤਿਆ। ਕਈ ਦੋਸ਼ੀਆਂ ਨੇ ਪਾਕਿਸਤਾਨ ਦੀਆਂ ਯਾਤਰਾਵਾਂ ਵੀ ਕੀਤੀਆਂ ਜਿੱਥੇ ਉਨ੍ਹਾਂ ਦੀ ਆਈਐੱਸਆਈ ਅਧਿਕਾਰੀਆਂ ਨਾਲ ਮੁਲਾਕਾਤ ਹੋਈ। ਕਰਤਾਰਪੁਰ ਲਾਂਘੇ ਵਰਗੇ ਧਾਰਮਿਕ ਅਸਥਾਨਾਂ ਦੀ ਵਰਤੋਂ ਵੀ ਸੰਪਰਕ ਸਥਾਪਤ ਕਰਨ ਲਈ ਕੀਤੀ ਗਈ। ਇਨ੍ਹਾਂ ਜਾਸੂਸੀ ਦੀਆਂ ਘਟਨਾਵਾਂ ਨੇ ਭਾਰਤ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਲਈ ਗੰਭੀਰ ਖ਼ਤਰੇ ਨੂੰ ਉਜਾਗਰ ਕੀਤਾ ਹੈ। ਸੰਵੇਦਨਸ਼ੀਲ ਫ਼ੌਜੀ ਜਾਣਕਾਰੀ ਜਿਵੇਂ ਛਾਉਣੀਆਂ ਦੀਆਂ ਤਸਵੀਰਾਂ, ਫ਼ੌਜ ਦੀਆਂ ਸਰਗਰਮੀਆਂ ਅਤੇ ਰਣਨੀਤਕ ਟਿਕਾਣਿਆਂ ਦੇ ਵੇਰਵੇ ਲੀਕ ਹੋਣਾ ਭਾਰਤ ਦੀ ਸੁਰੱਖਿਆ ਨੂੰ ਕਮਜ਼ੋਰ ਕਰ ਸਕਦਾ ਹੈ। ਖ਼ਾਸ ਤੌਰ ’ਤੇ ‘ਆਪ੍ਰੇਸ਼ਨ ਸਿੰਧੂਰ’ ਨਾਲ ਸਬੰਧਤ ਜਾਣਕਾਰੀ ਦਾ ਲੀਕ ਹੋਣਾ ਭਾਰਤ ਦੀ ਸਰਹੱਦੀ ਸੁਰੱਖਿਆ ਲਈ ਵੱਡਾ ਖ਼ਤਰਾ ਹੈ। ਇਸ ਨੇ ਮਸਲੇ ਦੀ ਗੰਭੀਰਤਾ ਨੂੰ ਹੋਰ ਵਧਾ ਦਿੱਤਾ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਆਈਐੱਸਆਈ ਦੀ ਭਰਤੀ ਰਣਨੀਤੀ ਕਿੰਨੀ ਵਿਆਪਕ ਤੇ ਚੁਸਤ ਹੈ। ਇਹ ਸੁਰੱਖਿਆ ਏਜੰਸੀਆਂ ਲਈ ਵੱਡੀ ਚੁਣੌਤੀ ਪੇਸ਼ ਕਰਦੀ ਹੈ ਕਿ ਉਹ ਨਾ ਸਿਰਫ਼ ਸੰਵੇਦਨਸ਼ੀਲ ਅਹੁਦਿਆਂ ’ਤੇ ਕੰਮ ਕਰਨ ਵਾਲਿਆਂ ਦੀ ਨਿਗਰਾਨੀ ਕਰਨ ਸਗੋਂ ਆਮ ਜਨਤਾ ਦੀ ਸੁਰੱਖਿਆ ਵੀ ਯਕੀਨੀ ਬਣਾਉਣ। ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਬਾਅਦ ਭਾਰਤੀ ਸੁਰੱਖਿਆ ਏਜੰਸੀਆਂ ਨੇ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਤੇਰਾਂ ਮਈ ਨੂੰ ਭਾਰਤ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਇਕ ਅਧਿਕਾਰੀ ਇਹਸਾਨ-ਉਰ-ਰਹੀਮ ਉਰਫ਼ ਦਾਨਿਸ਼ ਨੂੰ ਜਾਸੂਸੀ ਦੇ ਦੋਸ਼ ਵਿਚ ਭਾਰਤ ਵਿੱਚੋਂ ਚਲੇ ਜਾਣ ਦਾ ਹੁਕਮ ਦਿੱਤਾ ਸੀ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਭਾਰਤ-ਅਮਰੀਕਾ ਸਬੰਧਾਂ ’ਚ ਤਰੇੜਾਂ

ਭਾਰਤ ਅਤੇ ਅਮਰੀਕਾ ਆਪਸ ਵਿਚ ਦੁਨੀਆਂ ਦੇ ਦੋ ਵੱਡੇ ਲੋਕਤੰਤਰ ਮੰਨੇ ਜਾਂਦੇ ਹਨ ਪਰ ਇਹਨਾਂ ਦੋਵਾਂ ਮੁਲਕਾਂ ਵਿਚਕਾਰ ਕਦੀ ਵੀ ਉਹ ਨੇੜਤਾ ਨਹੀਂ ਰਹੀ, ਜੋ ਲੋਕਰਾਜੀ ਮੁਲਕ ਹੋਣ ਦੇ ਨਾਤੇ ਰਹੀ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਤਾਂ ਅਮਰੀਕਾ ਭਾਰਤ ਨੂੰ ਇਕ ਗਰੀਬ ਅਤੇ ਕਮਜ਼ੋਰ ਦੇਸ਼ ਮੰਨਦਾ ਸੀ। ਆਜ਼ਾਦੀ ਤੋਂ ਤੁਰੰਤ ਬਾਅਦ ਭਾਰਤ ਰੂਸ ਵੱਲ ਝੁਕ ਗਿਆ, ਜਦਕਿ ਪਾਕਿਸਤਾਨ ਅਮਰੀਕਾ ਵੱਲ ਝੁਕ ਗਿਆ। ਅਮਰੀਕਾ ਦੁਆਰਾ ਦਿੱਤੀ ਮਦਦ ਅਤੇ ਹਥਿਆਰਾਂ ਦੀ ਬਦੌਲਤ ਪਾਕਿਸਤਾਨ ਨੇ ਕਈ ਵਾਰ ਭਾਰਤ ਨਾਲ ਜੰਗਾਂ ਲੜੀਆਂ ਪਰ ਭਾਰਤ ਦਾ ਜ਼ਿਆਦਾ ਨੁਕਸਾਨ ਨਹੀਂ ਕਰ ਸਕਿਆ। ਅਮਰੀਕਾ ਨੂੰ ਇਹ ਗੱਲ ਤਾਂ ਸਮਝ ਆ ਗਈ ਕਿ ਪਾਕਿਸਤਾਨ ਦੇ ਜ਼ਰੀਏ ਭਾਰਤ ਨੂੰ ਦਬਕਾਅ ਕੇ ਰੱਖਣਾ ਔਖਾ ਹੈ, ਇਸ ਤੋਂ ਬਾਅਦ ਪਾਕਿਸਤਾਨ ਨੂੰ ਪਰਮਾਣੂ ਬੰਬ ਬਣਾਉਣ ਦਿੱਤਾ ਗਿਆ, ਜਿਸ ਦਾ ਦਾਬਾ ਮਾਰ ਕੇ ਪਾਕਿਸਤਾਨ ਹੁਣ ਤੱਕ ਭਾਰਤ ਨੂੰ ਤੰਗ ਕਰਦਾ ਆ ਰਿਹਾ ਸੀ ਅਤੇ ਲਗਾਤਾਰ ਭਾਰਤ ਵਿਚ ਅੱਤਵਾਦ ਫੈਲਾਅ ਰਿਹਾ ਸੀ। ਪਰ ਹਾਲ ਹੀ ਵਿਚ ਹੋਈ ਜੰਗ ਤੋਂ ਬਾਅਦ ਅਮਰੀਕਾ ਵੀ ਹੈਰਾਨ-ਪ੍ਰੇਸ਼ਾਨ ਹੈ ਕਿਉਂਕਿ ਭਾਰਤ ’ਤੇ ਪਾਕਿਸਤਾਨ ਦੀ ਕੋਈ ਮਿਜ਼ਾਇਲ, ਡ੍ਰੋਨ ਅਤੇ ਬੰਬ ਨਹੀਂ ਚੱਲ ਸਕਿਆ। ਅਮਰੀਕਾ ਨੇ ਭਾਰਤ ਨੂੰ ਧਮਕੀ ਦਿੱਤੀ ਕਿ ਜੇਕਰ ਜੰਗ ਨਾ ਰੋਕੀ ਤਾਂ ਉਸ ਨਾਲ ਵਪਾਰ ਬੰਦ ਕਰ ਦਿੱਤਾ ਜਾਵੇਗਾ। ਭਾਰਤ ਨੇ ਅਮਰੀਕਾ ਨੂੰ ਕਹਿ ਹੀ ਦਿੱਤਾ ਕਿ ਤੁਸੀਂ ਵਪਾਰ ਬੰਦ ਕਰਨਾ ਹੈ ਤਾਂ ਕਰ ਲਵੋ। ਇਸ ਤੋਂ ਇਲਾਵਾ ਅਮਰੀਕਾ ਭਾਰਤੀ ਵਿਦਿਆਰਥੀਆਂ ਨੂੰ ਵੀ ਕੱਢ ਰਿਹਾ ਹੈ ਅਤੇ ਭਾਰਤ ਨੂੰ ਡਾਲਰ ਭੇਜਣ ਤੇ ਵੀ 5 ਫੀਸਦੀ ਟੈਕਸ ਲਗਾਉਣ ਬਾਰੇ ਸੋਚ ਰਿਹਾ ਹੈ। ਜਾਹਿਰ ਹੈ ਭਾਰਤ ਨੂੰ ਅਮਰੀਕਾ ਦਾ ਇਹ ਰਵੱਈਆ ਰਾਸ ਨਹੀਂ ਆ ਰਿਹਾ ਪਰ ਕੀਤਾ ਵੀ ਕੁਝ ਨਹੀਂ ਜਾ ਸਕਦਾ। ਇੱਧਰ ਚੀਨ ਨਾਲ ਵੀ ਅਮਰੀਕਾ ਦਾ ਤਣਾ-ਤਣੀ ਚਲਦੀ ਹੈ ਅਤੇ ਭਾਰਤ-ਚੀਨ ਦੀ ਵੀ ਤਣਾ-ਤਣੀ ਹੈ। ਇਸ ਦਾ ਫਾਇਦਾ ਅਮਰੀਕਾ ਉਠਾ ਰਿਹਾ ਹੈ ਪਰ ਹੁਣ ਅਮਰੀਕਾ ਆਪਣੀ ਨੀਤੀ ’ਤੇ ਮੁੜ ਵਿਚਾਰ ਕਰਨ ਦੇ ਸੰਕੇਤ ਦੇ ਰਿਹਾ ਹੈ ਕਿਉਂਕਿ ਭਾਰਤ ਰੂਸ ਵੱਲ ਜ਼ਿਆਦਾ ਝੁਕਦਾ ਆ ਰਿਹਾ ਹੈ ਅਤੇ ਰੂਸ ਭਾਰਤ ਨੂੰ ਨਸੀਹਤਾਂ ਦੇ ਰਿਹਾ ਹੈ ਕਿ ਉਹ ਚੀਨ ਨਾਲ ਵੀ ਸਬੰਧ ਚੰਗੇ ਕਰ ਲਵੇ। ਜੇਕਰ ਅਜਿਹਾ ਹੋ ਗਿਆ ਤਾਂ ਭਾਰਤ, ਰੂਸ ਅਤੇ ਚੀਨ ਦਾ ਗੱਠਜੋੜ ਵੀ ਹੋ ਸਕਦਾ ਹੈ, ਇਸ ਤੋਂ ਬਾਅਦ ਅਮਰੀਕਾ ਦਾ ਏਸ਼ੀਆ ਵਿਚ ਦਖਲ ਘਟੇਗਾ ਹੀ ਨਹੀਂ ਬਲਕਿ ਖਤਮ ਹੋਣ ਕਿਨਾਰੇ ਆ ਸਕਦਾ ਹੈ। ਅਮਰੀਕਾ ਹੁਣ ਮੁੜ ਵਿਚਾਰ ਕਰ ਰਿਹਾ ਹੈ ਕਿ ਭਾਰਤ ਜਾਂ ਚੀਨ ਵਿਚੋਂ ਕਿਸੇ ਇਕ ਨਾਲ ਨੇੜਤਾ ਰੱਖੀ ਜਾਵੇ ਪਰ ਇਹ ਦੋਵੇਂ ਮੁਲਕ ਇਸ ਦੀ ਕੀਮਤ ਮੰਗਦੇ ਹਨ। ਇਸ ਕਰਕੇ ਅਮਰੀਕਾ ਦੁਚਿੱਤੀ ਵਿਚ ਹੈ ਕਿਉਂਕਿ ਭਾਰਤ-ਪਾਕਿਸਤਾਨ ਦੀ ਤਾਜ਼ਾ ਜੰਗ ਤੋਂ ਬਾਅਦ ਇਹ ਤਾਂ ਸਪਸ਼ਟ ਹੋ ਗਿਆ ਹੈ ਕਿ ਭਾਰਤ ਦੀ ਫੌਜੀ ਤਾਕਤ ਬਹੁਤ ਵਧ ਗਈ ਹੈ ਅਤੇ ਭਵਿੱਖ ਵਿਚ ਜੇਕਰ ਕੋਈ ਟਕਰਾਅ ਹੋਇਆ ਤਾਂ ਰੂਸ, ਭਾਰਤ ਅਤੇ ਚੀਨ ਮਿਲ ਕੇ ਉਸ ਨੂੰ ਮਾਤ ਦੇ ਦੇਣਗੇ, ਕਿਉਂਕਿ ਯੂਰਪ ਵੀ ਅਮਰੀਕਾ ਤੋਂ ਨਰਾਜ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don’t endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਭਾਰਤ ਚੀਨ ਦੀ ਰਣਨੀਤਕ ਕੂਟਨੀਤੀ ਨੂੰ ਸਮਝੇ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਿਰੇ ਦਾ ਝੂਠਾ ਆਗੂ ਹੈ ਜੋ ਔਸਤਨ ਰੋਜ਼ਾਨਾ 20 ਝੂਠ ਬੋਲਦਾ ਹੈ। ਕਿਸੇ ਨੂੰ ਕੋਈ ਨਹੀਂ ਪਤਾ ਉਸ ਨੇ ਕਿਹੜੇ ਵੇਲੇ ਅਤੇ ਕਿੱਥੇ ਕੀ ਕਹਿ ਦੇਣਾ ਹੈ। ਭਾਰਤ ਤੇ ਪਾਕਿਸਤਾਨ ਦੀ 6 ਤੋਂ 10 ਮਈ ਤੱਕ ਚੱਲੀ ਫ਼ੌਜੀ ਜੰਗ ਨੂੰ ਵਪਾਰ ਦੇ ਮੁੱਦੇ ’ਤੇ ਦੋਹਾਂ ਦੇਸ਼ਾਂ ਦੀਆਂ ਬਾਹਾਂ ਮਰੋੜ ਕੇ ਖ਼ਤਮ ਕਰਾਉਣਾ ਉਸ ਦਾ ਬਹੁਤ ਵੱਡਾ ਫਕੜਬਾਜ਼ ਝੂਠ ਹੈ। ਵਪਾਰ ਤੇ ਜੰਗਬੰਦੀ ਦਾ ਕੀ ਮੇਲ? ਉਹ ਭਾਰਤ ਤੇ ਪਾਕਿਸਤਾਨ, ਦੋਹਾਂ ਨੂੰ ਮਹਾਨ ਦੇਸ਼ ਕਹਿ ਰਿਹਾ ਸੀ। ਮੂਰਖਤਾ ਦਾ ਤਕਾਜ਼ਾ ਵੇਖੋ। ਭਾਰਤ ਤੇ ਅਮਰੀਕਾ ਦਰਮਿਆਨ 130 ਬਿਲੀਅਨ ਜਦਕਿ ਪਾਕਿਸਤਾਨ ਤੇ ਅਮਰੀਕਾ ਦਰਮਿਆਨ ਸਿਰਫ਼ 10 ਬਿਲੀਅਨ ਡਾਲਰ ਦਾ ਸਾਲਾਨਾ ਵਪਾਰ ਹੁੰਦਾ ਹੈ। ਫਿਰ ਮਹਾਨ ਕੌਣ ਹੈ?

ਬਾਈ ਅਪ੍ਰੈਲ 2025 ਨੂੰ ਪਹਿਲਗਾਮ (ਕਸ਼ਮੀਰ) ਵਿਖੇ 5 ਅੱਤਵਾਦੀਆਂ ਦੁਆਰਾ 26 ਭਾਰਤੀਆਂ ਦਾ ਧਾਰਮਿਕ ਪਛਾਣ ਪੁੱਛ ਕੇ ਕਤਲ ਕਰਨਾ ਕੌਮਾਂਤਰੀ ਅੱਤਵਾਦੀ ਸਾਜ਼ਿਸ਼ ਸੀ ਜਿਸ ਨੂੰ ਉਕਸਾਉਣ ਤੇ ਅਮਲ ਕਰਨ ਪਿੱਛੇ ਕੌਮਾਂਤਰੀ ਅੱਤਵਾਦੀ, ਅੱਤਵਾਦ ਹਮਾਇਤੀ ਅਤੇ ਅੱਤਵਾਦ ਨੂੰ ਹੱਲਾਸ਼ੇਰੀ ਦੇਣ ਵਾਲੇ ਸੰਗਠਨਾਂ ਅਤੇ ਦੇਸ਼ਾਂ ਦਾ ਹੱਥ ਸੀ। ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੇਂਸ ਭਾਰਤ ਦੌਰੇ ’ਤੇ ਸੀ। ਭਾਰਤ ਵੱਲੋਂ ਕੂਟਨੀਤਕ ਕਦਮ ਚੁੱਕਣ, ਪਾਬੰਦੀਆਂ ਲਾਉਣ ਦੇ ਪ੍ਰਤੀਕਰਮ ਵਜੋਂ ਅੱਤਵਾਦ ਦੇ ਖ਼ਾਤਮੇ ’ਚ ਸਹਿਯੋਗ ਦੇ ਉਲਟ ਪਾਕਿਸਤਾਨ ਨੇ ਜੰਗਬਾਜ਼ ਨੀਤੀ ਅਧੀਨ ਉਲਟ ਕੂਟਨੀਤਕ ਅਤੇ ਪਾਬੰਦੀਆਂ ਭਰੇ ਕਦਮ ਚੁੱਕੇ। ਇਹ ਮੌਕਾ ਸੀ ਕਿ ਵਿਸ਼ਵ ਬਰਾਦਰੀ ਤੇ ਅਮਰੀਕਾ ਦੋਹਾਂ ਦੇਸ਼ਾਂ



ਦਰਬਾਰਾ ਸਿੰਘ ਕਾਹਲੋਂ

ਹੈ। ਅਮਰੀਕਾ ਉਸ ਨੂੰ ਰੂਸ ਨੂੰ ਯੂਕਰੇਨ ਨਾਲ ਜੰਗ ਵਿਚ ਫਸਾਉਣ ਵਾਂਗ ਕਿਸੇ ਜੰਗ ਵਿਚ ਫਸਾਉਣ ਤੋਂ ਨਾਕਾਮ ਰਿਹਾ। ਚੀਨ ਇਕ ਤਾਕਤਵਰ ਮੁਕਾਬਲੇਬਾਜ਼, ਏਕਾਧਿਕਾਰਵਾਦੀ ਤੇ ਪ੍ਰਸਾਰਵਾਦੀ ਮਹਾ-ਸ਼ਕਤੀ ਵਜੋਂ ਉੱਭਰਦਾ ਇਕ ਨਵੀਂ ਵਿਸ਼ਵ ਵਿਵਸਥਾ ਨੂੰ ਆਕਾਰ ਦੇਣ ਦਾ ਯਤਨ ਕਰ ਰਿਹਾ ਹੈ। ਅਮਰੀਕਾ ਇਸ ਸਮੇਂ ਆਪਣੀ ਆਰਥਿਕ, ਉਤਪਾਦਕ ਤੇ ਵਪਾਰਕ ਖੜੋਤ ਨੂੰ ਛੁਪਾਉਣ ਲਈ ਟੈਰਿਫ ਵਿਵਸਥਾ ਦੇ ਢੋਲ ਵਜਾ ਰਿਹਾ ਹੈ। ਅਮਰੀਕਾ ਆਪਣੀ ਫ਼ੌਜੀ ਸ਼ਕਤੀ ਦੇ ਬਲਬੂਤੇ ਵਿਸ਼ਵ ਦੇ ਹਰ ਖਿੱਤੇ ਵਿਚ ਗਲੋਬਲ ਸਰਦਾਰੀ ਕਾਇਮ ਰੱਖਣ ਲਈ ਦਖ਼ਲਅੰਦਾਜ਼ੀ ਕਰਦਾ ਹੈ। ਲੇਕਿਨ ਚੀਨ ਤਰੱਕੀ ਅਤੇ ਵਿਕਾਸ ਵੱਲ ਤੁਰਿਆ ਸੰਨ 2013 ਤੋਂ ਬੈਲਟ ਐਂਡ ਰੋਡ ਪ੍ਰਾਜੈਕਟ ਰਾਹੀਂ ਏਸ਼ੀਆ, ਅਫ਼ਰੀਕਾ ਤੇ ਯੂਰਪ ਵਿਚ ਇਕ ਟ੍ਰਿਲੀਅਨ ਡਾਲਰ ਨਿਵੇਸ਼ ਕਰਨ ਵਿਚ ਰੁੱਝਾ ਹੋਇਆ ਹੈ। ਦੇਸ਼ ਵਿਚ ਉਸ ਨੇ ਪੂਰੇ ਵਿਸ਼ਵ ਵੱਲੋਂ ਕੁੱਲ ਵਿਛਾਈ ਰੇਲ ਨਾਲੋਂ ਵੱਧ ਤੇਜ਼ ਗਤੀ 25000 ਮੀਲ ਰੇਲ ਪਟੜੀ ਵਿਛਾਈ ਹੈ।






ਵਿਚ ਸ਼ਾਂਤੀ ਲਈ ਅੱਗੇ ਆਉਂਦੇ। ਭਾਰਤ ਤੇ ਪਾਕਿ ਦਰਮਿਆਨ ਜੰਗ ਛਿੜਨ ’ਤੇ ਉਪ ਰਾਸ਼ਟਰਪਤੀ ਜੇਡੀ ਵੇਂਸ, ਜਿਸ ਦੀ ਭਾਰਤ ਯਾਤਰਾ ਸਮੇਂ ਇਹ ਘਿਨੌਣੀ ਘਟਨਾ ਵਾਪਰੀ ਸੀ, ਨੇ ਇਸ ਤੋਂ ਪੱਲਾ ਝਾੜਦਿਆਂ ਇਸ ਨੂੰ ਦੋਹਾਂ ਦਾ ਮਸਲਾ ਕਰਾਰ ਦਿੱਤਾ। ਇਹੀ ਰਾਸ਼ਟਰਪਤੀ ਟਰੰਪ ਨੇ ਕਿਹਾ ਸੀ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਇਹ ਪਹਿਲੀ 4 ਰੋਜ਼ਾ ਜੰਗ ਸੀ ਜਿਸ ’ਚ ਅਤਿ-ਆਧੁਨਿਕ ਤਕਨੀਕ ਲਗਪਗ 125 ਲੜਾਕੂ ਹਵਾਈ ਜਹਾਜ਼ਾਂ, ਗਾਈਡਿਡ ਮਿਜ਼ਾਈਲਾਂ, ਡ੍ਰੋਨਾਂ ਆਦਿ ਨੇ ਭਾਗ ਲਿਆ। ਅੱਤਵਾਦ ਦੇ ਪਿਤਾਮਾ ਪਾਕਿਸਤਾਨ ਨਾਲ ਤੁਰਕੀ, ਅਜ਼ਰਬਾਈਜਾਨ ਤੇ ਚੀਨ ਖੜ੍ਹੇ ਨਜ਼ਰ ਆਏ। ਬਾਅਦ ’ਚ ਅਮਰੀਕਾ ਆ ਰਲਿਆ। ਜਿੱਥੇ ਚੀਨ ਦੇ ਜੇ-10 ਸੀ ਹਵਾਈ ਜਹਾਜ਼ ’ਚ ਫਿੱਟ ਚੀਨੀ ਪੀਐੱਲ 15 ਈ ਮਿਜ਼ਾਈਲ ਨੇ ਭਾਰਤੀ ਫਰਾਂਸੀਸੀ ਰਾਫੇਲ ਲੜਾਕੂ ਜਹਾਜ਼ ਦੀ ਲਛਮਣ ਰੇਖਾ ਦਾ ਚੀਰ ਹਰਨ ਕਰਨ ’ਚ ਸਫਲਤਾ ਹਾਸਲ ਕੀਤੀ, ਉੱਥੇ ਭਾਰਤ ਨੇ 9 ਅੱਤਵਾਦੀ ਟਿਕਾਣਿਆਂ, ਕਈ ਫ਼ੌਜੀ ਟਿਕਾਣਿਆਂ ਤੇ ਹਵਾਈ ਅੱਡਿਆਂ ਨੂੰ ਨੇਸਤੋ-ਨਾਬੂਦ ਕਰ ਦਿੱਤਾ। ਪਾਕਿਸਤਾਨ ਅਮਰੀਕਾ ਅੱਗੇ ਜੰਗਬੰਦੀ ਲਈ ਉਦੋਂ ਗਿੜਗੜਾਇਆ ਜਦੋਂ ਇਸਲਾਮਾਬਾਦ ਨੇੜੇ ਪਰਮਾਣੂ ਬੰਬ ਰੱਖ-ਰਖਾਅ ਸਥਾਨ ਨੇੜੇ ਨੂਰਖਾਨ ਹਵਾਈ ਅੱਡੇ ਨੂੰ ਭਾਰਤੀ ਮਿਜ਼ਾਈਲਾਂ ਨੇ ਬਰਬਾਦੀ ਭਰੇ ਨਿਸ਼ਾਨੇ ’ਤੇ ਲਿਆ।

ਉਪ ਰਾਸ਼ਟਰਪਤੀ ਵੇਂਸ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਜੰਗਬੰਦੀ ਲਈ ਜ਼ੋਰ ਪਾਇਆ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਅਤਿ ਸੰਕਟ ਸਮੇਂ ਨੈਸ਼ਨਲ ਕਮਾਂਡ ਅਥਾਰਟੀ ਦੀ ਮੀਟਿੰਗ ਸੱਦਣੀ ਪਈ। ਅਮਰੀਕੀ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸਲਾਹਕਾਰ ਮਾਰਕੋ ਰੂਬੀ ਹਰਕਤ ਵਿਚ ਆਏ। ਜੰਗਬੰਦੀ ਦੀ ਪਹਿਲ ਡੀਜੀਐੱਮ ਪਾਕਿਸਤਾਨ ਵੱਲੋਂ ਪਹਿਲਾਂ 12:30 ਅਤੇ ਫਿਰ 3.35 ਵਜੇ ਬਾਅਦ ਦੁਪਹਿਰ ਆਈ। ਦਸ ਮਈ, ਸ਼ਾਮ 6 ਵਜੇ ਭਾਰਤੀ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਜੰਗਬੰਦੀ ਦਾ ਖ਼ੁਲਾਸਾ ਕੀਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਢੇ 5 ਵਜੇ ਇਸ ਜੰਗਬੰਦੀ ਦਾ ਐਲਾਨ ਕਰ ਦਿੱਤਾ ਸੀ। ਇਸ ਜੰਗ ਵਿਚ ਇਕ ਵੀ ਦੇਸ਼ ਭਾਰਤ ਦੀ ਪਿੱਠ ’ਤੇ ਨਹੀਂ ਆਇਆ। ਇਹ ਜੰਗ ‘ਅੱਤਵਾਦ’ ਵਿਰੁੱਧ ਸੀ ਨਾ ਕਿ ਪਾਕਿਸਤਾਨ ਵਿਰੁੱਧ। ਇਸ ਜੰਗ ਦੌਰਾਨ ਅਮਰੀਕਾ ਤੇ ਚੀਨ ਦਰਮਿਆਨ ਜੈਨੇਵਾ ਵਿਖੇ ‘ਵਪਾਰ ਜੰਗ’ ਉੱਤੇ ਵਿਰਾਮ ਲੱਗਾ। ਟਰੰਪ ਨੇ 90 ਦਿਨਾਂ ਲਈ ਟੈਰਿਫ ਮੁਲਤਵੀ ਕਰ ਦਿੱਤਾ ਤੇ 145 ਪ੍ਰਤੀਸ਼ਤ ਤੋਂ ਗੋਡਿਆਂ ਭਰਨੇ ਹੁੰਦੇ ਨੇ 30 ਪ੍ਰਤੀਸ਼ਤ ਐਲਾਨਿਆ ਜਦਕਿ ਚੀਨ ਨੇ 10 ਪ੍ਰਤੀਸ਼ਤ। ਭਾਰਤ ਨੂੰ ਪੱਛਮੀ, ਅਮਰੀਕੀ ਜਾਂ ਰੂਸੀ ਹਥਿਆਰਾਂ, ਆਧੁਨਿਕ ਲੜਾਕੂ ਜਹਾਜ਼ਾਂ ਅਤੇ ਮਿਜ਼ਾਇਲਾਂ ’ਤੇ ਨਿਰਭਰ ਰਹਿਣ ਦੀ ਥਾਂ ਚੀਨ ਵਾਂਗ ਸਵਦੇਸ਼ੀ ਤਕਨੀਕੀ ਵਿਗਿਆਨ ਵਿਕਸਤ ਕਰ ਕੇ ਆਪਣੇ ਆਧੁਨਿਕ ਹਥਿਆਰਾਂ ਦਾ ਉਤਪਾਦਨ ਕਰਨਾ ਚਾਹੀਦਾ ਹੈ। ਚੀਨ ਨੇ ਸੰਨ 1979 ਵਿਚ ਵੀਅਤਨਾਮ ਨਾਲ ਜੰਗ ਤੋਂ ਬਾਅਦ ਸਿੱਧੀਆਂ ਜੰਗਾਂ ਤੋਂ ਤੌਬਾ ਕੀਤੀ। ਰੂਸੀ ਸਰਹੱਦਾਂ ’ਤੇ ਸ਼ਾਂਤੀ ਪੈਦਾ ਕੀਤੀ।

ਭਾਰਤ ਨਾਲ ਵੀ ਸਿੱਧੇ ਟਕਰਾਅ ਤੋਂ ਟਾਲਾ ਵੱਟੀ ਰੱਖਿਆ। ਤਾਇਵਾਨ ਵਿਚ ਵੀ ਪੱਛਮ ਨਾਲ ਸਿੱਧੇ ਟਕਰਾਅ ਤੋਂ ਬਚਣ ਦੇ ਯਤਨ ਜਾਰੀ ਰੱਖ ਰਿਹਾ ਹੈ। ਉਹ ਸਿੱਧਾ ਆਪਣੀ ਤਰੱਕੀ, ਖੋਜ, ਵਿਕਾਸ, ਸਵੈ-ਨਿਰਭਰਤਾ ਪ੍ਰਤੀ ਕੇਂਦਰਿਤ

ਅਮਰੀਕਾ ਨੇ ਆਪਣੇ ਜਰਜਰ ਮੁੱਢਲੇ ਢਾਂਚੇ ਦੀ ਉਸਾਰੀ ਲਈ ਰੱਖੇ 1.2 ਟ੍ਰਿਲੀਅਨ ਡਾਲਰਾਂ ਵਿੱਚੋਂ ਅਜੇ ਤੰਦ ਵੀ ਨਹੀਂ ਕੱਤੀ। ਉਸ ਦੇ 43000 ਪੁਲ ਬੁਰੀ ਹਾਲਤ ’ਚ ਹਨ। ਔਰਤਾਂ ਦੀ ਸਿਹਤ, ਜਣੇਪੇ ਦੌਰਾਨ ਵਿਕਸਤ ਦੇਸ਼ਾਂ ਨਾਲੋਂ ਔਸਤਨ ਵੱਧ ਔਰਤਾਂ ਮਰ ਰਹੀਆਂ ਹਨ। ਲੰਬੀ ਉਮਰ ਦਰ ਘਟ ਰਹੀ ਹੈ। ਦੂਸਰੇ ਪਾਸੇ ਚੀਨ ਵਿਚ ਲੋਕਾਂ ਦੀ ਉਮਰ ਦਰ ਵਿਚ ਵਾਧਾ ਹੋ ਰਿਹਾ ਹੈ। ਸੰਨ 2003 ਵਿਚ ਅਮਰੀਕਾ ਨੇ ਇਰਾਕ ’ਤੇ ਮਾਰੂ ਤੇ ਕੈਮੀਕਲ ਹਥਿਆਰਾਂ ਦੇ ਜ਼ਖੀਰੇ ਹੋਣ ਦੇ ਝੂਠੇ ਦੋਸ਼ ਘੜ ਕੇ ਸੱਦਾਮ ਹੁਸੈਨ ਸ਼ਾਸਨ ’ਤੇ ਹੱਲਾ ਬੋਲਿਆ। ਦੋ ਟ੍ਰਿਲੀਅਨ ਡਾਲਰ ਖ਼ਰਚ ਕੇ ਸਿਵਾਏ ਉਸ ਦੇਸ਼ ਦੇ ਲੋਕਾਂ ਦੀ ਮੌਤ, ਆਰਥਿਕ ਬਰਬਾਦੀ ਤੇ ਬਿਮਾਰੀ ਤੋਂ ਬਿਨਾਂ ਕੁਝ ਨਾ ਖੱਟਿਆ।

ਸੰਨ 2001 ਵਿਚ 9/11 ਦੀ ਘਟਨਾ ਤੋਂ ਬਾਅਦ ਅਫ਼ਗਾਨਿਸਤਾਨ ਵਿਚ ਨਾਟੋ ਦੇਸ਼ਾਂ ਸਮੇਤ 130000 ਫ਼ੌਜੀ ਉਤਾਰਨ ਤੇ 213 ਟ੍ਰਿਲੀਅਨ ਖ਼ਰਚਣ ਦੇ ਬਾਵਜੂਦ ਬੁਰੀ ਤਰ੍ਹਾਂ ਅਸਫਲ ਹੋ ਕੇ ਭੱਜਾ। ਸੰਨ 2022 ਵਿਚ ਅਮਰੀਕੀ ਮਿਲਟਰੀ ਖ਼ਰਚਾ 877 ਬਿਲੀਅਨ ਸੀ ਜੋ ਲਾਗਲੇ 10 ਦੇਸ਼ਾਂ ਦੇ ਕੁੱਲ ਫ਼ੌਜੀ ਖ਼ਰਚੇ ਤੋਂ ਵੱਧ ਸੀ। ਚੀਨ ਗਲੋਬਲ ਪੱਧਰ ਦਾ ਦੂਸਰਾ ਦੇਸ਼ ਹੈ ਜੋ ਫ਼ੌਜੀ ਬਜਟ ਲਈ 292 ਬਿਲੀਅਨ ਰੱਖਦਾ ਹੈ। ਭਾਵੇਂ ਅਮਰੀਕਾ ਸਭ ਤੋਂ ਵੱਧ ਹਥਿਆਰ ਬਣਾਉਂਦਾ ਹੈ ਤੇ 318.7 ਬਿਲੀਅਨ ਡਾਲਰ ਦੇ ਨਿਰਯਾਤ ਕਰਦਾ ਹੈ ਪਰ ਉਸ ਦਾ ਸਿਹਤ, ਰੇਲ ਅਤੇ ਸਿੱਖਿਆ ਸਿਸਟਮ ਵਿਸ਼ਵ ਦੇ ਪਹਿਲੇ 10 ਦੇਸ਼ਾਂ ਵਿਚ ਸ਼ੁਮਾਰ ਨਹੀਂ ਹੁੰਦਾ।

ਭਾਰਤ ਲਈ ਸਮਝਣ ਵਾਲੀ ਗੱਲ ਇਹ ਹੈ ਕਿ ਇਸ ਨੂੰ ਪਾਕਿਸਤਾਨ ਤੇ ਚੀਨ ਨਾਲ ਜੰਗਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਅਮਰੀਕਾ ਵਿਸ਼ਵ ਸਰਦਾਰੀ, ਸਰਬਉੱਚਤਾ, ਦੂਸਰੇ ਰਾਸ਼ਟਰਾਂ ਵਿਚ ਦਖ਼ਲ (ਜਿਵੇਂ ਹੁਣ ਭਾਰਤ ਤੇ ਕਸ਼ਮੀਰ ਮਸਲੇ ’ਤੇ) ਭੰਨ-ਤੋੜ, ਜਾਸੂਸੀ, ਤਖਤਾ ਪਲਟਣ (ਬਾਇਡਨ ਕਾਲ ਵਿਚ ਬੰਗਲਾਦੇਸ਼ ਵਿਚ ਸ਼ੇਖ ਹਸੀਨਾ ਸਰਕਾਰ ਦਾ) ਘਟਨਾਵਾਂ ਵਿਚ ਸ਼ਾਮਲ ਰਹਿਣ ਕਰ ਕੇ ਆਪਣੇ ਸਕੂਲ, ਕਾਲਜ, ਯੂਨੀਵਰਸਿਟੀਆਂ, ਹਸਪਤਾਲ, ਸੜਕਾਂ, ਪੁਲ, ਟੂਰਿਜ਼ਮ ਬਰਬਾਦ ਕਰਨ ਵੱਲ ਵਧ ਰਿਹਾ ਹੈ। ਦੂਸਰੇ ਪਾਸੇ ਚੀਨ ਵਿਚਾਰਧਾਰਕ ਤੇ ਹਕੀਕੀ ਤੌਰ ’ਤੇ ਉਸਾਰੀ ਵੱਲ ਵਧਦਾ ਹੋਇਆ ਅਮਰੀਕਾ ਨੂੰ ਮਾਤ ਦੇਣ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਅਮਰੀਕੀ ਕੁੱਲ ਨਿਰਯਾਤ 4.83 ਦੇ ਮੁਕਾਬਲੇ ਚੀਨ 3.58 ਟ੍ਰਿਲੀਅਨ ਡਾਲਰ ਤੱਕ ਪੁੱਜ ਚੁੱਕਾ ਹੈ।

ਅਮਰੀਕੀ ਕੁੱਲ ਜੀਡੀਪੀ 27 ਟ੍ਰਿਲੀਅਨ ਦੇ ਮੁਕਾਬਲੇ ਚੀਨ 20 ਟ੍ਰਿਲੀਅਨ ਡਾਲਰ ਤੱਕ ਪੁੱਜ ਚੁੱਕਾ ਹੈ। ਭਾਰਤ ਕਾਫ਼ੀ ਦੂਰ ਲਗਪਗ 4 ਟ੍ਰਿਲੀਅਨ ਡਾਲਰ ’ਤੇ ਖੜ੍ਹਾ ਹੈ। ਭਾਰਤ ਇਕ ਵੱਖ-ਵੱਖ ਧਰਮਾਂ, ਜਾਤਾਂ, ਮਜ਼ਹਬਾਂ, ਭਾਸ਼ਾਵਾਂ, ਖੇਤਰਾਂ, ਵਿਚਾਰਧਾਰਾਵਾਂ ਵਾਲਾ ਦੇਸ਼ ਹੈ। ਇਸ ਦੀ ਤਰੱਕੀ ਤੇ ਖੁਸ਼ਹਾਲੀ ’ਚ ਕੱਟੜਵਾਦੀ ਧਾਰਮਿਕ, ਜਾਤੀਵਾਦੀ ਤੇ ਖੇਤਰੀ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਧਾਰਮਿਕ ਸਹਿਣਸ਼ੀਲਤਾ, ਸਰਬ-ਸਾਂਝੀਵਾਲਤਾ ਤੇ ਰਾਸ਼ਟਰੀ ਏਕੇ ਰਾਹੀਂ ਜੰਗਾਂ ਤੇ ਜੰਗਬਾਜ਼ਾਂ ਤੋਂ ਦੂਰ ਰਹਿ ਕੇ ਸਿੱਖਿਆ, ਤਕਨੀਕੀ, ਵਿਗਿਆਨਕ ਤੇ ਮਨੁੱਖੀ ਸਰੋਤਾਂ ਦੇ ਵਿਕਾਸ ਰਾਹੀਂ ਹਕੀਕੀ ਰੂਪ ਵਿਚ ਵਿਸ਼ਵ ਗੁਰੂ ਦਾ ਲਕਬ ਪ੍ਰਾਪਤ ਕਰਨਾ ਚਾਹੀਦਾ ਹੈ।



## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਦਾ ਕਹਿਰ

ਜਗਮੋਹਨ ਸਿੰਘ ਲੱਕੀ

ਸ਼ਰਾਬ ਕਾਰਨ ਅਨੇਕ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਹੀ ਪਿਛਲੇ ਸਮੇਂ ਦੌਰਾਨ ਸੈਂਕੜੇ ਸੱਥਰ ਵਿਛ ਚੁੱਕੇ ਹਨ। ਤਾਜ਼ਾ ਮਾਮਲਾ ਪੰਜਾਬ ਦਾ ਹੈ ਜਿੱਥੇ ਮਜੀਠਾ ਨੇੜਲੇ ਕੁਝ ਪਿੰਡਾਂ ਵਿਚ ਨਕਲੀ ਸ਼ਰਾਬ ਪੀਣ ਕਾਰਨ ਇਕ ਦਰਜਨ ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਹ ਮੌਤਾਂ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਹੋਈਆਂ ਹਨ। ਭਾਰਤ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਜ਼ਹਿਰੀਲੀ ਸ਼ਰਾਬ ਕਾਰਨ 2021 ਵਿਚ ਭਾਰਤ ਵਿਚ 782 ਵਿਅਕਤੀਆਂ ਦੀ ਮੌਤ ਹੋਈ ਸੀ। ਸਭ ਤੋਂ ਜ਼ਿਆਦਾ ਮੌਤਾਂ ਉੱਤਰ ਪ੍ਰਦੇਸ਼ ਵਿਚ ਹੋਈਆਂ ਸਨ ਜਿੱਥੇ ਸਾਲ 2021 ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 137 ਵਿਅਕਤੀ ਮਾਰੇ ਗਏ ਸਨ ਜਦਕਿ ਉਸੇ ਸਾਲ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਪੰਜਾਬ ਵਿਚ 127, ਮੱਧ ਪ੍ਰਦੇਸ਼ ਵਿਚ 108, ਕਰਨਾਟਕ ਵਿਚ 104, ਝਾਰਖੰਡ ਵਿਚ 60 ਤੇ ਰਾਜਸਥਾਨ ਵਿਚ 51 ਵਿਅਕਤੀ ਮਾਰੇ ਗਏ ਸਨ। ਦੇਸ਼ ਵਾਸੀਆਂ ਲਈ ਇਸ ਤੋਂ ਵੱਡਾ ਦੁਖਾਂਤ ਕੀ ਹੋਵੇਗਾ ਕਿ ਕੋਰੋਨਾ ਕਾਲ ਦੌਰਾਨ ਸਾਲ 2020 ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਦੇਸ਼ ਭਰ 'ਚ 947 ਵਿਅਕਤੀਆਂ ਦੀ ਮੌਤ ਹੋ ਗਈ ਸੀ।



ਉਸ ਸਮੇਂ ਮੱਧ ਪ੍ਰਦੇਸ਼ ਵਿਚ 214, ਝਾਰਖੰਡ ਵਿਚ 139, ਪੰਜਾਬ ਵਿਚ 133, ਕਰਨਾਟਕ ਵਿਚ 99 ਅਤੇ ਛੱਤੀਸਗੜ੍ਹ ਵਿਚ 67 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋ ਗਈ ਸੀ। ਜਿੱਥੋਂ ਤੱਕ ਸਰਕਾਰ ਦਾ ਸਵਾਲ ਹੈ ਤਾਂ ਉਸ ਨੇ ਸ਼ਰਾਬ ਉੱਪਰ ਪਾਬੰਦੀ ਤਾਂ ਕੀ ਲਾਉਣੀ ਸੀ ਸਗੋਂ ਹਰ ਸਾਲ ਉਹ ਸ਼ਰਾਬ ਦੇ ਸਿਰੋਂ ਲੱਖਾਂ-ਕਰੋੜਾਂ ਦਾ ਮਾਲੀਆ ਇੱਕਠਾ ਕਰਦੀ ਹੈ। ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਹੁਣ ਔਰਤਾਂ ਵੀ ਸ਼ਰਾਬ ਦੇ ਕਾਰੋਬਾਰ ਵਿਚ ਪੈ ਗਈਆਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ ਦੇਸੀ ਸ਼ਰਾਬ ਦਾ ਉਤਪਾਦਨ 1993 ਵਿਚ 17657 ਲੀਟਰ ਸੀ ਜੋ 2010 ਵਿਚ ਵਧ ਕੇ 29445 ਲੀਟਰ ਹੋ ਗਿਆ।

ਪੰਜਾਬ ਵਿਚ ਬੀਅਰ ਦਾ ਉਤਪਾਦਨ ਵੀ ਨਵੇਂ ਰਿਕਾਰਡ ਬਣਾ ਚੁੱਕਿਆ ਹੈ। ਬੀਅਰ ਦੇ ਉਤਪਾਦਨ ਵਿਚ ਪਿਛਲੇ 17 ਸਾਲਾਂ ਦੇ ਅਰਸੇਦੌਰਾਨ 209 ਫ਼ੀਸਦੀ ਦਾ ਭਾਰੀ ਵਾਧਾ ਹੋਇਆ ਹੈ ਜੋ ਇਕ ਰਿਕਾਰਡ ਹੈ। ਸੰਨ 1993-94 ਵਿਚ ਬੀਅਰ ਦੀ ਪੈਦਾਵਾਰ 15365 ਲੀਟਰ ਸੀ ਜੋ 2009-10 ਦੇ ਅਰਸੇ ਤੱਕ ਵਧ ਕੇ 47496 ਲੀਟਰ ਤੱਕ ਪੁੱਜ ਗਈ ਸੀ। ਜੇ ਪੰਜਾਬ ਵਿਚ ਹੀ ਬਣਦੀ ਅੰਗਰੇਜ਼ੀ ਸ਼ਰਾਬ ਦੀ ਗੱਲ ਕਰੀਏ ਤਾਂ ਇਸ ਸ਼ਰਾਬ ਦਾ ਉਦਪਾਦਨ ਵੀ ਦਿਨ-ਬ-ਦਿਨ ਬਹੁਤ ਵਧ ਗਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 1993-94 ਵਿਚ 16257 ਲੀਟਰ, 2005-06 ਵਿਚ ਦੁੱਗਣੀ ਹੋ ਕੇ 32971 ਲੀਟਰ, ਸਾਲ 2007-08 ਵਿਚ 33690 ਲੀਟਰ , ਸਾਲ 2008-09 ਵਿਚ 37414 ਲੀਟਰ ਤੇ ਸਾਲ 2009-10 ਵਿਚ 37692 ਲੀਟਰ ਦਾ ਉਤਪਾਦਨ ਕੀਤਾ ਗਿਆ।

ਭਾਰਤ ਵਿਚ ਸ਼ਰਾਬ ਦਾ ਉਦਯੋਗ ਸਾਲਾਨਾ 30 ਫ਼ੀਸਦੀ ਦਰ ਨਾਲ ਵਧ ਰਿਹਾ ਹੈ। ਭਾਰਤ ਇਕ ਅਜਿਹਾ ਦੇਸ਼ ਹੈ ਜੋ ਵਿਸ਼ਵ ਵਿਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਸ਼ਰਾਬ ਬਾਜ਼ਾਰਾਂ ਵਿੱਚੋਂ ਇਕ ਹੈ ਤੇ ਵਿਸਕੀ ਦਾ ਸਭ ਤੋਂ ਵੱਡਾ ਖਪਤਕਾਰ ਹੈ। ਕੁਝ ਸ਼ਰਾਬ ਬਾਜ਼ਾਰਾਂ ਵਿਚ ਵਿਸਕੀ ਦੀ ਹਿੱਸੇਦਾਰੀ ਲਗਪਗ 80% ਹੈ। ਇਸ ਦਾ ਵਪਾਰ ਪਹਿਲਾਂ 40500 ਕਰੋੜ ਰੁਪਏ ਦਾ ਹੁੰਦਾ ਸੀ ਜੋ ਹੁਣ 54000 ਕਰੋੜ ਰੁਪਏ ਦਾ ਪੱਧਰ ਵੀ ਪਾਰ ਕਰ ਚੁੱਕਿਆ ਹੈ। ਜਰਮਨੀ 'ਚ ਪ੍ਰਤੀ ਵਿਅਕਤੀ ਸ਼ੁੱਧ ਅਲਕੋਹਲ ਦੀ ਵਰਤੋਂ ਦਰ ਲਗਪਗ 12 ਲੀਟਰ ਸਾਲਾਨਾ ਹੈ। ਬੀਰਮ ਲੀਟਰ ਸ਼ੁੱਧ ਅਲਕੋਹਲ ਯਾਨੀ 500 ਬੋਤਲਾਂ ਬੀਅਰ ਪ੍ਰਤੀ ਵਿਅਕਤੀ।

ਯੂਕੇ ਯਾਨੀ ਯੂਨਾਈਟਿਡ ਕਿੰਗਡਮ ਅਤੇ ਸਲੋਵੇਨੀਆ ਵਿਚ ਪ੍ਰਤੀ ਵਿਅਕਤੀ ਸ਼ੁੱਧ ਅਲਕੋਹਲ ਖਪਤ 11.6 ਲੀਟਰ ਸਾਲਾਨਾ ਹੈ। ਆਇਰਲੈਂਡ ਤੇ ਲਗਜ਼ਮਬਰਗ ਦੇ ਲੋਕ ਜਰਮਨੀ ਨਾਲੋਂ ਵੀ ਜ਼ਿਆਦਾ ਅਲਕੋਹਲ ਪੀਂਦੇ ਹਨ। ਬੇਲਾਰੂਸ ਦਾ ਨੰਬਰ ਤਾਂ ਪਹਿਲਾ ਹੀ ਹੈ, ਉੱਥੇ ਸਾਲ ਭਰ ਵਿਚ ਇਕ ਵਿਅਕਤੀ 17।5 ਲੀਟਰ ਸ਼ੁੱਧ ਅਲਕੋਹਲ ਪੀਂਦਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਸ਼ੁੱਧ ਅਲਕੋਹਲ ਦੀ ਵਰਤੋਂ ਵਿਚ ਪਾਕਿਸਤਾਨ, ਕੁਵੈਤ, ਲੀਬੀਆ ਅਤੇ ਮਾਰੀਤਾਨੀਆ ਸਭ ਤੋਂ ਹੇਠਾਂ ਹਨ। ਉੱਥੇ ਪ੍ਰਤੀ ਵਿਅਕਤੀ ਸ਼ੁੱਧ ਅਲਕੋਹਲ ਦੀ ਵਰਤੋਂ ਦਰ 100 ਮਿਲੀਲੀਟਰ ਪ੍ਰਤੀ ਸਾਲ ਹੈ।

ਸ਼ਰਾਬ ਅਨੇਕ ਕਰੋੜਪਤੀਆਂ ਨੂੰ ਕੰਗਾਲ ਬਣਾ ਚੁੱਕੀ ਹੈ। ਮੱਧ ਵਰਗ ਵੀ ਅਮੀਰਾਂ ਦੀ ਰੀਸ ਕਰਕੇ ਮਹਿੰਗੀਆਂ ਤੇ ਵਿਦੇਸ਼ੀ ਸ਼ਰਾਬਾਂ ਪੀਣ ਦੇ ਚੱਕਰ ਵਿਚ ਘਰ ਦੀ ਕੱਢੀ ਪੀਣ ਜੋਗੇ ਵੀ ਨਹੀਂ ਰਹਿੰਦੇ, ਫਿਰ ਸਸਤੀ ਸ਼ਰਾਬ ਦੇ ਚੱਕਰ ਵਿਚ ਜ਼ਹਿਰੀਲੀ ਸ਼ਰਾਬ ਦੇ ਸ਼ਿਕਾਰ ਹੋ ਜਾਂਦੇ ਹਨ। ਪੰਜਾਬ ਦੇ ਕਈ ਇਲਾਕਿਆਂ ਵਿਚ ਘਰਾਂ, ਖੇਤਾਂ ਤੇ ਮੋਟਰਾਂ ਉੱਪਰ ਬਣਾਈ ਸ਼ਰਾਬ ਨੂੰ ਘਰ ਦੀ ਕੱਢੀ ਜਾਂ ਕੱਚੀ ਦਾਰੂ, ਰੂੜੀ ਮਾਅਰਕਾ ਆਖਿਆ ਜਾਂਦਾ ਹੈ।

ਗੋਆ ਵਿਚ ਕੱਚੀ ਸ਼ਰਾਬ ਨੂੰ ਫੇਨੀ ਅਤੇ ਮੁੰਬਈ ਵਿਚ ਇਸ ਨੂੰ ਠਰ੍ਹਾ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਦਰਿਆਵਾਂ ਦੇ ਵੱਖ-ਵੱਖ ਇਲਾਕਿਆਂ ਵਿਚ ਵੱਖ-ਵੱਖ ਨਾਂ ਹੁੰਦੇ ਹਨ, ਉਸੇ ਤਰ੍ਹਾਂ ਕੱਚੀ ਸ਼ਰਾਬ ਦੇ ਵੀ ਵੱਖ-ਵੱਖ ਇਲਾਕਿਆਂ ਵਿਚ ਵੱਖ-ਵੱਖ ਨਾਂ ਹਨ ਤੇ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ ਵੀ ਵੱਖ-ਵੱਖ ਹੈ। ਪੰਜਾਬ ਵਿਚ ਤਾਂ ਸਕੂਲਾਂ ਨਾਲੋਂ ਜ਼ਿਆਦਾ ਗਿਣਤੀ ਠੇਕਿਆਂ ਦੀ ਹੈ। ਇਸ ਤੋਂ ਇਲਾਵਾ ਗਾਣਿਆਂ ਵਿਚ ਵੀ ਸ਼ਰਾਬ ਦਾ ਪ੍ਰਚਾਰ ਕੀਤਾ ਜਾਂਦਾ ਹੈ।

ਫਿਲਮਾਂ ਵਿਚ ਵੀ ਇਸ ਨੂੰ ਹੀ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਹਰ ਦਿਨ ਅਨੇਕ ਹਾਦਸੇ ਸ਼ਰਾਬ ਦੇ ਸੇਵਨ ਕਾਰਨ ਵਾਪਰਦੇ ਹਨ। ਸ਼ਰਾਬੀ ਡਰਾਈਵਰ ਖ਼ੁਦ ਤਾਂ ਮਰਦਾ ਹੀ ਹੈ, ਆਪਣੇ ਨਾਲ ਉਹ ਹੋਰਨਾਂ ਨੂੰ ਵੀ ਲੈ ਬਹਿੰਦਾ ਹੈ। ਸ਼ਰਾਬ ਪੀਣ ਦੇ ਬਹੁਤ ਨੁਕਸਾਨ ਹਨ। ਸ਼ਰਾਬੀ ਦੀ ਕੋਈ ਇੱਜ਼ਤ ਨਹੀਂ ਕਰਦਾ। ਸ਼ਰਾਬ ਦੇ ਚੱਕਰ ਵਿਚ ਉਸ ਦਾ ਘਰ ਉੱਜੜ ਜਾਂਦਾ ਹੈ। ਬੱਚੇ ਰੁਲ ਜਾਂਦੇ ਹਨ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਸਮੇਂ-ਸਮੇਂ 'ਤੇ ਸ਼ਰਾਬ ਵਿਰੁੱਧ ਪ੍ਰਦਰਸ਼ਨ ਵੀ ਹੁੰਦੇ ਰਹਿੰਦੇ ਹਨ। ਕੁਝ ਸਾਲ ਪਹਿਲਾਂ ਮਹਾਰਾਸ਼ਟਰ ਦੇ ਚੰਦਰਪੁਰ ਇਲਾਕੇ ਵਿਚ ਸ਼ਰਾਬ ਉੱਪਰ ਰੋਕ ਲਗਾਉਣ ਦੀ ਮੰਗ ਤਹਿਤ ਅੰਦੋਲਨ ਕਰ ਰਹੀਆਂ ਔਰਤਾਂ ਨੇ ਆਪਣੇ ਮੁੰਡਨ ਕਰਵਾ ਲਏ ਸਨ। ਚੰਦਰਪੁਰ ਇਕ ਅਜਿਹਾ ਇਲਾਕਾ ਹੈ ਜਿੱਥੇ ਘੋਰ ਗ਼ਰੀਬੀ ਹੈ ਪਰ ਇਸ ਦੇ ਬਾਵਜੂਦ ਇਸ ਇਲਾਕੇ ਦੇ ਵੱਡੀ ਗਿਣਤੀ ਮਰਦ ਦੇਸੀ ਦਾਰੂ ਪੀਣ ਦੇ ਸ਼ੌਕੀਨ ਹਨ।

ਹਰਿਆਣਾ ਵਿਚ ਵੀ ਕੁਝ ਸਾਲ ਪਹਿਲਾਂ ਔਰਤਾਂ ਨੇ ਸ਼ਰਾਬ ਵਿਰੁੱਧ ਝੰਡਾ ਚੁੱਕਿਆ ਸੀ ਅਤੇ ਉਸ ਸਮੇਂ ਦੀ ਸਰਕਾਰ ਨੇ ਹਰਿਆਣਾ 'ਚ ਸ਼ਰਾਬਬੰਦੀ ਕਰ ਦਿੱਤੀ ਸੀ ਪਰ ਉਸ ਫ਼ੈਸਲੇ ਦੇ ਦੋ ਕੁ ਸਾਲਾਂ ਮਗਰੋਂ ਸਰਕਾਰ ਨੂੰ ਸ਼ਰਾਬਬੰਦੀ ਵਾਲਾ ਫ਼ੈਸਲਾ ਵਾਪਸ ਲੈਣਾ ਪਿਆ ਸੀ ਕਿਉਂਕਿ ਇਕ ਤਾਂ ਸਰਕਾਰ ਦੀ ਆਮਦਨ ਘਟ ਗਈ ਸੀ ਤੇ ਉਸ ਨੇ ਲੋਕਾਂ 'ਤੇ ਟੈਕਸ ਬਹੁਤ ਲਗਾ ਦਿੱਤੇ ਸਨ।

ਨਕਲੀ ਤੇ ਤਸਕਰੀ ਵਾਲੀ ਸ਼ਰਾਬ ਹਰਿਆਣਾ 'ਚ ਬਹੁਤ ਵਿਕਣ ਲੱਗੀ ਸੀ। ਪੰਜਾਬ 'ਚ ਵੀ ਕਦੇ-ਕਦਾਈਂ ਸ਼ਰਾਬ ਵਿਰੁੱਧ ਪ੍ਰਦਰਸ਼ਨ ਹੋ ਜਾਂਦੇ ਹਨ ਪਰ ਇਸ ਦਾ ਲੋੜੀਂਦਾ ਨਤੀਜਾ ਕਦੇ ਨਹੀਂ ਨਿਕਲਿਆ। ਸ਼ਰਾਬ ਪੀਣਾ ਇਕ ਬੁਰਾਈ ਹੈ। ਸੋ, ਇਸ ਤੋਂ ਦੂਰ ਰਹਿਣਾ ਚਾਹੀਦਾ ਹੈ।





'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: 510-938-7771 shaadi@pardestimes.com

**ਵਰ ਦੀ ਲੋੜ**

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

**ਵਰ ਦੀ ਲੋੜ**

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

**ਲੜਕੀ ਦੀ ਲੋੜ**

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।


# ਮੌਜੂਦਾ ਕਾਰਵਾਈਆਂ ਨਾਲ ਨਸ਼ਾ ਮੁਕਤ ਹੋ ਸਕਦਾ ਹੈ ਪੰਜਾਬ

ਮੋਹਨ ਸ਼ਰਮਾ

ਪੁਲਿਸ ਵਿਭਾਗ ਆਪਣੇ ਬਿਆਨਾਂ ਵਿਚ ਨਸ਼ਿਆਂ ਦੀਆਂ ਭਾਰੀ ਖੇਪਾਂ ਦੀ ਬਰਾਮਦਗੀ ਦੇ ਨਾਲ-ਨਾਲ ਤਸਕਰਾਂ ਨੂੰ ਜੇਲ੍ਹਾਂ ਵਿਚ ਡੱਕਣ ਦੇ ਅੰਕੜੇ ਵੀ ਪੇਸ਼ ਕਰਦਾ ਹੈ। ਜਦੋਂ ਜ਼ਮੀਨੀ ਪੱਧਰ 'ਤੇ ਨਜ਼ਰ ਮਾਰਦੇ ਹਾਂ ਤਾਂ ਨਸ਼ਿਆਂ ਕਾਰਨ ਹੋਈਆਂ ਮੌਤਾਂ, ਮਾਪਿਆਂ ਤੇ ਸਮਾਜ 'ਚ ਛਾਈ ਉਦਾਸੀ, ਸਿਵਿਆਂ ਵਿਚ ਭੀੜ, ਜਵਾਨੀ ਦੀ ਪੰਜਾਬ ਨੂੰ ਬੇਦਾਵੇ ਵਾਲੀ ਸੋਚ ਉਪਰੰਤ ਵਿਦੇਸ਼ਾਂ 'ਚ ਜਾਣ ਦਾ ਰੁਝਾਨ, ਅਮਨ-ਕਾਨੂੰਨ ਦੀ ਸਥਿਤੀ ਡਾਵਾਂਡੋਲ, ਤਰਸਯੋਗ ਸਰੀਰਕ, ਮਾਨਸਿਕ ਤੇ ਬੌਧਿਕ ਹਾਲਤ ਵੇਖ ਕੇ ਲੱਗਦਾ ਹੈ ਕਿ ਪੰਜਾਬ ਸੁੱਖ-ਸਾਂਦ ਤੋਂ ਵਾਂਝਾ ਹੋ ਗਿਆ ਹੈ। ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਗਵਰਨਰ ਪੰਜਾਬ ਵੱਲੋਂ ਰਾਜ ਭਵਨ ਵਿਚ ਸੱਦੀ ਗਈ ਅਹਿਮ ਮੀਟਿੰਗ ਵਿਚ ਇਹ ਗੱਲ ਸਾਹਮਣੇ ਆਈ ਕਿ ਪੁਲਿਸ ਦੀ ਅੰਦਾਜ਼ਨ 81000 ਦੀ ਨਫ਼ਰੀ ਵਿੱਚੋਂ 73% ਤਾਂ ਮੰਤਰੀਆਂ, ਸਰਕਾਰੀ ਅਧਿਕਾਰੀਆਂ ਤੇ ਹੋਰ ਵੀਆਈਪੀਜ਼ ਦੀ ਸੁਰੱਖਿਆ ਵਿਚ ਲੱਗੀ ਹੋਈ ਹੈ, 10 ਫ਼ੀਸਦੀ ਟਰੈਫਿਕ ਕੰਟਰੋਲ ਅਤੇ 10% ਪੁਲਿਸ ਧਰਨਿਆਂ, ਮੁਜ਼ਾਹਰਿਆਂ ਵਿਚ ਰੁੱਝੀ ਹੋਈ ਹੈ ਤੇ ਅੰਦਾਜ਼ਨ 7 ਫ਼ੀਸਦੀ ਥਾਣਿਆਂ ਵਿਚ ਤਾਇਨਾਤ ਹੁੰਦੀ ਹੈ। ਇਨ੍ਹਾਂ 'ਚੋਂ ਵੀ ਕੁਝ ਗਸ਼ਤ ਕਰਨ ਵਿਚ ਰੁੱਝੇ ਰਹਿੰਦੇ ਹਨ ਤੇ ਥਾਣੇ 'ਚ ਮੌਜੂਦ ਕੁਝ ਪੁਲਿਸ ਕਰਮਚਾਰੀ ਹੀ ਰਹਿ ਜਾਂਦੇ ਹਨ। ਇਸ ਕਾਰਨ ਹੀ ਪਿਛਲੇ ਦਿਨਾਂ ਵਿਚ ਨਸ਼ਾ ਰੋਕੂ ਕਮੇਟੀਆਂ ਦਾ ਸ਼ਿਕਵਾ ਰਿਹਾ ਹੈ ਕਿ ਰਾਤ ਨੂੰ ਠੀਕਰੀ ਪਹਿਰਾ ਦਿੰਦਿਆਂ ਜਦੋਂ ਵੀ ਨਜ਼ਦੀਕੀ ਥਾਣੇ ਵਿਚ ਕਿਸੇ ਤਸਕਰ ਨੂੰ ਫੜਨ ਸਮੇਂ ਮਦਦ ਲਈ ਗੁਹਾਰ ਲਾਈ ਜਾਂਦੀ ਤਾਂ ਅੱਗਿ ਂ ਜਵਾਬ ਮਿਲਦਾ ਕਿ ਸਾਡੇ ਕੋਲ ਇਸ ਵੇਲੇ ਨਫ਼ਰੀ ਘੱਟ ਹੈ, ਆ ਨਹੀਂ ਸਕਦੇ। ਪੁਲਿਸ ਤੇ ਨਸ਼ਾ ਵਿਰੋਧੀ ਕਮੇਟੀਆਂ ਦੇ ਆਪਸੀ ਤਾਲਮੇਲ ਦੀ ਘਾਟ ਕਾਰਨ ਇਸ ਮੁਹਿੰਮ ਨੂੰ ਸਫਲਤਾ ਨਹੀਂ ਮਿਲੀ ਤੇ ਤਸਕਰਾਂ ਦੇ ਹੌਸਲੇ ਬੁਲੰਦ ਹੋਣ ਕਾਰਨ ਨਸ਼ਿਆਂ ਦਾ ਪ੍ਰਕੋਪ ਵਧਦਾ ਗਿਆ। ਇਸ ਸਾਲ ਪਹਿਲੀ ਮਾਰਚ ਤੋਂ ਸਰਕਾਰ ਨੇ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕਰਦਿਆਂ ਨਸ਼ਿਆਂ ਵਿਰੁੱਧ ਯੁੱਧ ਛੇੜਿਆ ਹੈ। ਇਸ ਸਬੰਧ ਵਿਚ ਪੰਜਾਬ ਸਰਕਾਰ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ ਹੈ ਜੋ ਨਸ਼ਾ ਸਪਲਾਈ ਨੂੰ ਰੋਕਣ, ਤਸਕਰਾਂ ਨੂੰ ਮਿਸਾਲੀ ਸਜ਼ਾਵਾਂ ਦੇਣ ਤੇ ਨਸ਼ੇੜੀਆਂ ਦਾ ਇਲਾਜ ਕਰਵਾਉਣ ਲਈ ਸੁਚੱਜੀ ਅਗਵਾਈ ਕਰ ਰਹੀ ਹੈ। ਤਸਕਰਾਂ ਨੂੰ ਅਰਸ਼ ਤੋਂ ਫਰਸ਼ 'ਤੇ ਲਿਆਉਣ, ਸਪਲਾਈ ਲਾਈਨ 'ਤੇ ਸੱਟ ਮਾਰਨ ਤੇ ਨਸ਼ੇੜੀਆਂ ਦੇ ਇਲਾਜ ਕਰਵਾਉਣ ਦੇ ਕਾਫ਼ੀ ਸਾਰਥਕ ਨਤੀਜੇ ਸਾਹਮਣੇ ਆਏ ਹਨ। ਪੀੜਤ ਲੋਕ ਤੇ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਦੇ ਚਾਹਵਾਨ ਇਹ ਚਾਹੁੰਦੇ ਵੀ ਹਨ ਕਿ ਜਵਾਨੀ ਦੇ ਸਿਵਿਆਂ ਦੇ ਰਾਹ ਪੈਣ ਕਾਰਨ ਲੋਕਾਂ ਦੀ ਹਾਲਤ ਕੱਖੋਂ ਹੌਲੀ ਤੇ ਪਾਣੀ ਂ ਪਤਲੀ ਕਰਨ ਵਾਲੇ, ਵਸਦੇ ਘਰਾਂ ਵਿਚ ਸੱਥਰ ਵਿਛਾਉਣ ਵਾਲੇ ਕਿਸੇ ਹਮਦਰਦੀ ਦੇ ਪਾਤਰ ਨਹੀਂ ਸਗੋਂ ਇਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਸਪਲਾਈ ਅਤੇ ਮੰਗ ਨੂੰ ਰੋਕਿਆ ਜਾਣਾ ਅਤਿਅੰਤ ਜ਼ਰੂਰੀ ਹੈ। ਇੱਥੇ ਮੈਂ ਕੁਝ ਨੌਜਵਾਨਾਂ ਦੇ ਨਸ਼ਿਆਂ ਦੀ ਮਾਰੂ ਹਨੇਰੀ ਨੂੰ ਠੱਲ੍ਹ ਪਾਉਣ ਲਈ ਕੀਤੇ ਅਣਥੱਕ ਯਤਨ, ਦਲੇਰੀ ਅਤੇ ਸੁਹਿਰਦਤਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਪੰਜਾਬ ਦਾ ਕਸਬਾ ਜੋ ਕਾਗਜ਼ਾਂ ਵਿਚ ਸ਼ੇਰਪੁਰ ਥਾਣੇ ਵਾਲੀ ਵਜੋਂ ਜਾਣਿਆ ਜਾਂਦਾ ਹੈ ਪਰ ਕਈ ਸਾਲਾਂ ਤੋਂ ਉਸ ਦੀ ਪਛਾਣ ਸ਼ੇਰਪੁਰ ਚਿੱਟੇ ਵਾਲਾ ਵਜੋਂ ਬਣ ਗਈ ਸੀ। ਉਸ ਕਸਬੇ ਦੀ ਇਕ ਬਸਤੀ ਦੇ ਮਰਦ ਤੇ ਔਰਤਾਂ ਸ਼ਰੇਆਮ ਚਿੱਟਾ ਵੇਚ ਕੇ ਇਕ ਪਾਸੇ ਜਵਾਨੀ ਦਾ ਘਾਣ ਕਰ ਰਹੇ ਸਨ ਤੇ ਦੂਜੇ ਪਾਸੇ ਉਹ ਆਪ ਇਸ ਕਾਲੀ ਕਮਾਈ ਨਾਲ ਮਹਿੰਗੀਆਂ ਕਾਰਾਂ ਤੇ ਕੋਠੀਆਂ ਦੇ ਮਾਲਕ ਬਣ ਗਏ ਸਨ। ਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਸੀ ਕਿ ਆਲੇ-ਦੁਆਲੇ ਦੇ ਪਿੰਡਾਂ ਦੇ ਗੱਭਰੂ ਇਸ ਬਸਤੀ ਵਿੱਚੋਂ ਚਿੱਟਾ ਖ਼ਰੀਦਣ ਲਈ ਆਉਂਦੇ ਸਨ ਤੇ ਕਈ ਨੌਜਵਾਨ ਤਾਂ ਚਿੱਟੇ ਦੀ ਮਾਰ ਕਾਰਨ ਰਸਤੇ 'ਚ ਹੀ ਦਮ ਤੋੜ ਗਏ ਸਨ ਤੇ ਕਈ ਨਸ਼ੇੜੀ ਬੇਹੋਸ਼ੀ ਦੀ ਹਾਲਤ 'ਚ ਸੜਕਾਂ ਅਤੇ ਝਾੜੀਆਂ ਵਿਚ ਡਿੱਗੇ ਹੋਏ ਮਿਲਦੇ ਸਨ। ਬਿਨਾਂ ਨੰਬਰ ਪਲੇਟ ਤੋਂ ਮੋਟਰਸਾਈਕਲ ਤੇ ਕਾਰਾਂ ਤਸਕਰਾਂ ਦੇ ਬੂਹੇ ਅੱਗੇ ਖੜ੍ਹੀਆਂ ਹੀ ਰਹਿੰਦੀਆਂ ਸਨ। ਨਸ਼ੇ ਦੀ ਮਾਰ ਕਾਰਨ ਸਿਵਿਆਂ ਦੀ ਅੱਗ ਪ੍ਰਚੰਡ ਹੋ ਰਹੀ ਸੀ ਅਤੇ ਲੋਕ ਬਹੁਤ ਹੀ ਪਰੇਸ਼ਾਨ ਅਤੇ ਚਿੰਤਾ 'ਚ ਸਨ। ਫਿਰ ਪਿੰਡ ਦੇ ਦੋ ਨੌਜਵਾਨ ਬਲਵਿੰਦਰ ਖੇੜੀ ਤੇ ਗੋਪੀ ਗਰੇਵਾਲ ਨਸ਼ੇ ਦੀ ਰੋਕਥਾਮ ਲਈ ਅੱਗੇ ਆਏ। ਆਲੇ-ਦੁਆਲੇ ਦੇ ਪੀੜਤ ਤੇ ਸੁਹਿਰਦ ਲੋਕਾਂ ਦਾ ਕਾਫ਼ਲਾ ਉਨ੍ਹਾਂ ਨਾਲ ਜੁੜ ਗਿਆ।ਸਭ ਤੋਂ ਪਹਿਲਾਂ ਉਨ੍ਹਾਂ ਨੇ ਨਸ਼ਾ ਵੇਚਣ ਵਾਲਿਆਂ ਦੀ ਬਸਤੀ ਦੇ ਦੋਨੋਂ ਪਾਸੇ ਟਰਾਲੀਆਂ ਖੜ੍ਹੀਆਂ ਕਰ ਕੇ ਰਸਤਾ ਰੋਕਿਆ। ਨਸ਼ਾ ਖ਼ਰੀਦਣ ਵਾਲਿਆਂ ਨੂੰ ਉਨ੍ਹਾਂ ਨੇ ਖ਼ਾਲੀ ਹੱਥ ਵਾਪਸ ਮੋੜਨ ਲਈ ਮਜਬੂਰ ਕਰ ਦਿੱਤਾ। ਨਸ਼ੇੜੀਆਂ ਦੀ ਕੌਂਸਲਿੰਗ ਤੇ ਇਲਾਜ ਕਰਵਾਉਣ ਦਾ ਬੀੜਾ ਵੀ ਉਨ੍ਹਾਂ ਨੇ ਚੁੱਕ ਲਿਆ। ਪੁੱਛਗਿੱਛ ਕਰਨ 'ਤੇ ਪਤਾ ਲੱਗਿਆ ਕਿ ਕਈ ਨਸ਼ੇੜੀ ਨੌਜਵਾਨਾਂ ਦਾ ਪ੍ਰਤੀ ਮਹੀਨਾ ਅੰਦਾਜ਼ਨ ਦੋ ਲੱਖ ਰੁਪਈਆ ਨਸ਼ੇ ਦੇ ਲੇਖੇ ਲੱਗ ਜਾਂਦਾ ਸੀ। ਪਿਆਰ, ਸਖ਼ਤੀ ਤੇ ਕੌਂਸਲਿੰਗ ਰਾਹੀਂ ਉਹ ਨਸ਼ੇੜੀਆਂ ਨੂੰ ਬਸਤੀ ਤੱਕ ਪਹੁੰਚ ਕਰਨ ਤੋਂ ਰੋਕਣ ਵਿਚ ਕਾਫ਼ੀ ਹੱਦ ਤੱਕ ਕਾਮਯਾਬ ਹੋ ਗਏ। ਸ਼ੁਰੂ 'ਚ ਉਨ੍ਹਾਂ ਨੇ ਦੋ ਘੰਟੇ ਪਹਿਰਾ ਦੇਣ ਦਾ ਪ੍ਰੋਗਰਾਮ ਉਲੀਕਿਆ ਸੀ ਪਰ ਦੋ ਘੰਟਿਆਂ ਬਾਅਦ ਜਦੋਂ ਉਹ ਇੱਧਰ-ਉੱਧਰ ਹੋ ਜਾਂਦੇ ਤਾਂ ਉਸ ਬਸਤੀ 'ਚ ਨਸ਼ੇੜੀਆਂ ਦੀ ਭੀੜ ਵਧ ਜਾਂਦੀ। ਫਿਰ ਉਨ੍ਹਾਂ ਨੇ ਦ੍ਰਿੜ੍ਹ ਸੰਕਲਪ ਕਰ ਲਿਆ ਕਿ ਦਿਨ-ਰਾਤ ਠੀਕਰੀ ਪਹਿਰਾ ਦਿੱਤਾ ਜਾਵੇਗਾ। ਇਸ ਦੇ ਲਈ ਲੰਗਰ ਦਾ ਪ੍ਰਬੰਧ ਸਥਾਨਕ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਕਰ ਦਿੱਤਾ ਤੇ ਨਾਲ ਹੀ ਇਕ ਕਮਰੇ ਦਾ ਪ੍ਰਬੰਧ ਵੀ ਕਰ ਦਿੱਤਾ ਗਿਆ। ਕਿਸੇ ਹੋਰ ਸੱਜਣ ਨੇ ਵਾਟਰ ਪਰੂਫ ਟੈਂਟ ਦਾ ਪ੍ਰਬੰਧ ਕਰ ਦਿੱਤਾ। ਕੁਰਸੀਆਂ, ਤਖ਼ਤਪੋਸ਼ ਤੇ ਮੇਜ਼ ਵੀ ਆ ਗਏ। ਇਹ ਕੁਝ ਤਸਕਰ ਕਿੰਜ ਬਰਦਾਸ਼ਤ ਕਰਦੇ? ਉਨ੍ਹਾਂ ਦੀ ਕਾਲੀ ਕਮਾਈ ਰੁਕ ਗਈ ਸੀ। ਤਸਕਰਾਂ ਦੀਆਂ ਔਰਤਾਂ ਨੇ ਨੌਜਵਾਨ ਮੁੰਡਿਆਂ ਨੂੰ ਉਲਝਾਉਣ ਤੇ ਫਿਰ ਕੁੱਟਮਾਰ ਕਰਨ ਦਾ ਪ੍ਰੋਗਰਾਮ ਬਣਾਇਆ। ਜਦੋਂ ਸ਼ੇਰਪੁਰ ਦੀਆਂ ਔਰਤਾਂ ਨੂੰ ਪਤਾ ਲੱਗਿਆ ਤਾਂ ਡਾਂਗਾਂ ਹੱਥ ਵਿਚ ਫੜ ਕੇ ਉਤਸ਼ਾਹੀ ਨੌਜਵਾਨਾਂ ਦੀ ਪਿੱਠ 'ਤੇ ਆ ਗਈਆਂ ਤੇ ਐਲਾਨ ਵੀ ਕਰ ਦਿੱਤਾ ਕਿ ਸਾਡੇ ਪੁੱਤਾਂ ਦੀ ਹਵਾ ਵੱਲ ਵੀ ਕੋਈ ਝਾਕਿਆ ਤਾਂ ਅਸੀਂ ਜਾਨ ਦੀ ਬਾਜ਼ੀ ਲਾਉਣ ਤੋਂ ਪਿੱਛੇ ਨਹੀਂ ਹਟਾਂਗੀਆਂ। ਜਦੋਂ ਜ਼ਿਲ੍ਹਾ ਸੰਗਰੂਰ ਦੇ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਨੂੰ ਨੌਜਵਾਨਾਂ ਦੀ ਨਸ਼ਿਆਂ ਵਿਰੁੱਧ ਮੁਹਿੰਮ ਦਾ ਪਤਾ ਲੱਗਿਆ ਤਾਂ ਉਹ ਪੁਲਿਸ ਪਾਰਟੀ ਸਮੇਤ ਉੱਥੇ ਪੁੱਜ ਗਏ। ਉਨ੍ਹਾਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਇਸ ਨੇਕ ਕਾਰਜ ਲਈ ਪੁਲਿਸ ਪ੍ਰਸ਼ਾਸਨ ਤੁਹਾਡੇ ਨਾਲ ਖੜ੍ਹਾ ਹੈ। ਨਸ਼ੇ ਦੇ ਖ਼ਾਤਮੇ ਲਈ ਇੰਜ ਹੀ ਦਿਨ-ਰਾਤ ਦੇ ਠੀਕਰੀ ਪਹਿਰੇ 'ਤੇ ਡਟੇ ਰਹੋ। ਕਦੇ ਵੀ ਕੋਈ ਦਿੱਕਤ ਆਵੇ ਤਾਂ ਫੋਨ ਕਰ ਦੇਣਾ, ਮੈਂ ਖ਼ੁਦ ਤੁਰੰਤ ਪਹੁੰਚਾਂਗਾ। ਨਾਲ ਹੀ ਨਸ਼ਾ ਵੇਚਣ ਵਾਲਿਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਜਾਂ ਤਾਂ ਸ਼ੇਰਪੁਰ ਕਸਬਾ ਛੱਡ ਜਾਓ ਜਾਂ ਫਿਰ ਨਸ਼ਾ ਵੇਚਣਾ ਛੱਡ ਦਿਉ। ਨਾਲ ਹੀ ਇਹ ਤਾੜਨਾ ਵੀ ਕਰ ਦਿੱਤੀ ਕਿ ਜੇ ਇਨ੍ਹਾਂ ਮੁੰਡਿਆਂ ਨਾਲ ਪੰਗਾ ਲਿਆ ਤਾਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਦੋਂ ਜ਼ਿਲ੍ਹਾ ਪੁਲਿਸ ਮੁਖੀ ਨਸ਼ਾ ਰੋਕੂ ਕਮੇਟੀ ਦੀ ਪਿੱਠ 'ਤੇ ਆ ਗਿਆ ਤਾਂ ਕਸਬੇ ਦੇ ਥਾਣੇ ਦੇ ਕਰਮਚਾਰੀਆਂ ਦੀਆਂ ਘੁਰਕੀਆਂ ਵੀ ਨਸ਼ਾ ਤਸਕਰਾਂ ਨੂੰ ਵੰਗਾਰਨ ਲੱਗ ਪਈਆਂ। ਪਿੰਡ ਦੀਆਂ ਔਰਤਾਂ, ਬਜ਼ੁਰਗ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਲਈ ਅੱਗੇ ਆ ਗਏ। ਲੋਕਾਂ ਦਾ ਨਸ਼ਿਆਂ ਵਿਰੁੱਧ ਏਕਾ, ਪੁਲਿਸ ਪ੍ਰਸ਼ਾਸਨ ਦਾ ਪੂਰਨ ਸਹਿਯੋਗ ਤੇ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਹੀ ਨਸ਼ਿਆਂ ਵਿਰੁੱਧ ਛੇੜੀ ਜੰਗ ਨਸ਼ਾ ਮੁਕਤ ਸਮਾਜ ਸਿਰਜਣ 'ਚ ਸਹਾਈ ਹੋਵੇਗੀ।



# ਫ਼ੌਜੀ ਟਕਰਾਅ ਦੇ ਨਵੇਂ ਨੇਮ

ਲੈਫਟੀਨੈਂਟ ਜਨਰਲ (ਸੇਵਾਮੁਕਤ) ਐੱਸਐੱਸ ਮਹਿਤਾ

ਦਰਅਸਲ, ਅਪਰੇਸ਼ਨ ਸਿੰਧੂਰ ਨੂੰ ਅਚਾਨਕ ਖ਼ਤਮ ਕਰਨ ਦਾ ਫ਼ੈਸਲਾ ਬਿੱਜ ਡਿੱਗਣ ਵਰਗੀ ਜਾਂ ਫਿਰ ਸਿਲੇਬਸ ਤੋਂ ਬਾਹਰੋਂ ਆਏ ਸਵਾਲ ਵਰਗੀ ਘਟਨਾ ਸੀ! ਇਹ ਚੰਗੀ ਗੱਲ ਹੈ ਕਿ ਪੂਰੀ-ਸੂਰੀ ਜੰਗ ਟਲ ਗਈ ਹੈ ਅਤੇ ਕਿਸੇ ਨੂੰ ਵੀ ਇਹ ਉਮੀਦ ਨਹੀਂ ਰੱਖਣੀ ਚਾਹੀਦੀ ਕਿ ਗੋਲੀਬੰਦੀ ਦੀਆਂ ਖ਼ਿਲਾਫ਼ਵਰਜ਼ੀਆਂ ਨਹੀਂ ਹੋਣਗੀਆਂ। ਹਾਲਾਂਕਿ ਸਾਡੀਆਂ ਸਰਹੱਦਾਂ ’ਤੇ ਹਥਿਆਰਬੰਦ ਦਸਤਿਆਂ ਵੱਲੋਂ ਮੁਸਤੈਦ ਨਜ਼ਰ ਰੱਖੀ ਜਾ ਰਹੀ ਹੈ ਪਰ ਇਸ ਮੁਤੱਲਕ ਫੌਰੀ ਚਰਚਾ ਤੋਂ ਕੁਝ ਸਬਕ ਲਏ ਜਾ ਸਕਦੇ ਹਨ।

ਪਾਕਿਸਤਾਨ ਦੀ ਲੀਡਰਸ਼ਿਪ ਦੀਆਂ ਸੱਜਰੀਆਂ ਭੜਕਾਹਟ ਭਰੀਆਂ ਕਾਰਵਾਈਆਂ ਰਣਨੀਤਕ ਨਹੀਂ ਸਗੋਂ ਸੰਕੇਤਕ ਹਨ: ਭਾਵ, ਪਛਾਣੀ ਸੁਰ ਵਿੱਚ ਦਿੱਤਾ ਭਾਸ਼ਣ ਨੀਤੀਗਤ ਘੱਟ ਅਤੇ ਕਾਰਗੁਜ਼ਾਰੀ ਵਾਲਾ ਜ਼ਿਆਦਾ ਸੀ ਜਿਸ ਵਿੱਚ ਸ਼ਿਕਵਿਆਂ, ਇਤਿਹਾਸਕ ਨਾ-ਇਨਸਾਫ਼ੀਆਂ ਦਾ ਦੁਹਰਾਓ ਅਤੇ ਵਿਚਾਰਧਾਰਕ ਖ਼ਤਰੇ ਦਾ ਪੁੱਠ ਸ਼ਾਮਿਲ ਸੀ ਪਰ ਬੁਨਿਆਦੀ ਰੂਪ ਵਿੱਚ ਕੁਝ ਬਦਲ ਗਿਆ ਹੈ: ਦੁਨੀਆ ਨੇ ਸੁਣਨਾ ਬੰਦ ਕਰ ਦਿੱਤਾ ਹੈ।

ਭਾਰਤ ਨੇ ਵੀ ਇਸ ਦਾ ਹੁੰਗਾਰਾ ਨਹੀਂ ਭਰਿਆ। ਕੋਈ ਗੁੱਸਾ ਜਾਂ ਜਨੂੰਨ ਨਹੀਂ ਪਰ ਚੁੱਪ ਦੀ ਆਵਾਜ਼ ਖੰਡਨ ਨਾਲੋਂ ਭਾਰੀ ਹੋ ਗਈ। ਜਿੱਥੋਂ ਤੱਕ ਨਵੀਂ ਦਿੱਲੀ ਦਾ ਤਾਅਲੁਕ ਹੈ, ਇਹ ਪ੍ਰਤੀਕਿਰਿਆ ਦੇਣ ਦਾ ਸਮਾਂ ਨਹੀਂ ਸੀ ਸਗੋਂ ਖ਼ੁਲਾਸਾ ਕਰਨ ਦਾ ਸੀ; ਇਹ ਕਿ ਪਾਕਿਸਤਾਨ ਕਿਸੇ ਸਮੇਂ ਸਟੇਟ/ਰਿਆਸਤ ਸੀ ਜੋ ਹੁਣ ਲੀਗ ਬਣ ਗਈ ਹੈ; ਭਟਕਾਅ ਦੀ ਲੀਗ ਜਿੱਥੇ ਕੁਝ ਲੋਕ ਅਰਾਜਕਤਾ ਅਤੇ ਟਕਰਾਅ ਦੀ ਬੋਲੀ ਬੋਲਦੇ ਹਨ ਜਦੋਂਕਿ ਬਹੁਤੇ ਲੋਕ ਸਥਿਰਤਾ ਅਤੇ ਗ਼ੈਰਤ ਦੀ ਤਮੰਨਾ ਰੱਖਦੇ ਹਨ।



### ਚੰਗਿਆੜੀ ਜੋ ਬੁਝ ਗਈ: ਕਸ਼ਮੀਰ ਦਾ ਮੋੜਵਾਂ ਜਵਾਬ

ਜੇ ਕਸ਼ਮੀਰ ਵਿੱਚ ਬਦਅਮਨੀ ਫੈਲਾਉਣ ਦਾ ਇਰਾਦਾ ਸੀ ਤਾਂ ਇਸ ਦਾ ਜਵਾਬ ਬਹੁਤ ਹੀ ਧਰਵਾਸ ਦੇਣ ਵਾਲਾ ਰਿਹਾ। ਪਹਿਲਗਾਮ ਅਤੇ ਸਮੁੱਚੀ ਕਸ਼ਮੀਰ ਵਾਦੀ ਅੰਦਰ ਕੋਈ ਬਦਅਮਨੀ ਨਹੀਂ ਦਿਸੀ, ਕੋਈ ਗੁੱਸੇ ਭਰੀ ਭੀੜ ਨਹੀਂ ਸੀ, ਕੋਈ ਵੀ ਰੋਸ ਪ੍ਰਦਰਸ਼ਨ ਨਹੀਂ ਸੀ। ਇਸ ਦੀ ਬਜਾਏ ਭੜਕਾਹਟ ਦੀ ਥਾਂ ਰੋਜ਼ਮੱਰਾ ਜੀਵਨ ਜਾਰੀ ਰਿਹਾ। ਲੋਕਾਂ ਨੇ ਭੜਕਾਹਟ ਦਿਖਾਉਣ ਦੀ ਬਜਾਇ ਚੁੱਪ ਰਹਿ ਕੇ ਠਰੰਮਾ ਦਿਖਾਇਆ। ਇਹ ਭਾਰਤ ਲਈ ਸੱਟ ਸੀ।

ਉਹ ਭਾਰਤ ਦਾ ਪਹਿਲਾ ਅਤੇ ਸਭ ਤੋਂ ਗਹਿਰਾ ਜਵਾਬ ਸੀ; ਪੰਡਾਲਾਂ ਤੋਂ ਨਹੀਂ ਸਗੋਂ ਸੜਕਾਂ ਦੀਆਂ ਪਗਡੰਡੀਆਂ ਤੋਂ। ਭਾਸ਼ਣਾਂ ਨਾਲ ਨਹੀਂ ਸਗੋਂ ਸ਼ਾਂਤਚਿੱਤ। ਭਾਰਤ ਦੀ ਮਜ਼ਬੂਤੀ ਇਸ ਦੀ ਵੰਨ-ਸਵੰਨਤਾ ਦੀ ਇਕਜੁੱਟਤਾ ਵਿੱਚ ਪਈ ਹੈ ਜਿਵੇਂ ਕੰਨਿਆਕੁਮਾਰੀ ਹੋਵੇ ਜਾਂ ਕੋਹਿਮਾ, ਸੰਵਿਧਾਨ ਇਕਮੁੱਠਤਾ ਦੀ ਜ਼ਾਮਨੀ ਦਿੰਦਾ ਹੈ। ਹਥਿਆਰਬੰਦ ਦਸਤਿਆਂ ਨੇ ਇਸ ਦੀ ਤਰਜਮਾਨੀ ਕੀਤੀ। ਲੋਕਾਂ ਨੇ ਇਸ ਨੂੰ ਬੁਲੰਦ ਕੀਤਾ। ਭਾਰਤ ਦੀ ਅਨੇਕਤਾ ਵਿੱਚ ਏਕਤਾ ਕਮਜ਼ੋਰੀ ਨਹੀਂ ਸਗੋਂ ਰਣਨੀਤਕ ਸਿਧਾਂਤ ਹੈ। ਵੰਡ ਦੇ ਸੱਦੇ ਦਾ ਜਵਾਬ ਨਾਅਰੇਬਾਜ਼ੀ ਨਾਲ ਨਹੀਂ ਸਗੋਂ ਸਦੀਵੀ ਸੱਚ ਨਾਲ ਦਿੱਤਾ ਗਿਆ: ਭਾਰਤ ਵਿੱਚ ਅਨੇਕਤਾ ਹੈ, ਫਿਰ ਵੀ ਇਹ ਇੱਕ ਹੈ।

### ਤਮਾਸ਼ੇ ਤੋਂ ਬਿਨਾਂ ਸਟੀਕਤਾ

ਮਾਈਕ੍ਰੋਫੋਨਾਂ ’ਤੇ ਹਾਲਾਂਕਿ ਸ਼ਬਦਾਂ ਦੀ ਗੂੰਜ ਸੁਣਾਈ ਦਿੱਤੀ ਸੀ ਪਰ ਭਾਰਤ ਨੇ ਚੁੱਪ-ਚਾਪ, ਸਟੀਕ ਢੰਗ ਨਾਲ ਅਤੇ ਹੰਗਾਮਾ ਕੀਤੇ ਬਿਨਾਂ ਕਾਰਵਾਈ ਕੀਤੀ। ਅਸਲ ਕੰਟਰੋਲ ਰੇਖਾ ਤੋਂ ਪਾਰ ਦਹਿਸ਼ਤਗਰਦੀ ਦੇ ਬੁਨਿਆਦੀ ਢਾਂਚੇ ਉੱਪਰ ਹਮਲਿਆਂ ਦਾ ਕੋਈ ਜ਼ੋਰ-ਸ਼ੋਰ ਨਾਲ ਐਲਾਨ ਨਹੀਂ ਕੀਤਾ ਗਿਆ। ਬਹੁਤ ਸੋਚ ਵਿਚਾਰ, ਕਾਰਗਰ ਅਤੇ ਮਨੋਰਥ ਸਿੱਧੀ ਨਾਲ ਹਮਲੇ ਕੀਤੇ। ਫਿਰ ਵੀ, ਕੌਮਾਂਤਰੀ ਪ੍ਰਤੀਕਰਮ ਖ਼ਾਮੋਸ਼ੀ ਵਾਲਾ ਸੀ।

ਪਾਕਿਸਤਾਨ ਉੱਪਰ ਸੰਯੁਕਤ ਰਾਸ਼ਟਰ ਵੱਲੋਂ ਸੂਚੀਦਰਜ ਦਹਿਸ਼ਤਗਰਦਾਂ ਨੂੰ ਪਨਾਹ ਦੇਣ, ਉਨ੍ਹਾਂ ਦੀਆਂ ਲਾਸ਼ਾਂ ਨੂੰ ਫ਼ੌਜੀ ਰੰਗਾਂ ਵਿੱਚ ਲਪੇਟਣ ਅਤੇ ਰਾਜਕੀ ਸਨਮਾਨਾਂ ਨਾਲ ਸਪੁਰਦ-ਏ-ਖ਼ਾਕ ਕਰਨ ਤੋਂ ਕੋਈ ਖਫ਼ਗੀ ਨਹੀਂ ਦਿਖਾਈ ਗਈ। ਕਿਸੇ ਪ੍ਰੈੱਸ ਕਾਨਫਰੰਸ ਵਿੱਚ ਇਹ ਸਵਾਲ ਨਹੀਂ ਪੁੱਛਿਆ ਗਿਆ ਕਿ ਆਲਮੀ ਤੌਰ ’ਤੇ ਹਤਿਆਰਿਆਂ ਵਜੋਂ ਨਾਮਜ਼ਦ ਵਿਅਕਤੀਆਂ ਨੂੰ ਸਰਕਾਰੀ ਸਨਮਾਨ ਕਿਉਂ ਦਿੱਤਾ ਗਿਆ? ਇੱਕ ਵਾਰ ਫਿਰ ਆਲਮੀ ਨਿਜ਼ਾਮ ਆਪਣੀ ਪਰਖ ’ਤੇ ਅਸਫਲ ਸਿੱਧ ਹੋਇਆ।

ਬਹਰਹਾਲ, ਭਾਰਤ ਨੂੰ ਵਾਹ-ਵਾਹ ਦੀ ਤਵੱਕੋ ਨਹੀਂ ਸੀ। ਇਸ ਦਾ ਨਿਸ਼ਾਨਾ ਆਪਣਾ ਇਖ਼ਲਾਕੀ ਮੁਕਾਮ ਉੱਚਾ ਰੱਖਣਾ ਨਹੀਂ ਸੀ ਸਗੋਂ ਡਰ ਪੈਦਾ ਕਰਨਾ ਸੀ ਤੇ ਸੰਦੇਸ਼ ਬਹੁਤ ਸਾਫ਼ ਸੀ: ਭਾਰਤੀ ਪੈਮਾਨਾ ਤਬਦੀਲ ਹੋ ਗਿਆ ਹੈ। ਹੁਣ ਬਿਨਾਂ ਕਿਸੇ ਸ਼ੋਰ ਦੇ ਪ੍ਰਤੀਕਰਮ ਆਵੇਗਾ ਤੇ ਇਹ ਵਜ਼ਨਦਾਰ ਹੋਵੇਗਾ।

### ਭਾਰਤ ਦੀਆਂ ਸ਼ਰਤਾਂ ’ਤੇ ਤਣਾਅ ਤੇ ਤਣਾਅ ਘਟਾਈ

ਪਾਕਿਸਤਾਨ ਦੀ ਪ੍ਰਤੀਕਿਰਿਆ ਇਸ ਦੇ ਰਵਾਇਤੀ ਢੰਗ ਨਾਲ ਹੋਈ: ਮਿਜ਼ਾਇਲਾਂ, ਡਰੋਨ, ਚਿਤਾਵਨੀਆਂ। ਜ਼ਿਆਦਾਤਰ ਨਿਸ਼ਾਨੇ ਤੋਂ ਖੁੰਝ ਗਈਆਂ ਅਤੇ ਬਾਕੀਆਂ ਨੂੰ ਖ਼ਤਮ ਕਰ ਦਿੱਤਾ ਗਿਆ। ਇਸ ਨਾਲ ਦੂਜੀ ਪ੍ਰਤੀਕਿਰਿਆ ਹੋਈ ਜੋ ਬੱਝਵੀਂ ਪਰ ਨੁਕਸ ਰਹਿਤ ਸੀ। ਨਾ ਕੇਵਲ ਦਹਿਸ਼ਤਗਰਦ ਕੈਂਪ ਸਗੋਂ ਹਵਾਈ ਅੱਡਿਆਂ ਨੂੰ ਅੰਨ੍ਹੇਵਾਹ ਹੀ ਨਹੀਂ ਸਗੋਂ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ। ਇਹ ਮਹਿਜ਼ ਤਣਾਅ ਵਧਾਉਣ ਲਈ ਤਣਾਅ ਨਹੀਂ ਸੀ, ਇਹ ਸਿਧਾਂਤਕ ਕਾਰਵਾਈ ਸੀ। ਸਟੀਕਤਾ ਨੇ ਕਾਬਲੀਅਤ, ਮਨਸ਼ਾ ਤੇ ਧੀਰਜ ਦਾ ਸੰਚਾਰ ਕੀਤਾ। ਇਸ ਨੇ ਦੁੱਖ ਦਿੱਤਾ।... ਤੇ ਇਹ ਕਾਰਆਮਦ ਹੋਈ।

ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀਜੀਐੱਮਓਜ਼) ਨੇ ਪਹੁੰਚ ਕੀਤੀ, ਸ਼ਰਮਿੰਦਾ ਹੋ ਕੇ ਨਹੀਂ, ਤਣਾਅ ਘਟਾਉਣ ਲਈ। ਭਾਰਤ ਨੇ ਇਹ ਪ੍ਰਵਾਨ ਕਰ ਲਈ, ਕੋਈ ਰਿਆਇਤ ਨਹੀਂ ਦਿੱਤੀ ਗਈ ਸਗੋਂ ਕੰਟਰੋਲ ਦੇ ਤੌਰ ’ਤੇ। ਇਸ ਮੌਕੇ ਦੀ ਕੋਰੀਓਗ੍ਰਾਫੀ ਬਹੁਤ ਜ਼ਬਰਦਸਤ ਸੀ: ਕੋਈ ਜੰਗੀ ਜਨੂੰਨ ਨਹੀਂ ਸਗੋਂ ਸੋਚੇ ਵਿਚਾਰੇ ਸਿੱਟੇ ਦੇ ਰੂਪ ਵਜੋਂ।

ਇਹ ਹਮੇਸ਼ਾ ਸੋਚ ਵਿਚਾਰ ਅਤੇ ਬਹਿਸ ਦਾ ਖੇਤਰ ਰਿਹਾ ਹੈ, ਕੀ ਇਹ ਹੋਣਾ ਚਾਹੀਦਾ ਸੀ ਜਾਂ ਕੀ ਅਜਿਹਾ ਨਹੀਂ ਹੋਣਾ ਚਾਹੀਦਾ ਸੀ। ਟਕਰਾਅ ਦਾ ਖਾਤਮਾ ਕਦੇ ਵੀ ਸੌਖਾ ਫ਼ੈਸਲਾ ਨਹੀਂ ਹੁੰਦਾ। ਅਮੂਮਨ, ਦਰਸ਼ਕਾਂ ਨੂੰ ਸਿਆਸੀ ਉਦੇਸ਼ਾਂ ਬਾਰੇ ਗਿਆਨ ਨਹੀਂ ਹੁੰਦਾ ਜਿਸ ਕਰ ਕੇ ਇਸ ਤੋਂ ਬਾਅਦ ਬਹਿਸ ਹੋ ਜਾਂਦੀ ਹੈ। ਇਸ ਦੇ ਪ੍ਰਤੀਕਰਮ ਦੇ ਤੌਰ ’ਤੇ ਭਾਰਤ ਨੇ ਨਵੀਂਆਂ ਲਾਲ ਰੇਖਾਵਾਂ ਵਾਹੀਆਂ ਹਨ। ਉਨ੍ਹਾਂ ਦਾ ਐਲਾਨ ਕਰਨ ਦੀ ਲੋੜ ਨਹੀਂ ਹੈ- ਉਹ ਵਿਹਾਰਕ ਰੂਪ ਵਿੱਚ ਦ੍ਰਿਸ਼ਮਾਨ ਹੁੰਦੀਆਂ ਹਨ। ਸੰਦੇਸ਼ ਇਹ ਸੀ ਕਿ ਭਾਰਤ ਜੰਗ ਸ਼ੁਰੂ ਨਹੀਂ ਕਰੇਗਾ ਪਰ ਇਹ ਪਰਿਭਾਸ਼ਤ ਕਰੇਗਾ ਕਿ ਇਹ ਕਦੋਂ ਸ਼ੁਰੂ ਹੋਵੇਗੀ ਅਤੇ ਕਦੋਂ ਖ਼ਤਮ ਹੋਵੇਗੀ।

### ਰਣਨੀਤਕ ਸਿਆਣਪ ਹੀ ਅਸਲੀ ਰੋਕਥਾਮ

ਇਹ ਅਚਾਨਕ ਭੜਕਣ ਜਿਹਾ ਨਹੀਂ ਸੀ। ਇਹ ਪਰਖ ਸੀ, ਭਾਰਤ ਨੇ ਆਪਣਾ ਜਵਾਬ ਜ਼ਿਕਰਯੋਗ ਢੰਗ ਨਾਲ ਪਰਖਿਆ।

ਪ੍ਰਤੀਕਿਰਿਆਤਮਕ ਕ੍ਰੋਧ ਦੇ ਦਿਨ ਗਏ। ਇਸ ਦੀ ਜਗ੍ਹਾ ਨਪੀ-ਤੁਲੀ ਤਾਕਤ ਨੇ ਲੈ ਲਈ ਹੈ। ਹੱਲਾ ਜਦੋਂ ਲੋੜ ਪਵੇ। ਜਦੋਂ ਲੱਗੀ ਸੱਟ ਸਵੀਕਾਰੀ ਜਾਵੇ, ਰੁਕ ਜਾ । ਨਾਟਕਬਾਜ਼ੀ ਨਹੀਂ; ਸਿੱਧ ਕਰਨ ਦੀ ਲੋੜ ਨਹੀਂ।

### ਕਿਸ ਚੀਜ਼ ਨੇ ਇਹ ਤਬਦੀਲੀ ਲਿਆਂਦੀ?

ਸਮਰੱਥਾ ਨੇ, ਬਿਲਕੁਲ- ਭਾਰਤ ਕੋਲ ਅੱਜ ਫੌਰੀ ਬਦਲ ਮੌਜੂਦ ਹਨ ਪਰ ਉਸ ਤੋਂ ਵੀ ਜ਼ਿਆਦਾ, ਸਪੱਸ਼ਟਤਾ। ਝੂਠੇ ਦਵੰਦਾਂ ਲਈ ਕੋਈ ਜਗ੍ਹਾ ਨਹੀਂ। ਸੰਵਾਦ ਤੇ ਦਹਿਸ਼ਤ ਨਾਲੋ-ਨਾਲ ਨਹੀਂ ਚੱਲ ਸਕਦੇ। ਸਪੱਸ਼ਟ ਜਮਹੂਰੀਅਤ ਤੇ ਸਰਕਾਰੀ ਸ਼ਹਿ ਪ੍ਰਾਪਤ ਦਹਿਸ਼ਤੀ ਗੱਠਜੋੜ ਵਿਚਾਲੇ ਕੋਈ ‘ਨੈਤਿਕ ਸਮਾਨਤਾ’ ਨਹੀਂ ਹੋ ਸਕਦੀ।

ਇਹ ਪਰਪੱਕਤਾ ਅਚਾਨਕ ਨਹੀਂ ਆਈ। ਇਹ ਸੰਸਥਾਈ ਸੁਧਾਰ, ਸਿਵਲ-ਫ਼ੌਜੀ ਸੰਜੋਗ ਤੇ ਰਾਸ਼ਟਰੀ ਸਪੱਸ਼ਟਤਾ ਦਾ ਨਤੀਜਾ ਹੈ। ਭਾਰਤ ਜੰਗ ਨਹੀਂ ਚਾਹੁੰਦਾ ਪਰ ਇਹ ਵਧਣ ਤੋਂ ਵੀ ਨਹੀਂ ਡਰਦਾ। ਇਸ ਨੂੰ ਸੋਚੀ-ਸਮਝੀ ਰੋਕਥਾਮ ਕਹਿੰਦੇ ਹਨ।

ਇਸ ਤੋਂ ਉਲਟ ਪਾਕਿਸਤਾਨ ਦਾ ਅੰਦਰੂਨੀ ਪਤਨ ਜ਼ਾਹਿਰ ਹੋ ਚੁੱਕਾ ਹੈ। ਇਸ ਦਾ ਪਰਮਾਣੂ ਬਲੈਕਮੇਲ ਹੁਣ ਸਿਰਫ਼ ਬਲੈਕਮੇਲ ਹੈ, ਰੋਕਥਾਮ ਨਹੀਂ। ਸੰਸਾਰ ਇਸ ਨੂੰ ਦੇਖਦਾ ਹੈ। ਜੇ ਇਹ ਅਜਿਹਾ ਨਹੀਂ ਵੀ ਕਹਿੰਦਾ ਤਾਂ ਭਾਰਤੀ ਪ੍ਰਧਾਨ ਮੰਤਰੀ ਨੇ ਤਾਂ ਬਲੈਕਮੇਲ ਦਾ ਸਿੱਧਾ ਨਾਂ ਲਿਆ ਹੈ ਤੇ ਦਹਿਸ਼ਤੀ ਹਮਲੇ ਨੂੰ ਜੰਗ ਲਾਉਣ ਦਾ ਕਾਰਾ ਗਰਦਾਨਿਆ ਹੈ।

### ਗੱਠਜੋੜ ਜੋ ਖ਼ੁਦ ਨੂੰ ਹੀ ਖਾ ਰਿਹੈ

ਪਾਕਿਸਤਾਨ ਦੀ ਤਰਾਸਦੀ ਇਸ ਦੀ ਫ਼ੌਜ ਨਹੀਂ – ਇਹ ਇਸ ਦੇ ਲੋਕਾਂ ਦੀ ਚੁੱਪ, ਲਾਚਾਰੀ ਤੇ ਬੇਵਸੀ ਹੈ। ਮੁਲਕ ਜਿੱਥੇ ਉਦਾਰਵਾਦੀ ਆਵਾਜ਼ਾਂ ਨੂੰ ਚੁੱਪ ਕਰਾ ਦਿੱਤਾ ਜਾਂਦਾ ਹੈ, ਵਿਰੋਧ ਦਾ ਅਪਰਾਧੀਕਰਨ ਹੁੰਦਾ ਹੈ ਤੇ ਸਚਾਈ ਨੂੰ ਦੇਸ਼ਧ੍ਰੋਹ ਬਣਾ ਦਿੱਤਾ ਜਾਂਦਾ ਹੈ। ਸੂਝਵਾਨ ਪੀੜ ਸਹਿੰਦੇ ਹਨ ਤੇ ਕਮ-ਅਕਲ ਰਣਨੀਤੀਆਂ ਘੜਦੇ ਹਨ ਅਤੇ ਕੌਮਾਂਤਰੀ ਭਾਈਚਾਰਾ, ਆਪਣੀਆਂ ਵਿੱਤੀ ਸੰਸਥਾਵਾਂ ਤੇ ਕੰਮ-ਚਲਾਊ ਬਿਆਨਬਾਜ਼ੀ ਨਾਲ ਇਸ ਨਪੁੰਸਕਤਾ ਨੂੰ ਕਾਇਮ ਰੱਖਦਾ ਹੈ।

ਭਾਰਤ ਫ਼ਰਕ ਸਮਝਦਾ ਹੈ। ਸਾਡਾ ਜਵਾਬ ਕਦੇ ਵੀ ਪਾਕਿਸਤਾਨ ਦੇ ਲੋਕਾਂ ਨੂੰ ਦੰਡ ਦੇਣ ਵਾਲਾ ਨਹੀਂ ਰਿਹਾ। ਇਹ ਹਮੇਸ਼ਾ ਉਸ ਤੰਤਰ ਨੂੰ ਅਲੱਗ-ਥਲੱਗ ਕਰਨ ’ਤੇ ਕੇਂਦਰਿਤ ਰਿਹਾ ਹੈ ਜਿਸ ਨੇ ਉਨ੍ਹਾਂ ਨੂੰ ਬੰਧਕ ਬਣਾ ਰੱਖਿਆ ਹੈ।

ਪਰ ਕੋਈ ਭੁਲੇਖਾ ਨਾ ਪਾਲ਼ ਲੈਣਾ: ਜਿਵੇਂ ਸਾਡੇ ਪ੍ਰਧਾਨ ਮੰਤਰੀ ਨੇ ਕਿਹਾ ਹੈ, ਅਸੀਂ ਉਸ ਤੰਤਰ ਨੂੰ ਸਾਨੂੰ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਦਿਆਂਗੇ। ਨਾ ਹੀ ਗੱਲਬਾਤ ਦੇ ਨਿਯਮਾਂ ਦੀ ਪਰਿਭਾਸ਼ਾ ਤੈਅ ਕਰਨ ਦਿਆਂਗੇ। ਪਰਮਾਣੂ ਡਰਾਵਿਆਂ ਦੇ ਦਿਨ ਲੱਦ ਗਏ।

### ਦੁਨੀਆ ਦੀ ਸਮਝ ਤੋਂ ਪਰ੍ਹੇ- ਤੇ ਭਾਰਤ ਦਾ ਇਖਲਾਕੀ ਬੋਝ

ਇੱਥੇ ਹੀ ਬੁਨਿਆਦੀ ਵਿਰੋਧਾਭਾਸ ਆਉਂਦਾ ਹੈ: ਅਤਿਵਾਦ ਨੂੰ ਸਮੱਸਿਆ ਵਜੋਂ ਸਿਰਫ਼ ਉਦੋਂ ਲਿਆ ਜਾਂਦਾ ਹੈ ਜਦੋਂ ਇਹ ਪੱਛਮ ਨੂੰ ਸੱਟ ਮਾਰਦਾ ਹੈ। ਦਹਾਕਿਆਂ ਬੱਧੀ, ਭਾਰਤ ਦਹਿਸ਼ਤ ਦੀ ਆਲਮੀ ਪਰਿਭਾਸ਼ਾ ਤੈਅ ਕਰਾਉਣ ਲਈ ਅਪੀਲਾਂ ਕਰਦਾ ਰਿਹਾ। ਪਰ ਸੰਸਥਾਵਾਂ ਜਿਨ੍ਹਾਂ ਨੂੰ ਸਮਰੱਥਾ ਦੀ ਸਿਆਸਤ ਅਤੇ ਕਾਰੋਬਾਰੀ ਹਿੱਤਾਂ ਨੇ ਅਪੰਗ ਕੀਤਾ ਹੈ, ਗੋਲ-ਮੋਲ ਗੱਲਾਂ ਕਰ ਰਹੀਆਂ ਹਨ।

ਆਈਐੱਮਐੱਫ ਦੇ ਕਰਜ਼ੇ ਉਨ੍ਹਾਂ ਦੇਸ਼ਾਂ ਨੂੰ ਜਾ ਰਹੇ ਹਨ ਜਿਹੜੇ ਦਹਿਸ਼ਤ ਨੂੰ ਸ਼ਹਿ ਦੇ ਰਹੇ ਹਨ। ਬੇਕਸੂਰ ਮਰਦੇ ਹਨ ਜਦੋਂਕਿ ਹੱਲਾਂ ’ਤੇ ਸਹੀ ਨਹੀਂ ਪੈਂਦੀ। ਲੋਕਤੰਤਰਾਂ ਨੂੰ ਜਨਤਕ ਮੰਚਾਂ ਤੇ ਸਰਹੱਦ ਰਹਿਤ ਤੰਤਰਾਂ ਰਾਹੀਂ ਅਗਵਾ ਕੀਤਾ ਜਾ ਰਿਹਾ ਹੈ। ਤੰਤਰ ਨੂੰ ਨਿੱਜੀ ਮੁਫ਼ਾਦਾਂ ਲਈ ਵਰਤਿਆ ਜਾ ਰਿਹਾ ਹੈ।

ਭਾਰਤ ਬਹੁਤ ਇੰਤਜ਼ਾਰ ਕਰ ਚੁੱਕਾ ਹੈ। ਹੁਣ ਇਹ ਰਾਹ ਦਿਖਾ ਰਿਹਾ ਹੈ- ਦਬਦਬੇ ਦਾ ਨਹੀਂ, ਬਲਕਿ ਉਪਾਅ ਦਾ। ਵਿਚਾਰਧਾਰਾ ਭੇਜ ਕੇ ਨਹੀਂ, ਬਲਕਿ ਸਭਿਅਤਾਵਾਦੀ ਵਿਚਾਰ ਅਪਣਾ ਕੇ: ਸਾਂਝੇ ਮੁਕੱਦਰ ਦੇ ਅੰਦਰ ਵਖਰੇਵਿਆਂ ਦੀ ਸਹਿ-ਹੋਂਦ।

### ਨਵੀਂ ਵਿਵਸਥਾ: ਜਦੋਂ ਬਣੇਗੀ ਅਸੀਂ ਦੱਸਾਂਗੇ

ਅਨੇਕਤਾ ’ਚ ਏਕਤਾ ਸਿਰਫ਼ ਭਾਰਤ ਦੀ ਸੱਭਿਆਚਾਰਕ ਵਿਰਾਸਤ ਨਹੀਂ- ਇਹ ਇਸ ਦੀ ਭੂ-ਰਾਜਨੀਤਕ ਭੇਟ ਹੈ। ਵੰਡਪਾਊ ਸਾਜ਼ਿਸ਼ਾਂ ਤੇ ਪਛਾਣ ਦੇ ਸ਼ਸਤਰੀਕਰਨ ਦਾ ਇੱਕੋ-ਇੱਕ ਤੋੜ। ਅਤਿਵਾਦ ਨੂੰ ਪਰਿਭਾਸ਼ਤ ਕਰਨ ਜਾਂ ਆਪਣਾ ਜਵਾਬ ਦੇਣ ਲਈ ਭਾਰਤ ਹੁਣ ਦੁਨੀਆ ਦੀ ਹੋਰ ਉਡੀਕ ਨਹੀਂ ਕਰੇਗਾ। ਇਹ ਉਨ੍ਹਾਂ ਦਾ ਸਾਥ ਲਏਗਾ ਜਿਹੜੇ ਇਸ ਦੇ ਵਾਪਰਨ ’ਤੇ ਇਸ ਨੂੰ ਨਿੰਦਣਗੇ- ਨਾ ਸਿਰਫ਼ ਉਦੋਂ ਜਦੋਂ ਇਹ ਠੇਸ ਪਹੁੰਚਾਏਗਾ।

ਚੁੱਪ ਦੀ ਕੀਮਤ ਨਿਰਦੋਸ਼ਾਂ ਵੱਲੋਂ ਚੁਕਾਈ ਜਾਂਦੀ ਹੈ, ਉਦਾਸੀਨ ਰਹਿਣ ਵਾਲਿਆਂ ਵੱਲੋਂ ਨਹੀਂ। ਭਵਿੱਖ ਉਨ੍ਹਾਂ ਦਾ ਹੈ ਜਿਹੜੇ ਭਾਈਵਾਲੀ ਕਰਦੇ ਹਨ, ਨਾ ਕਿ ਉਨ੍ਹਾਂ ਦਾ ਜੋ ਦਬਾਅ ਬਣਾਉਂਦੇ ਹਨ।

ਯੁੱਧ ਦੇ ਲੱਛਣ ਬਦਲ ਰਹੇ ਹਨ। ‘ਜੰਗ ਤੋਂ ਪਹਿਲਾਂ ਹੀ ਜੰਗ ਜਿੱਤਣੀ’, ਤਣਾਅ ਦੀ ਨਵੀਂ ਪੌੜੀ ਦਾ ਹੁਣ ਹਿੱਸਾ ਹੈ। ਮੈਨੂੰ ਲੱਗਦਾ ਹੈ, ਇਸ ਦੇ ਹੋਰ ਵੀ ਬਹੁਤ ਪੌਡੇ ਹਨ, ਸਮਾਂ ਹੀ ਦੱਸੇਗਾ।

# ਹੁਣ ਚੀਨ 'ਤੇ ਧਿਆਨ ਕੇਂਦਰਿਤ ਕਰਨਾ ਜ਼ਰੂਰੀ- ਬ੍ਰਿਟਿਸ਼ ਮਾਹਿਰ

ਬ੍ਰਿਟਿਸ਼ ਮਾਹਰ ਡਾ. ਵਾਲਟਰ ਲਾਡਵਿਗ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਾਅਵਿਆਂ 'ਤੇ ਵੀ ਚਰਚਾ ਕੀਤੀ ਹੈ। ਡਾ. ਲਾਡਵਿਗ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਕਿਸੇ ਵਿਚੋਲਗੀ ਦੀ ਲੋੜ ਨਹੀਂ ਹੈ ਅਤੇ ਭਾਰਤ ਅਤੇ ਪਾਕਿਸਤਾਨ ਨੇ ਆਪਸੀ ਸਹਿਮਤੀ ਅਤੇ ਆਪਣੀ ਮਰਜ਼ੀ ਨਾਲ ਜੰਗਬੰਦੀ ਕੀਤੀ ਹੈ। ਕਿੰਗਜ਼ ਕਾਲਜ ਲੰਡਨ ਦੇ ਅੰਤਰਰਾਸ਼ਟਰੀ ਸਬੰਧਾਂ ਦੇ ਸੀਨੀਅਰ ਲੈਕਚਰਾਰ ਡਾ. ਵਾਲਟਰ ਲਾਡਵਿਗ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਤੋਂ ਬਾਅਦ ਗੋਲੀਬਾਰੀ ਰੋਕਣ ਲਈ ਹੋਇਆ ਸਮਝੌਤਾ ਮੁੱਖ ਤੌਰ 'ਤੇ ਦੋਵਾਂ ਧਿਰਾਂ ਦੀ ਇੱਛਾ 'ਤੇ ਅਧਾਰਤ ਸੀ।

ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਵਿੱਚ ਕਿਸੇ ਵੀ ਤਰ੍ਹਾਂ ਦਾ ਦਬਾਅ ਜਾਂ ਵਿਚੋਲਗੀ ਨਹੀਂ ਸੀ, ਜਿਵੇਂ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੁਨੀਆ ਨੂੰ ਦੱਸਿਆ ਹੈ।

### ਟਰੰਪ ਦੇ ਦਾਅਵਿਆਂ ਦਾ ਜਵਾਬ

ਵਾਲਟਰ ਲਾਡਵਿਗ ਨੇ ਕਿਹਾ ਕਿ ਭਾਰਤ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ ਵਿਕਾਸ ਦਰ ਅਸਮਾਨ ਛੂਹ ਰਹੀ ਹੈ, ਪ੍ਰਤੀ ਸਾਲ ਸੱਤ ਪ੍ਰਤੀਸ਼ਤ ਦੀ ਪ੍ਰਭਾਵਸ਼ਾਲੀ ਦਰ ਨਾਲ ਵਧ ਰਹੀ ਹੈ ਅਤੇ ਭਾਰਤ ਹੋਰ ਵੀ ਤੇਜ਼ੀ ਨਾਲ ਅੱਗੇ ਵਧੇਗਾ। ਭਾਰਤ-ਪਾਕਿਸਤਾਨ ਦੇ ਹਾਲੀਆ ਟਕਰਾਅ ਬਾਰੇ, ਕਿੰਗਜ਼ ਕਾਲਜ ਲੰਡਨ ਵਿਖੇ ਅੰਤਰਰਾਸ਼ਟਰੀ ਸਬੰਧਾਂ ਦੇ ਸੀਨੀਅਰ ਲੈਕਚਰਾਰ ਅਤੇ ਸੁਰੱਖਿਆ ਮਾਹਰ ਡਾ। ਵਾਲਟਰ ਲਾਡਵਿਗ ਕਹਿੰਦੇ ਹਨ," ...ਇਹ ਸੱਚਮੁੱਚ ਇੱਕ ਵਾਟਰਸ਼ੈੱਡ ਘਟਨਾ ਹੈ। ਅਸੀਂ ਇਸ ਅਰਥ ਵਿੱਚ ਅਣਜਾਣ ਖੇਤਰ ਵਿੱਚ ਹਾਂ ਕਿ ਸਾਡੇ ਕੋਲ ਕੋਈ ਇਤਿਹਾਸਕ ਨਹੀਂ ਹੈ...

ਟਰੰਪ ਦੇ ਦਾਅਵਿਆਂ ਬਾਰੇ, ਉਨ੍ਹਾਂ ਕਿਹਾ, "ਜਿਸ ਤਰ੍ਹਾਂ ਟਰੰਪ ਨੇ ਦਾਅਵਾ ਕੀਤਾ ਕਿ ਵਿਚੋਲਗੀ ਕੀਤੀ ਗਈ ਸੀ, ਮੈਨੂੰ ਨਹੀਂ ਲੱਗਦਾ ਕਿ ਅਸਲ ਵਿੱਚ ਕਿਸੇ ਵਿਚੋਲਗੀ ਦੀ ਲੋੜ ਸੀ।" ਉਨ੍ਹਾਂ ਕਿਹਾ ਕਿ ਅਮਰੀਕਾ ਗੱਲਬਾਤ ਕਰ ਰਿਹਾ ਸੀ, ਪਰ ਉਹ ਇਕੱਲਾ ਦੇਸ਼ ਨਹੀਂ ਸੀ। ਮੈਨੂੰ ਲੱਗਦਾ ਹੈ ਕਿ ਸੰਕਟ ਦਾ ਹੱਲ ਭਾਰਤ ਅਤੇ ਪਾਕਿਸਤਾਨ ਦੋਵਾਂ ਦੀਆਂ ਇੱਛਾਵਾਂ ਤੋਂ ਨਿਕਲਿਆ।

ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੰਮੂ-ਕਸ਼ਮੀਰ ਨਾਲ ਸਬੰਧਤ ਕੋਈ ਵੀ ਮੁੱਦਾ ਪਾਕਿਸਤਾਨ ਨਾਲ ਦੁਵੱਲੇ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਵਿੱਚ ਕਿਸੇ ਦੇ ਦਖਲ ਦੀ ਕੋਈ ਲੋੜ ਨਹੀਂ ਹੈ। ਭਾਰਤ ਨੇ ਕਿਹਾ ਹੈ ਕਿ ਇਸ ਵੇਲੇ ਮੁੱਖ ਮੁੱਦਾ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਨੂੰ ਖਾਲੀ ਕਰਨਾ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਮੀਡੀਆ ਬ੍ਰੀਫਿੰਗ ਦੌਰਾਨ ਸਪੱਸ਼ਟ ਕੀਤਾ ਸੀ ਕਿ ਜੰਮੂ-ਕਸ਼ਮੀਰ ਬਾਰੇ ਭਾਰਤ ਦੀ ਨੀਤੀ ਇਹ ਹੈ ਕਿ ਸਬੰਧਤ ਮੁੱਦਾ ਪਾਕਿਸਤਾਨ ਨਾਲ ਦੁਵੱਲੇ ਤੌਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ ਅਤੇ ਭਾਰਤ ਨੇ ਇਸ ਨੀਤੀ ਵਿੱਚ ਕੋਈ ਬਦਲਾਅ ਨਹੀਂ ਕੀਤਾ ਹੈ।

ਅਮਰੀਕਾ ਅਤੇ ਬਹੁਤ ਸਾਰੇ ਯੂਰਪੀ ਦੇਸ਼ ਭਾਰਤ ਨਾਲ ਰਣਨੀਤਕ ਭਾਈਵਾਲੀ ਬਣਾਉਣ ਲਈ ਕੰਮ ਕਰ ਰਹੇ ਹਨ ਕਿਉਂਕਿ ਉਹ ਅੱਜ ਅਤੇ ਅੱਗੇ ਵਧਦੇ ਹੋਏ ਭੂ-ਰਾਜਨੀਤਿਕ ਇਕਸਾਰਤਾ ਦੀ ਇੱਕ ਵਾਜਬ ਡਿਗਰੀ ਦੇਖਦੇ ਹਨ...," ਅੰਤਰਰਾਸ਼ਟਰੀ ਸਬੰਧਾਂ ਦੇ ਸੀਨੀਅਰ ਲੈਕਚਰਾਰ ਡਾ. ਵਾਲਟਰ ਲਾਡਵਿਗ ਕਹਿੰਦੇ ਹਨ।

ਜੈਸਵਾਲ ਨੇ ਕਿਹਾ, "ਭਾਰਤ ਦਾ ਇਹ ਲੰਬੇ ਸਮੇਂ ਤੋਂ ਸਟੈਂਡ ਰਿਹਾ ਹੈ ਕਿ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਨਾਲ ਸਬੰਧਤ ਕੋਈ ਵੀ ਮੁੱਦਾ ਭਾਰਤ ਅਤੇ ਪਾਕਿਸਤਾਨ ਦੁਆਰਾ ਦੁਵੱਲੇ ਤੌਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਸਾਡਾ ਲੰਬਿਤ ਮਾਮਲਾ ਪਾਕਿਸਤਾਨ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਕਬਜ਼ੇ ਵਾਲੇ ਭਾਰਤੀ ਖੇਤਰ ਨੂੰ ਖਾਲੀ ਕਰਵਾਉਣਾ ਹੈ।"

ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਦੀ ਸ਼ੁਰੂਆਤ ਤੋਂ ਹੀ ਭਾਰਤ ਅਤੇ ਅਮਰੀਕਾ ਵਿਚਕਾਰ ਫੌਜੀ ਸਥਿਤੀ 'ਤੇ ਚਰਚਾ ਹੋਈ ਸੀ, ਪਰ ਇਸ ਸਮੇਂ ਦੌਰਾਨ ਕਿਸੇ ਵੀ ਚਰਚਾ ਵਿੱਚ ਵਪਾਰ ਦਾ ਮੁੱਦਾ ਨਹੀਂ ਉਠਾਇਆ ਗਿਆ। ਉਨ੍ਹਾਂ ਕਿਹਾ, "7 ਮਈ ਤੋਂ ਲੈ ਕੇ 10 ਮਈ ਨੂੰ ਜੰਗਬੰਦੀ ਦੇ ਐਲਾਨ ਤੱਕ, ਅਮਰੀਕਾ ਨਾਲ ਫੌਜੀ ਸਥਿਤੀ ਬਾਰੇ ਚਰਚਾ ਹੋਈ, ਪਰ ਇਸ ਵਿੱਚ ਵਪਾਰ ਦਾ ਮੁੱਦਾ ਨਹੀਂ ਉਠਾਇਆ ਗਿਆ।"

### 'ਕਈ ਦੇਸ਼ ਭਾਰਤ ਦੇ ਨਾਲ ਖੜ੍ਹੇ ਸਨ'

ਦਰਅਸਲ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਟਿੱਪਣੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਨੂੰ ਸੁਲਝਾਉਣ ਲਈ ਅਮਰੀਕੀ ਯਤਨਾਂ ਦੇ ਸੰਦਰਭ ਵਿੱਚ ਵਪਾਰ ਦਾ ਜ਼ਿਕਰ ਕਰਦੇ ਹੋਏ ਕੀਤੀ ਸੀ। ਰਣਧੀਰ ਜੈਸਵਾਲ ਨੇ ਟਰੰਪ ਦੀ ਇਸ ਟਿੱਪਣੀ ਸੰਬੰਧੀ ਤਸਵੀਰ ਨੂੰ ਸਪੱਸ਼ਟ ਕੀਤਾ ਹੈ। ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਨੂੰ ਖਤਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਦਾ ਜਵਾਬ ਦਿੰਦੇ ਹੋਏ, ਡਾ। ਲਾਡਵਿਗ ਨੇ ਕਿਹਾ ਕਿ ਪੱਛਮੀ ਸਰਕਾਰਾਂ ਅਤੇ ਰੂਸ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਅੱਤਵਾਦ ਨਾਲ ਲੜਨ ਦੀ ਜ਼ਰੂਰਤ ਬਾਰੇ ਗੱਲ ਕੀਤੀ ਅਤੇ ਸਾਰੇ ਦੇਸ਼ ਭਾਰਤ ਦੇ ਨਾਲ ਖੜ੍ਹੇ ਸਨ। ਉਨ੍ਹਾਂ ਕਿਹਾ ਕਿ ਅਮਰੀਕੀ ਸਰਕਾਰਾਂ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਮਹੱਤਵਪੂਰਨ ਭਾਈਵਾਲ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਅਤੇ ਅਜਿਹੀ ਸਥਿਤੀ ਵਿੱਚ ਜੇਕਰ ਭਾਰਤ ਪਾਕਿਸਤਾਨ ਨਾਲ ਟਕਰਾਅ ਵਿੱਚ ਉਲਝਿਆ ਰਹਿੰਦਾ ਹੈ, ਤਾਂ ਉਸਦਾ ਧਿਆਨ ਏਸ਼ੀਆ ਦੀ ਵੱਡੀ ਤਸਵੀਰ ਤੋਂ ਭਟਕ ਸਕਦਾ ਹੈ ਅਤੇ ਇਹ ਅਮਰੀਕਾ ਦੇ ਹਿੱਤ ਵਿੱਚ ਨਹੀਂ ਹੈ।

ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਅੱਤਵਾਦੀਆਂ ਵਿਰੁੱਧ ਜਵਾਬੀ ਕਾਰਵਾਈ ਕੀਤੀ ਅਤੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਅਤੇ ਪੀਓਕੇ ਵਿੱਚ ਸਥਿਤ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਅਤੇ ਇਸ ਆਪ੍ਰੇਸ਼ਨ ਵਿੱਚ ਲਗਭਗ 100 ਅੱਤਵਾਦੀ ਮਾਰੇ ਗਏ।

### 'ਆਪ੍ਰੇਸ਼ਨ ਸਿੰਦੂਰ' ਵਿੱਚ ਭਾਰਤ ਨੂੰ ਸਫਲਤਾ ਮਿਲੀ'

ਇਸ ਤੋਂ ਪਹਿਲਾਂ 2016 ਵਿੱਚ ਵੀ, ਭਾਰਤ ਨੇ ਕੰਟਰੋਲ ਰੇਖਾ ਪਾਰ ਕਰਕੇ ਅੱਤਵਾਦੀ ਟਿਕਾਣਿਆਂ 'ਤੇ ਸਰਜੀਕਲ ਸਟ੍ਰਾਈਕ ਕੀਤੀ ਸੀ ਅਤੇ 2019 ਵਿੱਚ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਜਵਾਬੀ ਕਾਰਵਾਈ ਕੀਤੀ ਸੀ ਅਤੇ ਅੱਤਵਾਦੀ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ ਸਨ। ਪਹਿਲਗਾਮ ਅੱਤਵਾਦੀ ਹਮਲੇ ਦੀ ਵਿਸ਼ਵ ਪੱਧਰ 'ਤੇ ਨਿੰਦਾ ਕੀਤੀ ਗਈ ਹੈ।

# ਜੰਮੂ ! ਸਵਰਗ ਜਾਣ ਦਾ ਦਰਵਾਜ਼ਾ



ਜੰਮੂ ਤੋਂ ਟੈਕਸੇਸ਼ਨ ਦੇ ਡਿਪਟੀ ਕਮਿਸ਼ਨਰ ਵਜੋਂ ਰਿਟਾਇਰਡ ਸ੍ਰੀ ਰਵੀ ਸ਼ਰਮਾ ਅਤੇ ਉਹਨਾਂ ਦੀ ਧਰਮ ਪਤਨੀ ਨਿਸਚੈ ਸ਼ਰਮਾ ਨਾਲ ਲੇਖਕ ਅਤੇ ਉਹਨਾਂ ਦੀ ਸੁਪਤਨੀ



ਸ੍ਰੀ ਰਵੀ ਸ਼ਰਮਾ ਅਤੇ ਉਹਨਾਂ ਦੀ ਧਰਮ ਪਤਨੀ ਨਿਸਚੈ ਸ਼ਰਮਾ



ਸ੍ਰੀ ਰਵੀ ਸ਼ਰਮਾ ਅਤੇ ਨਿਸਚੈ ਸ਼ਰਮਾ, ਦੀ ਹਾਲ ਹੀ ਵਿਚ ਲਈ ਗਈ ਇਕ ਤਸਵੀਰ



ਬਲਬੀਰ ਸਿੰਘ ਐਮ. ਏ.

ਅਸੀਂ ਜੰਮੂ ਜਾਣ ਲਈ ਬੱਸ ਰਾਤੀ ਇਕ ਵਜੇ ਨਵਾਂ ਸ਼ਹਿਰ ਬਾਈਪਾਸ ਤੋਂ ਫੜਨ ਵਾਸਤੇ ਦੋ ਘੰਟੇ ਪਹਿਲਾਂ ਹੀ ਪਹੁੰਚ ਗਏ। ਅੱਜਕਲ੍ਹ ਦਿੱਲੀ ਜੰਮੂ ਡੀਲਕਸ ਏਅਰ ਕੰਡੀਸ਼ਨਰ ਬੱਸਾਂ ਚਲਦੀਆਂ ਹਨ, ਕਿਰਾਇਆ 1 ਹਜ਼ਾਰ ਤੋਂ ਆਰੰਭ ਹੋ ਕੇ 2500 ਰੁਪਏ ਤੱਕ ਹੈ।

ਖੈਰ, ਬੱਸ ਸੀਟਾਂ ਅਸੀਂ ਪਹਿਲਾਂ ਹੀ ਬੁੱਕ ਕਰਵਾ ਲਈਆਂ ਸਨ ਤੇ ਬੱਸ ਵਾਲੇ ਡਰਾਈਵਰ ਦਾ ਫੋਨ ਆਇਆ ਕਿ ਤੁਸੀਂ ਹਾਈਵੇ ਦੇ ਉਪਰ ਆ ਕੇ ਖੜ੍ਹੇ ਹੋ ਜਾਵੇ, ਅਸੀਂ ਸਰਵਿਸ ਰੋਡ ’ਤੇ ਨਹੀਂ ਬੱਸ ਲੈ ਕੇ ਆਉਣੀ।

ਬੱਸ ਵਾਲਾ ਤਾਂ ਰਾਤੀ ਸ਼ਾਹਿਦ ਨਾ ਖੜ੍ਹੀ ਕਰਦਾ ਪਰ ਸਾਡੇ ਕੋਲੋਂ ਦੋ ਮੋਟਰ ਸਾਈਕਲਾਂ ਵਾਲੇ ਲੰਘੇ ਸਨ, ਸ਼ਾਇਦ ਅੰਮ੍ਰਿਤਸਰ ਜਾਣਾ ਸੀ, ਰਸਤਾ ਪੁੱਛਣ ਲੱਗੇ। ਉਹਨਾਂ ਨੇ ਸਾਡੀ ਮਦਦ ਕੀਤੀ, ਬੱਸ ਨੂੰ ਰੋਕਣ ਦੀ। ਖੈਰ, ਬੱਸ ’ਚ ਚੜ੍ਹੇ ਤੇ ਤੀਜੀ ਚੌਥੀ ਸੀਟ ਸਾਡੀ ਸੀ ਬੁੱਕ, ਸੋ ਅਸੀਂ ਆਰਾਮ ਨਾਲ ਬੈਠ ਗਏ।

ਉਸ ਬੱਸ 8ਚ ਕੁਝ ਸਵਾਰੀਆਂ ਸੌਣ ਵਾਲੀਆਂ ਸੀਟਾਂ ਬੁੱਕ ਕਰਵਾਈਆਂ ਹੋਈਆਂ ਸਨ ਤੇ ਅਸੀਂ ਸਿਰਫ ਬੈਠਣ ਵਾਲੀਆਂ ਹੀ ਸੀਟਾਂ ਲਈਆਂ ਸਨ।

6 ਘੰਟੇ ਦਾ ਸਫਰ ਹੈ ਨਵਾਂ ਸ਼ਹਿਰ ਤੋਂ ਜੰਮੂ। ਅਸੀਂ ਸਵੇਰੇ 7 ਵਜੇ ਠੀਕ ਪਹੁੰਚ ਗਏ ਤੇ ਉਥੇ ਸਾਨੂੰ ਮੇਰੀ ਸੁਪਤਨੀ ਦੀ 1975 ਵੇਲੇ ਨਾਲ ਪੜ੍ਹਦੀ ਸਹੇਲੀ ਲੈਣ ਆਈ ਹੋਈ ਸੀ, ਜਗ੍ਹਾ ਸੀ ਕੇ. ਸੀ. ਪੀ. ਵੀ. ਆਰ. ਨੇੜੇ ਬਖਸ਼ੀ ਨਗਰ ਜੰਮੂ। ਇਹ ਉਥੇ ਦਾ ਸਭ ਤੋਂ ਪੁਰਾਣਾ ਸਿਨੇਮਾ ਹਾਲ ਹੈ ਜੋ ਹਾਲੇ ਵੀ ਸਬੂਤਾ ਖੜ੍ਹਾ ਹੈ ਪਰ ਫਿਲਮ ਨਹੀਂ ਲੱਗਦੀ ਹੁਣ।

ਮੇਰੀ ਸੁਪਤਨੀ ਦੀ ਸਹੇਲੀ ਤੇ ਉਸਦੇ ਪਤੀ ਸੜਕ ’ਤੇ ਸਾਡਾ ਬਹੁਤ ਚਾਅ ਤੇ ਪਿਆਰ ਨਾਲ ਇੰਤਜ਼ਾਰ ਕਰ ਰਹੇ ਸਨ। ਉਹਨਾਂ ਦੀ ਕਾਰ ’ਚ ਅਸੀਂ ਉਹਨਾਂ ਦੇ ਘਰ ਜਲਦੀ ਹੀ ਅੱਪੜ ਗਏ ਤੇ ਅਗਲੇ ਦੋ ਦਿਨਾਂ ਲਈ ਅਸੀਂ ਉਥੇ ਰਹਿਣਾ ਸੀ ਤੇ ਜੰਮੂ ਵਿਚ ਹੋਰ ਵੀ ਨਾਲ ਪੜ੍ਹਦੀ 1975 ਵਿਚ ਇਕ ਲੜਕੀ ਨੂੰ ਲੱਭਣਾ ਵੀ ਸੀ।

ਹਰਜੀਤ ਕੌਰ ਨਾਂ ਦੀ ਲੜਕੀ ਨੂੰ ਲੱਭਣ ਲਈ ਬਹੁਤ ਜ਼ਿਆਦਾ ਦੌੜ-ਭੱਜ ਨਹੀਂ ਕਰਨੀ ਪਈ ਪਰ ਅਸੀਂ ਉਸ ਉਸ ਨੂੰ ਮਿਲ ਨਹੀਂ ਸਕੇ ਕਿਉਂਕਿ ਮੇਰੀ ਸੁਪਤਨੀ ਦੀ ਉਹ ਸਹੇਲੀ 1993 ਵਿਚ ਹੀ ਇਸ ਦੁਨੀਆਂ ਤੋਂ ਵਿਦਾ ਹੋ ਗਈ ਸੀ। ਖੈਰ ਮਨ ਨੂੰ ਦੁੱਖ ਤਾਂ ਬਹੁਤ ਹੋਇਆ ਪਰ ਜ਼ਿੰਦਗੀ ਰੁਕਦੀ ਨਹੀਂ। ਅਸੀਂ ਉਥੇ ਉਹ ਕਾਲਜ ਵੇਖਣ ਗਏ, ਜਿੱਥੇ ਮੇਰੀ ਸੁਪਤਨੀ ਅਤੇ ਸਹੇਲੀਆਂ ਪੜ੍ਹਦੀਆਂ ਸਨ।

ਕਾਲਜ ਦੀਆਂ ਯਾਦਾਂ ਨੂੰ ਮੁੜ ਕੇ ਤਾਜ਼ਾ ਕਰਕੇ ਵਾਪਸ ਅਸੀਂ ਸਹੇਲੀ ਦੇ ਘਰ ਆ ਗਏ।

ਮੇਰੀ ਸੁਪਤਨੀ ਤੇ ਉਹਨਾਂ ਦੀ ਸਹੇਲੀ ਨੇ ਦੋ ਦਿਨਾਂ ’ਚ ਪਿਛਲੇ 50 ਵਰ੍ਹਿਆਂ ਦੀਆਂ ਸਾਰੀਆਂ ਗੱਲਾਂ ਕਰਨ ਲਏ ਬਹੁਤ ਸਮਾਂ ਉਡੀਕਿਆ ਸੀ ਪਰ ਜੰਮੂ ਦੇ ਵੱਖ-ਵੱਖ ਇਲਾਕਿਆਂ ’ਚ ਘੁੰਮ ਫਿਰ ਕੇ, ਵੇਖ ਕੇ ਅਸੀਂ ਦੋ ਦਿਨਾਂ ਬਾਅਦ ਪੰਜਾਬ ਨੂੰ ਵਾਪਸ ਆਉਣ ਲਈ ਤਿਆਰੀ ਕੀਤੀ। ਮੇਰੀ ਸੁਪਤਨੀ ਦੀ ਸਹੇਲੀ ਤੇ ਉਸਦੇ ਪਤੀ ਦੇਵ ਹੁਣ ਦੋਵੇਂ ਰਿਟਾਇਰਡ ਹੋ ਚੁੱਕੇ ਹਨ ਤੇ ਆਰਾਮ ਦੀ ਜ਼ਿੰਦਗੀ ਬਤੀਤੀ ਕਰ ਰਹੇ ਹਨ।

ਦੋਵੇਂ ਪਤੀ-ਪਤਨੀ ਬਹੁਤ ਹੀ ਮਿ-ਲਣਸਾਰ ਤੇ ਖੁੱਲ੍ਹੇ ਦਿਲ ਵਾਲੇ ਹਨ। ਮੈਨੂੰ ਬੜੀ ਖੁਸ਼ੀ ਹੋਈ ਉਹਨਾਂ ਨੂੰ ਮਿਲ ਕੇ ਉਹ ਸਹੇਲੀ ਹਾਲੇ ਵੀ ਮੇਰੀ ਸੁਪਤਨੀ ਨੂੰ ਉਵੇਂ ਹੀ ਪਿਆਰ ਕਰਦੀ ਹੈ, ਜਿਵੇਂ 50 ਸਾਲ ਪਹਿਲਾਂ ਕਾਲਜ ਜਾਣ ਵੇਲੇ ਕਰਦੀ ਸੀ।

ਇਸ ਵਾਰ ਅਸੀਂ ਉਹ ਤਮੰਨਾ ਵੀ ਪੂਰੀ ਕੀਤੀ, ਜਿਸ ਨੂੰ ਜਦੋਂ ਵੀ ਪੰਜਾਬ ਜਾਣਾ ਸੁਪਤਨੀ ਵੱਲੋਂ ਹਮੇਸ਼ਾ ਇਸ ਸਹੇਲੀ ਨੂੰ ਯਾਦ ਕੀਤਾ ਜਾਣਾ ਸੀ।

ਜੰਮੂ ਵਿਚ ਰਾਜਮਾਂਹ ਬਹੁਤ ਹੀ ਮਸ਼ਹੂਰ ਹਨ ਤੇ ਹਰ ਘਰ ਤਕਰੀਬਨ ਚਾਵਲ-ਰਾਜਮਾਂਹ ਬਣਦੇ ਹਨ। ਉਹਨਾਂ ਦੇ 4 ਪੈਕਟ ਵੀ ਸਾਨੂੰ ਤੋਹਫੇ ਵਜੋਂ ਦਿੱਤੇ, ਜਿਹਨਾਂ ਨੂੰ ਕੁਝ ਅਸੀਂ ਅਮਰੀਕਾ ਲੈ ਆਏ ਹਾਂ।

ਜ਼ਿੰਦਗੀ ਦੇ ਉਹ ਪਲ ਜੋ 50 ਸਾਲਾਂ ਬਾਅਦ ਫਿਰ ਨਵੇਂ ਨਕੋਰ ਹੋ ਗਏ। ਇਹ ਕੋਈ ਪਿਛਲੇ ਜਨਮ ਦਾ ਸਬੰਧ ਹੈ, ਜੋ ਇਨਸਾਨ ਇੰਨੇ ਵਰ੍ਹਿਆਂ ਤੱਕ ਯਾਦ ਰੱਖਦਾ ਹੈ ਤੇ ਉਵੇਂ ਹੀ ਵਰਤਦਾ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ।

ਮੇਰੀ ਸੁਪਤਨੀ ਵੀ ਜ਼ਿੰਦਗੀ ਦੀ ਉਸ ਯਾਦ ਨੂੰ ਮੁੜ ਤਾਜ਼ਾ ਕਰ ਵਾਪਸ ਪੰਜਾਬ ਵਿਚ ਆਉਣ ਲਈ ਬੱਸ ’ਚ ਬੈਠ ਗਏ ਤੇ ਇਹਨਾਂ ਦੀ ਸਹੇਲੀ ਤੇ ਉਹਨਾਂ ਦੇ ਪਤੀ ਦੇਵ ਚਲਦੀ ਬੱਸ ਵੱਲ ਹੱਥ ਖਿਲਾਰਦੇ ਰਹੇ ਤੇ ਫਿਰ ਆਉਣ ਦਾ ਵਾਅਦਾ ਲੈ ਕੇ ਫਿਰ ਵਿਛੜ ਗਏ, ਫਿਰ ਵੇਖਦੇ ਹਾਂ ਕਦੋਂ ਮੇਲੇ ਹੁੰਦੇ ਹਨ।

ਨਦੀ ਨੀਰ ਸੰਯੋਗੀ ਮੇਲੇ

ਜ਼ਿੰਦਗੀ ਬੱਸ ਚੱਲਣ ਦਾ ਨਾਂ ਹੈ, ਸ਼ਾਇਦ ਫਿਰ ਕਿਧਰੇ ਮਿਲ ਸਕੀਏ।

***

# ਬਦਲਦੇ ਦੁਨਿਆਵੀ ਅਰਥਚਾਰੇ ਦੇ ਕੀ ਨਫੇ-ਨੁਕਸਾਨ ਹੋਣਗੇ



ਰਾਜੀਵ ਖੋਸਲਾ

ਕੁਝ ਮਹੀਨਿਆਂ ਦੌਰਾਨ ਸੰਸਾਰ ਭਰ ਦੇ ਵਿੱਤੀ ਬਾਜ਼ਾਰਾਂ ਅਤੇ ਵਪਾਰ ਨੀਤੀਆਂ ਵਿੱਚ ਅਨਿਸ਼ਚਿਤਤਾ ਹੈ। ਕੌਮਾਂਤਰੀ ਮੁਦਰਾ ਕੋਸ਼, ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ ਆਦਿ ਦੁਆਰਾ ਵਿਸ਼ਵ ਆਰਥਿਕ ਵਿਕਾਸ ਘਟਣ ਦੀਆਂ ਭਵਿੱਖਬਾਣੀਆਂ, ਸੋਨੇ ਦੀਆਂ ਕੀਮਤਾਂ ਵਿੱਚ ਬੇਮਿਸਾਲ ਵਾਧਾ, ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿੱਚ ਉਤਰਾਅ-ਚੜ੍ਹਾਅ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਉਪਰੋਕਤ ਤੱਥਾਂ ਦੀ ਗਵਾਹੀ ਭਰਦੇ ਹਨ। ਇਹ ਘਟਨਾਕ੍ਰਮ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੀਆਂ ਅਨਿਸ਼ਚਿਤ ਇਮੀਗ੍ਰੇਸ਼ਨ (ਪਰਵਾਸ) ਅਤੇ ਟੈਰਿਫ (ਵਿਦੇਸ਼ੀ ਮਾਲ ਤੇ ਕਸਟਮ ਡਿਊਟੀ) ਨੀਤੀਆਂ ਦਾ ਸਿੱਟਾ ਹੈ ਜਿਸ ਕਾਰਨ ਨਾ ਸਿਰਫ ਵਿਸ਼ਵ ਵਪਾਰ ਪ੍ਰਭਾਵਿਤ ਹੋਇਆ ਹੈ ਬਲਕਿ ਦੁਨੀਆ ਦੀ ਆਰਥਿਕ ਵਿਵਸਥਾ ਵਿਚ ਵੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਟਰੰਪ ਨੇ ਹੁਣ ਇਮੀਗ੍ਰੇਸ਼ਨ ਅਤੇ ਟੈਰਿਫ ਮੁੱਦਿਆਂ ’ਤੇ ਆਪਣਾ ਰੁਖ਼ ਕੁਝ ਨਰਮ ਕੀਤਾ ਹੈ। ਉਂਝ, ਇਹ ਕੋਈ ਪਹਿਲੀ ਵਾਰ ਨਹੀਂ ਕਿ ਅਮਰੀਕਾ ਇਉਂ ਸੁਰੱਖਿਆਵਾਦੀ ਬਣਿਆ ਹੈ। ਅਤੀਤ ਵਿੱਚ ਵੀ ਅਮਰੀਕਾ ਵਿਚ ਵੱਖੋ-ਵੱਖ ਰਾਸ਼ਟਰਪਤੀਆਂ ਨੇ ਅਜਿਹੀਆਂ ਨੀਤੀਆਂ ਅਪਣਾਈਆਂ ਹਨ।

1776 ਵਿੱਚ ਆਜ਼ਾਦੀ ਤੋਂ ਬਾਅਦ ਜਾਰਜ ਵਾਸ਼ਿੰਗਟਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣੇ ਜਿਨ੍ਹਾਂ ਨੇ 1790 ਵਿੱਚ ਨੈਚੁਰਲਾਈਜ਼ੇਸ਼ਨ ਐਕਟ ਲਿਆਂਦਾ। ਇਸ ਅਨੁਸਾਰ, ਗੈਰ-ਦਾਗ਼ੀ (non-tianted) ਗੋਰਿਆਂ ਨੂੰ ਅਮਰੀਕਾ ਦੀ ਨਾਗਰਿਕਤਾ ਦਿੱਤੀ ਗਈ (ਅਫਰੀਕੀ ਤੇ ਏਸ਼ਿਆਈ ਲੋਕਾਂ ਨੂੰ ਛੱਡ ਕੇ)। ਉਨ੍ਹਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਬ੍ਰਿਟੇਨ ਜਾਂ ਫਰਾਂਸ (ਜੋ ਉਸ ਵੇਲੇ ਲੜ ਰਹੇ ਸਨ) ਦਾ ਪੱਖ ਲੈਣ ਦੀ ਲੋੜ ਨਹੀਂ। ਸਮੇਂ ਨਾਲ ਆਇਰਲੈਂਡ, ਜਰਮਨੀ, ਪੋਲੈਂਡ, ਇਟਲੀ, ਹੰਗਰੀ, ਇੱਥੋਂ ਤੱਕ ਕਿ ਚੀਨ ਦੇ ਲੋਕ ਵੀ ਅਮਰੀਕਾ ਚਲੇ ਗਏ ਪਰ 1854 ਵਿੱਚ ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੇ ਉਭਾਰ ਨਾਲ ਅਮਰੀਕਾ ਨੇ ਇਮੀਗ੍ਰੇਸ਼ਨ ’ਤੇ ਸਖ਼ਤੀ ਕੀਤੀ। ਆਰਥਰ ਚੈਸਟਰ ਜੋ ਰਿਪਬਲਿਕਨ ਪਾਰਟੀ ਵੱਲੋਂ ਅਮਰੀਕੀ ਰਾਸ਼ਟਰਪਤੀ ਬਣੇ, ਨੇ ਚੀਨੀ ਬੇਦਖਲੀ ਐਕਟ ਲਿਆਂਦਾ ਜਿਸ ਅਨੁਸਾਰ ਚੀਨੀ ਮਜ਼ਦੂਰਾਂ ਦੇ ਇਮੀਗ੍ਰੇਸ਼ਨ ’ਤੇ 10 ਸਾਲਾਂ ਲਈ ਪਾਬੰਦੀ ਲਗਾਈ ਗਈ ਅਤੇ ਚੀਨੀ ਪਰਵਾਸੀਆਂ ਨੂੰ ਨੈਚੁਰਲਾਈਜ਼ਡ ਨਾਗਰਿਕ ਬਣਨ ਤੋਂ ਰੋਕਿਆ ਗਿਆ। ਰਾਸ਼ਟਰਪਤੀ ਕੈਲਵਿਨ ਕੂਲੀਜ (ਡੈਮੋਕ੍ਰੇਟ) ਦੇ ਜੌਨਸਨ-ਰੀਡ ਐਕਟ-1924 ਦੇ ਹੋਂਦ ਵਿਚ ਆਉਣ ਤੋਂ ਬਾਅਦ ਦੁਨੀਆ ਦੇ ਦੂਜੇ ਹਿੱਸਿਆਂ ਤੇ ਕੌਮੀਅਤ ਦੇ ਆਧਾਰ ’ਤੇ ਅਮਰੀਕਾ ਵਿਚ ਇਮੀਗ੍ਰੇਸ਼ਨ ਨੂੰ ਸੀਮਤ ਕਰਨ ਲਈ ਸਖਤ ਕੋਟੇ ਬਣਾਏ ਗਏ ਤਾਂ ਜੋ ਚੀਨ ਨਾਲ ਕੁਝ ਇਨਸਾਫ਼ ਹੋ ਸਕੇ। 1950 ਅਤੇ 60 ਵਾਲੇ ਦਹਾਕੇ ਵਿੱਚ ਜਦੋਂ ਅਮਰੀਕਾ ਹਾਈ-ਟੈਕ ਬੁਨਿਆਦੀ ਢਾਂਚਾ, ਹਾਈਵੇਅ, ਸਿਲੀਕਾਨ ਵੈਲੀ ਤੇ ਮਸ਼ੀਨਾਂ ਬਣਾਉਣ ਦੀ ਪ੍ਰਕਿਰਿਆ ’ਚ ਰੁੱਝਿਆ ਸੀ ਤਾਂ ਇਸ ਨੂੰ ਹੁਨਰਮੰਦ ਤੇ ਸਸਤੇ ਮਜ਼ਦੂਰਾਂ ਦੀ ਜ਼ਰੂਰਤ ਮਹਿਸੂਸ ਹੋਈ। ਰਾਸ਼ਟਰਪਤੀ ਲਿੰਡਨ ਜੌਹਨਸਨ (ਡੈਮੋਕ੍ਰੇਟ) ਨੇ ਇਮੀਗ੍ਰੇਸ਼ਨ ਤੇ ਰਾਸ਼ਟਰੀਅਤਾ ਐਕਟ-1963 ਲਿਆਂਦਾ ਜਿਸ ਨੇ ਨਾਗਰਿਕਤਾ ’ਚ ਕਿਸੇ ਵੀ ਰਾਸ਼ਟਰੀਅਤਾ ਦਾ ਪੱਖ ਲੈਣਾ ਬੰਦ ਕਰ ਦਿੱਤਾ।

ਜਿੱਥੋਂ ਤੱਕ ਟੈਰਿਫ ਦਾ ਸਵਾਲ ਹੈ, ਰਿਪਬਲਿਕਨ ਪਾਰਟੀ ਦੇ ਪਹਿਲੇ ਤੇ ਅਮਰੀਕਾ ਦੇ 16ਵੇਂ ਰਾਸ਼ਟਪਤੀ ਅਬਰਾਹਿਮ ਲਿੰਕਨ ਨੇ 1861 ਦੇ ਮੋਰਿਲ ਟੈਰਿਫ ਐਕਟ ਦੀ ਵਰਤੋਂ ਕੀਤੀ। ਐਕਟ-ਭਾਵੇਂ ਰਾਸ਼ਟਪਤੀ ਜੌਨ ਬੁਕਾਨਨ (ਡੈਮੋਕ੍ਰੇਟ) ਦੁਆਰਾ ਲਿੰਕਨ ਦੇ ਰਾਸ਼ਟਰਪਤੀ ਬਣਨ ਤੋਂ ਦੋ ਦਿਨ ਪਹਿਲਾਂ ਹੀ ਲਿਆਂਦਾ ਗਿਆ ਸੀ (ਇਸ ਤਹਿਤ ਔਸਤ ਟੈਰਿਫ ਦਰਾਂ 17% ਤੋਂ 21% ਤੱਕ ਵਧਾ ਦਿੱਤੀਆਂ ਸਨ) ਪਰ ਲਿੰਕਨ ਦੇ ਸ਼ਾਸਨ ਦੌਰਾਨ ਇਹ ਦਰਾਂ ਸਾਲ 1865 ਤੱਕ ਵਧਾ ਕੇ 38% ਕਰ ਦਿੱਤੀਆਂ ਗਈਆਂ। ਇਹ ਦਰਾਂ ਸਾਲ 1894 ਵਿੱਚ ਰਾਸ਼ਟਰਪਤੀ ਕਲੀਵਲੈਂਡ (ਡੈਮੋਕ੍ਰੇਟ) ਨੇ ਘਟਾਈਆਂ। ਮੁੜ ਸਾਲ 1897 ਵਿੱਚ ਵਿਲੀਅਮ ਮੈਕਕਿਨਲੇ ਜਿਸ ਦੀ ਟਰੰਪ ਸਭ ਤੋਂ ਵੱਧ ਪ੍ਰਸ਼ੰਸਾ ਕਰਦੇ ਹਨ, ਨੇ ਡਿੰਗਲੇ ਐਕਟ ਲਿਆਂਦਾ ਅਤੇ ਕੁੱਲ ਟੈਰਿਫ ਦਰਾਂ 48% ਤੱਕ ਵਧਾ ਦਿੱਤੀਆਂ। ਵੁਡਰੋ ਵਿਲਸਨ (ਡੈਮੋਕ੍ਰੇਟ) ਨੇ ਸਾਲ 1913 ਵਿਚ ਇਹ ਟੈਰਿਫ ਦਰਾਂ ਘਟਾਉਣ ’ਤੇ ਜ਼ੋਰ ਲਾਇਆ। 1929 ਵਿੱਚ ਰਾਸ਼ਟਰਪਤੀ ਹਰਬਰਟ ਹੂਵਰ (ਰਿਪਬਲਿਕਨ) ਨੇ ਸਮੂਟ ਐਂਡ ਹਾਆਲੀ ਐਕਟ ਲਾਗੂ ਕਰ ਕੇ ਸਭ ਤੋਂ ਸਖ਼ਤ ਟੈਰਿਫ ਦਰਾਂ ਦਾ ਐਲਾਨ ਕੀਤਾ ਅਤੇ ਕੁੱਲ ਟੈਰਿਫ ਦਰਾਂ 60% ਤੱਕ ਵਧਾ ਦਿੱਤੀਆਂ। ਇਹ ਦਰਾਂ 1940 ਦੇ ਦਹਾਕੇ ਵਿੱਚ ਫਰੈਂਕਲਿਨ ਰੂਜ਼ਵੈਲਟ (ਡੈਮੋਕ੍ਰੇਟ) ਨੇ ਘਟਾਈਆਂ। ਜ਼ਾਹਿਰ ਹੈ ਕਿ ਸ਼ੁਰੂ ਤੋਂ ਹੀ ਰਿਪਬਲਿਕਨ ਪਾਰਟੀ ਤੋਂ ਚੁਣੇ ਹੋਏ ਰਾਸ਼ਟਰਪਤੀਆਂ ਦਾ ਰੁਝਾਨ ਅਮਰੀਕੀ ਕਾਰੋਬਾਰਾਂ/ਕਾਰੋਬਾਰੀਆਂ ਦੀ ਰੱਖਿਆ ਕਰਨ, ਅਮਰੀਕੀ ਲੋਕਾਂ ਲਈ ਨੌਕਰੀਆਂ ਯਕੀਨੀ ਬਣਾਉਣ, ਅਮਰੀਕਾ ਤੋਂ ਬਾਹਰਲੇ ਕਾਮਿਆਂ ਦੀ ਗਿਣਤੀ ਕੰਟਰੋਲ ਕਰਨ ਅਤੇ ਘਰੇਲੂ ਨਿਰਮਾਣ ਤੇ ਉਦਯੋਗਾਂ ਨੂੰ ਉਤਸ਼ਾਹਤ ਕਰਨ ਵੱਲ ਵੱਧ ਰਿਹਾ ਹੈ। ਡੋਨਲਡ ਟਰੰਪ ਵੀ ਆਪਣੇ ਪੁਰਖਿਆਂ ਦੇ ਨਕਸ਼ੇ-ਕਦਮ ’ਤੇ ਚੱਲ ਰਹੇ ਹਨ।

20 ਜਨਵਰੀ 2025 ਨੂੰ ਰਾਸ਼ਟਰਪਤੀ ਵਜੋਂ ਆਪਣੀ ਦੂਜੀ ਪਾਰੀ ਸ਼ੁਰੂ ਕਰਨ ਦੇ ਨਾਲ ਹੀ ਟਰੰਪ ਨੇ ਇਮੀਗ੍ਰੇਸ਼ਨ ਨੂੰ ਨਿਸ਼ਾਨਾ ਬਣਾਉਣ ਵੱਲ ਸਖਤ ਰੁਖ਼ ਅਪਣਾਇਆ। 20 ਜਨਵਰੀ 2021 ਤੋਂ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਦਾਖਲ ਹੋਏ ਜਾਂ ਅਣਅਧਿਕਾਰਤ ਤਰੀਕੇ ਨਾਲ ਅਮਰੀਕਾ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੀ ਜਾਂਚ ਦੇ ਨਿਰਦੇਸ਼ ਦੇਣ ਤੋਂ ਇਲਾਵਾ ਉਨ੍ਹਾਂ ਨੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਤਹਿਤ ਖ਼ਤਰਾ ਪੈਦਾ ਕਰਨ ਵਾਲਿਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਅਮਰੀਕਾ ਤੋਂ ਕੱਢਣ ਦਾ ਫੈਸਲਾ ਕੀਤਾ। ਉਨ੍ਹਾਂ ਪਰਵਾਸੀਆਂ ਦੁਆਰਾ ਪੈਦਾ ਹੋਣ ਵਾਲੇ ਜਨਤਕ ਸਿਹਤ ਜੋਖ਼ਿਮਾਂ ਦਾ ਹਵਾਲਾ ਦਿੰਦੇ ਹੋਏ ਅਮਰੀਕਾ-ਮੈਕਸਿਕੋ ਸਰਹੱਦ ’ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਅਤੇ ਇਸ ਸਰਹੱਦ ’ਤੇ 1500 ਫੌਜੀ ਤਾਇਨਾਤ ਕਰਨ ਦੇ ਆਦੇਸ਼ ਜਾਰੀ ਕੀਤੇ। ਜਨਵਰੀ ਤੇ ਫਰਵਰੀ ਵਿੱਚ ਟਰੰਪ ਨੇ ਸੈਂਕੜੇ ਅਣਅਧਿਕਾਰਤ ਪਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਭੇਜਣ ਦਾ ਆਦੇਸ਼ ਦਿੱਤਾ ਜਿਸ ਵਿਚ ਭਾਰਤੀ ਮੂਲ ਦੇ ਲੋਕ ਵੀ ਸ਼ਾਮਿਲ ਸਨ।

2 ਅਪਰੈਲ ਤੋਂ ਟਰੰਪ ਨੇ ਆਪਣੀ ਟੈਰਿਫ ਨੀਤੀ ਦਾ ਐਲਾਨ ਕੀਤਾ ਜਿਸ ਅਨੁਸਾਰ ਅਮਰੀਕਾ ’ਚ ਕੁੱਲ ਟੈਰਿਫ ਦਰਾਂ ਦੇ 27% ਤੱਕ ਵਧਣ ਦੀ ਗਣਨਾ ਕੀਤੀ ਗਈ। ਨੀਤੀ ਨੂੰ ਬਾਅਦ ਵਿੱਚ 9 ਅਪਰੈਲ ਨੂੰ ਸੋਧਿਆ ਅਤੇ ਚੀਨ ਤੋਂ ਬਰਾਮਦਾਂ ਨੂੰ ਛੱਡ ਕੇ ਜ਼ਿਆਦਾਤਰ ਬਰਾਮਦ ਉਤਪਾਦਾਂ ’ਤੇ 90 ਦਿਨ ਲਈ 10% ਦਾ ਫਲੈਟ ਟੈਰਿਫ ਲਗਾਇਆ ਗਿਆ। ਟਰੰਪ ਦੀ ਟੈਰਿਫ ਨੀਤੀ ਦੇ ਪ੍ਰਸੰਗ ਵਿੱਚ ਵਿਸ਼ਵ ਅਰਥਵਿਵਸਥਾਵਾਂ ਨੇ ਤਿੰਨ ਪ੍ਰਕਾਰ ਦੀ ਪ੍ਰਤੀਕਿਰਿਆ ਦਿੱਤੀ। ਪਹਿਲੀ ਪ੍ਰਤੀਕਿਰਿਆ ਚੀਨ, ਯੂਰੋਪੀਅਨ ਯੂਨੀਅਨ, ਮੈਕਸਿਕੋ ਤੇ ਕੈਨੇਡਾ ਨੇ ਦਿੱਤੀ ਜਿਸ ਵਿਚ ਉਨ੍ਹਾਂ ਅਮਰੀਕੀ ਸੁਰੱਖਿਆਵਾਦ ਦਾ ਮੁਕਾਬਲਾ ਕਰਨ ਲਈ ਜਵਾਬੀ ਟੈਰਿਫ ਲਗਾਏ। ਦੂਜੀ ਪ੍ਰਤੀਕਿਰਿਆ ਕੋਲੰਬੀਆ, ਵੀਅਤਨਾਮ, ਫਿਜੀ ਤੇ ਤਾਇਵਾਨ ਵਰਗੇ ਦੇਸ਼ਾਂ ਵੱਲੋਂ ਆਈ ਜਿਨ੍ਹਾਂ ਟੈਰਿਫ ਸਵੀਕਾਰ ਕਰ ਕੇ ਅਮਰੀਕਾ ਦੀਆਂ ਸ਼ਰਤਾਂ ਦੀ ਲਗਭਗ ਪੂਰੀ ਤਰ੍ਹਾਂ ਪਾਲਣਾ ਕੀਤੀ। ਤੀਜੀ ਪ੍ਰਤੀਕਿਰਿਆ ਭਾਰਤ, ਜਾਪਾਨ, ਯੂਕੇ ਤੇ ਦੱਖਣੀ ਅਫਰੀਕਾ ਵਰਗੇ ਦੇਸ਼ਾਂ ਵੱਲੋਂ ਆਈ ਜਿਨ੍ਹਾਂ ਅਮਰੀਕਾ ਨਾਲ ਕੂਟਨੀਤਕ ਸਬੰਧਾਂ ਨੂੰ ਕਾਇਮ ਰੱਖਦੇ ਹੋਏ ਟੈਰਿਫ ਦਾ ਪ੍ਰਭਾਵ ਘਟਾਉਣ ਲਈ ਗੱਲਬਾਤ, ਛੋਟਾਂ ਅਤੇ ਰਿਆਇਤਾਂ ਦੀ ਪੈਰਵੀ ਕੀਤੀ। ਅਮਰੀਕਾ ਨੇ ਭਾਰਤ ਨੂੰ ਕਿਸੇ ਪ੍ਰਕਾਰ ਦੀ ਕੋਈ ਰਾਹਤ ਨਹੀਂ ਦਿੱਤੀ; ਭਾਰਤ ਤੋਂ ਅਮਰੀਕਾ ਨੂੰ ਹੋਣ ਵਾਲੇ ਬਰਾਮਦ ’ਤੇ 26% ਟੈਰਿਫ ਲਗਾਏ, ਭਾਵੇਂ ਭਾਰਤ ਨੇ 13 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਦੁਵੱਲੇ ਵਪਾਰ ਸਮਝੌਤੇ ’ਤੇ ਗੱਲਬਾਤ ਸ਼ੁਰੂ ਕੀਤੀ ਸੀ। ਟੈਰਿਫ ਲਾਗੂ ਹੋਣ ਤੋਂ ਪਹਿਲਾਂ (ਅਪਰੈਲ 2025) ਭਾਰਤ ਨੇ ਅਮਰੀਕੀ ਅਖਰੋਟ, ਬਦਾਮ, ਸੇਬ ਅਤੇ ਕਰੈਨਬੇਰੀ ’ਤੇ ਦਰਾਮਦ ਡਿਊਟੀ ਘਟਾਉਣ ’ਤੇ ਵਿਚਾਰ ਕੀਤਾ ਅਤੇ ਖੇਤੀਬਾੜੀ, ਉਦਯੋਗਿਕ ਤੇ ਖਪਤਕਾਰ ਵਸਤੂਆਂ ਸਮੇਤ 23 ਬਿਲੀਅਨ ਡਾਲਰ ਦੇ 55% ਅਮਰੀਕੀ ਦਰਾਮਦ ’ਤੇ ਟੈਰਿਫ ਘਟਾਉਣ ਦਾ ਪ੍ਰਸਤਾਵ ਰੱਖਿਆ।

ਅਮਰੀਕੀ ਖੇਤੀਬਾੜੀ ਉਤਪਾਦ, ਪੋਲਟਰੀ ਅਤੇ ਪ੍ਰਾਸੈਸਡ ਭੋਜਨ ਵੀ ਵਿਚਾਰ ਅਧੀਨ ਸਨ। ਮਈ ਤੱਕ ਭਾਰਤ ਨੇ ਵਿਆਪਕ ਵਪਾਰ ਸਮਝੌਤੇ ਨੂੰ ਸੁਰੱਖਿਅਤ ਕਰਨ ਲਈ ਅਨੁਕੂਲ ਰੁਖ਼ ਅਪਣਾਇਆ ਪਰ ਟਰੰਪ ਭਾਰਤ ਵੱਲ ਨਰਮ ਨਹੀਂ ਹੋ ਰਹੇ। ਟਰੰਪ ਪ੍ਰਸ਼ਾਸਨ ਦਾ ਭਾਰਤ ਬਾਰੇ ਨਜ਼ਰੀਆ ਹੁਣ ਵੀ ਸਖਤ ਹੈ ਜਿਸ ਨੇ ਇਕ ਵਾਰ ਭਾਰਤ ਨੂੰ ਅਮਰੀਕੀ ਸਾਮਾਨਾਂ ’ਤੇ 17% ਔਸਤ ਟੈਰਿਫ ਲਗਾਉਣ ਕਾਰਨ ‘ਟੈਰਿਫ ਕਿੰਗ’ ਕਰਾਰ ਦਿੱਤਾ ਸੀ; ਉਦੋਂ ਅਮਰੀਕਾ ਭਾਰਤੀ ਬਰਾਮਦਾਂ ’ਤੇ 3.3% ਟੈਰਿਫ ਵਸੂਲਦਾ ਸੀ।

# ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਟਰੰਪ ਨਾਲ ਤਾਲਮੇਲ ਬਿਠਾ ਸਕਣਗੇ?

ਦਰਬਾਰਾ ਸਿੰਘ ਕਾਹਲੋਂ

ਸਿਰਫ ਕੈਨੇਡਾ ਦੇ 4 ਕਰੋੜ 10 ਲੱਖ ਲੋਕਾਂ ਦੀਆਂ ਹੀ ਨਹੀਂ ਬਲਕਿ ਪੂਰੇ ਵਿਸ਼ਵ ਭਰ ਦੇ ਲੋਕਾਂ ਦੀਆਂ ਨਜ਼ਰਾਂ ਕੈਨੇਡਾ ਦੇ ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਮਰੀਕਾ ਦੇ ਆਪਹੁਦਰੇ, ਬੜਬੋਲੇ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ 6 ਮਈ 2025 ਨੂੰ ਪਹਿਲੀ ਡਿਪਲੋਮੈਟਿਕ, ਸਦਾਚਾਰਕ, ਵਪਾਰਕ, ਰਾਜਨੀਤਕ ਅਤੇ ਹੋਰ ਦੁਵੱਲੇ ਤੇ ਕੌਮਾਂਤਰੀ ਮੁੱਦਿਆਂ ਸਬੰਧੀ ਮਿਲਣੀ ’ਤੇ ਟਿਕੀਆਂ ਹੋਈਆਂ ਸਨ। ਅਮਰੀਕਾ ਦੇ ਦੂਸਰੀ ਵਾਰ 47ਵੇਂ ਰਾਸ਼ਟਰਪਤੀ ਵਜੋਂ 20 ਜਨਵਰੀ 2025 ਨੂੰ ਪਦ ਸੰਭਾਲਣ ਬਾਅਦ ਉਸ ਦਾ ਹਮਲਾਵਰ ਵਤੀਰਾ ਦਰਸਾਉਂਦਾ ਹੈ ਕਿ ਉਹ ਦੂਸਰੇ ਵਿਸ਼ਵ ਯੁੱਧ ਬਾਅਦ ਸਥਾਪਿਤ ਗਲੋਬਲ ਨਿਜ਼ਾਮ ਨੂੰ ਅਮਰੀਕਾ ਕੇਂਦਰਤ ਕਰਨ ’ਤੇ ਤੁਲਿਆ ਹੋਇਆ ਹੈ। ਉਸ ਦੀ ‘ਟੈਰਿਫ ਵਾਰ’ ਨੇ ਪੂਰੇ ਵਿਸ਼ਵ ਦੀਆਂ ਚੂਲਾਂ (ਸਿਵਾਏ ਤਾਕਤਵਰ ਚੀਨ ਦੇ) ਹਿਲਾ ਕੇ ਰੱਖ ਦਿੱਤੀਆਂ। ਵਿਸ਼ਵ ਭਰ ਦੇ ਵੱਖ-ਵੱਖ ਦੇਸ਼ਾਂ ਦੇ ਮੁਖੀ ਆਪਣੀ ਆਰਥਿਕ ਬਰਬਾਦੀ ਦੇ ਬਚਾਅ ਲਈ ਉਸ ਕੋਲ ਟੈਰਿਫ ਕਟੌਤੀ ਦੀ ਭੀਖ ਮੰਗ ਰਹੇ ਹਨ ਅਤੇ ਉਹ ਹਰ ਇੱਕ ਨਾਲ ਤਾਨਸ਼ਾਹੀ ਭਰਿਆ ਵਰਤਾਉ ਕਰ ਰਿਹਾ ਹੈ। ਉਹ ਆਪਣੇ ਸੁਪਰ ਕਾਰਪੋਰੇਟਰਵਾਦੀ ਗੈਂਗ ਨਾਲ ਵ੍ਹਾਈਟ ਹਾਊਸ ਦੇ ਵਲ ਦਫ਼ਤਰ ਵਿਚ ਬੈਠ ਜਾਂਦਾ ਹੈ ਤੇ ਮੁਲਕਾਤ ਲਈ ਆਏ ਰਾਸ਼ਟਰ ਮੁਖੀ ਅਤੇ ਉਸ ਨਾਲ ਆਈ ਗੁੰਗੀ ਟੀਮ ਨੂੰ ਘੇਰ ਲੈਂਦਾ ਹੈ। ਖੂਬ ਖ਼ਰੀਆਂ-ਖਰੀਆਂ ਸੁਣਾ ਕੇ ਉਸ ਦੀਆਂ ਸ਼ਰਤਾਂ ਅਨੁਸਾਰ, ਸਮਝੌਤੇ ਸੰਧੀਆਂ ਕਰਨ ਲਈ ਮਜਬੂਰ ਕਰ ਦਿੰਦਾ ਹੈ। ਜਾਰਡਨ ਦੇ ਸ਼ਾਹ ’ਤੇ ਗਾਜ਼ਾ ਪੱਟੀ ਦੇ ਉੱਜੜੇ ਹਮਾਸ ਲੋਕਾਂ ਨੂੰ ਉਸ ਦੇ ਦੇਸ਼ ਵਿਚ ਵਸਾਉਣ ਜਾਂ ਯੂਕਰੇਨ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੂੰ ਅਮਰੀਕੀ ਸ਼ਰਤਾਂ ’ਤੇ ਰੂਸ ਨਾਲ ਸਮਝੌਤਾ ਕਰਨ ਲਈ ਮਜਬੂਰ ਕਰਨ ਬਾਰੇ ਕਹੇ ਜਾਣ ਤੋਂ ਕੌਣ ਜਾਣੂ ਨਹੀਂ? ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰ ਜਸਟਿਨ ਟਰੂਡੋ ਨੂੰ ‘ਸ੍ਰੀਮਾਨ ਗਵਰਨਰ’ ਅਤੇ ਕੈਨੇਡਾ ਨੂੰ ਅਮਰੀਕਾ ਦੇ 51ਵੇਂ ਰਾਜ ਬਣਾਉਣ ਦੇ ਡਰਾਵੇ ਤੇ ਸ਼ਰਮਨਾਕ ਵਰਤਾ ਤੋਂ ਕੌਣ ਵਾਕਿਫ ਨਹੀਂ?

### ਕਾਰਨੀ ਨਾਲ ਮਿਲਣੀ

ਕੈਨੇਡਾ ਦੇ ਸਬੰਧਿਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਰੁੱਧ ਲਿਬਰਲ ਪਾਰਟੀ ਅੰਦਰੋਂ ਬਗਾਵਤ ਹੋਣ ਕਰ ਕੇ ਉਨ੍ਹਾਂ ਦੇ ਅਸਤੀਫੇ ਬਾਅਦ ਮਾਰਕ ਕਾਰਨੀ 85 ਪ੍ਰਤੀਸ਼ਤ ਲਿਬਰਲਾਂ ਦੀ ਹਮਾਇਤ ਨਾਲ ਪਾਰਟੀ ਆਗੂ ਚੁਣੇ ਗਏ ਅਤੇ ਫਿਰ 14 ਮਾਰਚ 2025 ਨੂੰ ਪ੍ਰਧਾਨ ਮੰਤਰੀ ਬਣੇ। 28 ਅਪਰੈਲ ਵਾਲੀਆਂ ਫੈਡਰਲ ਚੋਣਾਂ ਵਿਚ ਉਹ ਮੁੜ ਘੱਟਗਿਣਤੀ ਲਿਬਰਲ ਪਾਰਟੀ ਸਰਕਾਰ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਕਾਰਨੀ ਰਾਜਨੀਤਕ ਆਗੂ ਨਹੀਂ ਹੈ, ਬੁਨਿਆਦੀ ਤੌਰ ’ਤੇ ਉਹ ਅਰਥ ਸ਼ਾਸਤਰੀ ਹੈ ਜੋ ਬੈਂਕ ਆਫ ਕੈਨੇਡਾ, ਬੈਂਕ ਆਫ ਇੰਗਲੈਂਡ ਦੇ ਗਵਰਨਰ ਵਜੋਂ ਭੂਮਿਕਾ ਨਿਭਾਉਣ ਤੋਂ ਇਲਾਵਾ ਵਿਸ਼ਵ ਬੈਂਕ ਅਤੇ ਹੋਰ ਅਨੇਕ ਆਰਥਿਕ ਸੰਸਥਾਵਾਂ ਨਾਲ ਕੰਮ ਕਰ ਚੁੱਕਾ ਹੈ। ਇਸੇ ਕਰ ਕੇ ਗਲੋਬਲ ਪੱਧਰ ’ਤੇ ਉਹ ਕਿਸੇ ਪਛਾਣ ਦਾ ਮੁਥਾਜ ਨਹੀਂ। ਉਹ ਸਫਲ ਬਿਜ਼ਨਸ ਮੀਟਿੰਗਾਂ ਲਈ ਤਾਂ ਮਸ਼ਹੂਰ ਹੈ ਪਰ ਰਾਜਨੀਤਕ ਮੀਟਿੰਗਾਂ ਦਾ ਉਸ ਕੋਲ ਕੋਈ ਤਜਰਬਾ ਨਹੀਂ। ਪ੍ਰਧਾਨ ਮੰਤਰੀ ਬਣਨ ਬਾਅਦ ਅਮਰੀਕਾ ’ਤੇ ਦਬਾਅ ਬਣਾਉਣ ਲਈ ਉਸ ਨੇ ਯੂਕੇ ਅਤੇ ਫਰਾਂਸ ਦਾ ਦੌਰਾ ਜ਼ਰੂਰ ਕੀਤਾ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਜੋ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੌਕੀ ਭਰ ਗਿਆ ਸੀ, ਬਰਤਾਨੀਆਂ ਦੇ ਬਾਦਸ਼ਾਹ ਚਾਰਲਸ ਅਤੇ ਫਰਾਂਸ ਦੇ ਰਾਸ਼ਟਰਪਤੀ ਮੈਕਰੌਂ ਨਾਲ ਮੁਲਾਕਾਤਾਂ ਕੀਤੀਆਂ ਤਾਂ ਕਿ ਭਵਿੱਖ ਵਿਚ ਵਪਾਰਕ, ਰਾਜਨੀਤਕ, ਡਿਪਲੋਮੈਟਿਕ, ਸੁਰੱਖਿਆ ਅਤੇ ਯੁੱਧਨੀਤਕ ਸਮਝੌਤੇ ਕੀਤੇ ਜਾ ਸਕਣ ਪਰ ਉਸ ਦੀ ਟਰੰਪ ਵਰਗੇ ਆਪਹੁਦਰੇ ਆਗੂ ਨਾਲ 6 ਮਈ ਦੀ ਮੁਲਾਕਾਤ ਚੁਣੌਤੀ ਭਰਿਆ ਟੈਸਟ ਸੀ। ਦਰਅਸਲ, ਬੁਰੀ ਤਰ੍ਹਾਂ ਲਤਾੜੀ ਅਤੇ ਲੋਕ ਰੋਹ ਦਾ ਸ਼ਿਕਾਰ ਲਿਬਰਲ ਪਾਰਟੀ ਮੁੜ ਸੱਤਾ ਵਿਚ ਲਿਆਉਣ ਦਾ ਕਾਰਨ ਹੀ ਮਾਰਕ ਕਾਰਨੀ ਸੀ ਜਿਸ ਦੀ ਆਰਥਿਕ ਸੂਝ-ਬੂਝ ’ਤੇ ਕੈਨੇਡੀਅਨਾਂ ਨੇ ਭਰੋਸਾ ਜਿਤਾਇਆ।

ਬੜੇ ਖੁਸ਼ਮਿਜ਼ਾਜ ਅਤੇ ਇੱਕ-ਦੂਸਰੇ ਦੀ ਤਾਰੀਫ ਭਰੇ ਲਹਿਜੇ ਬਾਅਦ ਜਦੋਂ ਕਾਰਨੀ ਆਪਣੇ ਵਫ਼ਦ ਨਾਲ ਡੋਨਲਡ ਟਰੰਪ ਦੀ ਕਾਰਪੋਰਟਰ ਜੁੰਡਲੀ ਸਾਹਮਣੇ ਓਵਲ ਦਫ਼ਤਰ ਵਿਚ ਪੱਤਰਕਾਰਾਂ ਦੀ ਮੌਜੂਦਗੀ ਵਿਚ ਬੈਠੇ ਤਾਂ ਰਾਸ਼ਟਰਪਤੀ ਹੋ ਗਏ ਸ਼ੁਰੂ। ਉਨ੍ਹਾਂ ਦੀ ਸੁਰ ਦਬਾਅ ਭਰੀ, ਲਹਿਜਾ ਤਾਨਾਸ਼ਾਹੀ ਭਰਿਆ ਅਤੇ ਗਲਬਾਤ ਏਕਾਧਿਕਾਰ ਭਰੀ ਸੀ ਜਿਸ ਨੇ ਕਾਰਨੀ ਵਰਗੇ ਅਰਥ ਸ਼ਾਸਤਰੀ, ਸ਼ਰੀਫ ਅਤੇ ਪ੍ਰਬੁੱਧ ਵਿਅਕਤੀ ਨੂੰ ਗੰਭੀਰ ਤੇ ਹੈਰਾਨੀ ਭਰੀ ਅਸ਼ਾਂਤ ਮਨੋਦਿਸ਼ਾ ਵੱਲ ਧੱਕ ਦਿਤਾ ਪਰ ਉਨ੍ਹਾਂ ਮੌਕਾ ਵਿਚਾਰਿਆ ਅਤੇ ਇਸ ਅਨੁਸਾਰ ਆਪਣੀ ਕਾਰਵਾਈ ਪਾਈ।



35 ਮਿੰਟ ਦੀ ਮੀਟਿੰਗ ਵਿਚ ਟਰੰਪ ਆਪਣੇ ਕਸੀਦੇ ਕੱਢਦਾ ਰਿਹਾ। ਕਰੀਬ 5525 ਮੀਲ ਸਰਹੱਦੀ ਖੂਬਸੂਰਤ ਗੁਆਂਢੀ, ਨਿੱਘੇ ਮਿੱਤਰ, 77 ਪ੍ਰਤੀਸ਼ਤ ਵਪਾਰਕ ਸਾਥੀ, ਜੰਗਾਂ-ਯੁੱਧਾਂ ਵਿਚ ਅਮਰੀਕਾ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੇ ਕੈਨੇਡਾ ਨਾਲ ਅਮਰੀਕਾ ਮੈਕਸਿਕੋ ਕੈਨੇਡਾ ਵਪਾਰਕ ਸਮਝੌਤਾ ਜੋ ਉਸ ਨੇ 2018 ਵਿਚ ਪਹਿਲੇ ਨਾਫਟਾ ਸਮਝੌਤੇ ਨੂੰ ਤੋੜ ਕੇ ਕੈਨੇਡਾ ਅਤੇ ਮੈਕਸਿਕੋ ਗੁਆਂਢੀ ਦੇਸ਼ਾਂ ਨਾਲ ਕੀਤਾ ਸੀ ਅਤੇ ਜਿਸ ਦੀ ਮੁੜ ਨਜ਼ਰਸਾਨੀ 2026 ਵਿਚ ਤੈਅ ਹੈ, ਨੂੰ ਨਕਾਰ ਕੇ ਟਰੰਪ ਆਪਣੇ ਵੱਲੋਂ ਠੋਕੇ 25 ਪ੍ਰਤੀਸ਼ਤ ਟੈਰਿਫ ਨੂੰ ਸਹੀ ਠਹਿਰਾ ਰਿਹਾ ਸੀ। ਕੈਨੇਡਾ ਦੀ ਸਨਅਤ ਅਮਰੀਕਾ ਵਿਚ ਆਉਣ ਦੀ ਮਜਬੂਰੀ ਟੈਰਿਫ ਦਬਾਅ ਹੇਠ ਦਰਸਾ ਰਿਹਾ ਸੀ। ਗੱਲਬਾਤ ਕੈਨੇਡਾ ਅਮਰੀਕਾ ਵਪਾਰਕ ਮਿਲਵਰਤਣ, ਵਿਕਾਸ ਵਾਲੇ ਸਬੰਧਾਂ ਤੋਂ ਬੇਲੋੜੇ ਸਾਬਕਾ ਰਾਸ਼ਟਰਪਤੀ ਬਾਰਾਕ ਬਾਮਾ ਦੀ ਰਾਸ਼ਟਰਪਤੀ ਲਾਇਬਰੇਰੀ ਤੋਂ ਰੇਲ ਪ੍ਰਾਜੈਕਟਾਂ, ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਆਪਣੀਆਂ ਪ੍ਰਾਪਤੀਆਂ ਸੁਣਾ ਕੇ ਕਾਰਨੀ ਨੂੰ ਪ੍ਰਭਾਵਿਤ ਅਤੇ ਲੀਹੋਂ ਉਤਾਰਨ ਲਈ ਕਰ ਰਿਹਾ ਸੀ। ਕਾਰਨੀ ਇਸ ਸਭ ਬਾਰੇ ਚੁੱਪ ਸੀ।

**ਕਰਾਰਾ ਜਵਾਬ:** ਕਸੀਦੇ ਕੱਢਦੇ-ਕੱਢਦੇ ਆਖ਼ਿਰ ਟਰੰਪ ਉਸ ਨੁਕਤੇ ’ਤੇ ਆ ਗਿਆ ਜੋ ਕਿਸੇ ਵੀ ਰਾਸ਼ਟਰ ਦੇ ਮੁਖੀ ਨੂੰ ਸਹਿਣ ਨਹੀਂ ਹੁੰਦਾ। ਕੈਨੇਡਾ ਨਾਲ ਆਪਣੇ ਪਿਆਰ, ਆਪਣੀ ਮਾਂ ਦੇ ਪਿਛੋਕੜ, ਇਸ ਨੂੰ ਮੁਫ਼ਤ ਸੁਰੱਖਿਆ ਦੇਣ, ਟੈਰਿਫ ਅਤੇ ਟੈਕਸ ਮੁਆਫੀਆਂ, ਵਧੀਆ ਸਿਹਤ ਸੇਵਾਵਾਂ ਦੇਣ ਦੀਆਂ ਗੱਲਾਂ ਦਸਵੀਂ ਜਮਾਤ ਦੇ ਮੁੰਡੇ ਵਾਂਗ ਕਰਦਾ-ਕਰਦਾ ਆਪਣੇ ਰੀਅਲ ਐਸਟੇਟ ਤਜਰਬੇ ’ਤੇ ਆ ਪੁੱਜਾ ਕਿ ਕਿਵੇਂ ਮਸਨੂਈ ਲਕੀਰ ਹਟਾਉਣ ਨਾਲ ਖੂਬਸੂਰਤ ਤਸਵੀਰ ਸਾਹਮਣੇ ਬਣ ਜਾਂਦੀ ਹੈ। ਉਹ ਕਲਾ ਪ੍ਰੇਮੀ ਹੈ ਅਤੇ ਐਸਾ ਮਹਿਸੂਸ ਕਰਦਾ ਹੈ; ਭਾਵ, ਕੈਨੇਡਾ ਦੀ ਅਮਰੀਕਾ ਵਿਚ ਸ਼ਮੂਲੀਅਤ (51ਵੇਂ ਪ੍ਰਾਂਤ ਵਜੋਂ)।

ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਬੜੇ ਸੁਘੜ ਢੰਗ ਨਾਲ ਜਵਾਬ ਦਿੱਤਾ ਕਿ ਤੁਸੀਂ ਰੀਅਲ ਐਸਟੇਟ ਬਾਰੇ ਜਾਣਦੇ ਹੋ ਕਿ ਕੁਝ ਥਾਵਾਂ ਐਸੀਆਂ ਹੁੰਦੀਆਂ ਹਨ ਜੋ ਵਿਕਾਊ ਨਹੀਂ ਹੁੰਦੀਆਂ ਜਿਵੇਂ ਇੱਕ (ਵ੍ਹ-ਾਈਟ ਹਾਊਸ) ਜਿਸ ਵਿਚ ਅਸੀਂ ਬੈਠੇ ਹਾਂ; ਦੂਜੇ ਬਕਿੰਘਮ ਪੈਲਸ (ਬਰਤਾਨਵੀ ਸ਼ਾਹੀ ਘਰਾਣੇ ਦਾ ਮਹਿਲ)। ਉਹ ਚੋਣਾਂ ਦੌਰਾਨ ਪੂਰੇ ਕੈਨੇਡਾ ਵਿਚ ਘੁੰਮੇ। ਉਸ ਦੇ ਮਾਲਿਕਾਂ ਦਾ ਕਹਿਣਾ ਹੈ ਕਿ ਕੈਨੇਡਾ ਵਿਕਾਊ ਨਹੀਂ ਹੈ, ਕਦੇ ਵੀ। ਪਰ ਭਾਈਵਾਲੀ ਸਾਨੂੰ ਮੌਕਾ ਮੁਹੱਈਆ ਕਰਦੀ ਹੈ ਕਿ ਅਸੀਂ ਮਿਲ ਕੇ ਤਰੱਕੀ ਕਰ ਸਕਦੇ ਹਾਂ। ਫਿਰ ਟਰੰਪ ਬੋਲਿਆ, “ਪਰ ਇਹ ਕਦੇ ਨਾ ਕਹੋ, ਕਦੇ ਨਹੀਂ।” ਬਾਅਦ ਵਿਚ ਦੋਹਾਂ ਆਗੂਆਂ ਦੀ ਬੰਦ ਕਮਰੇ ਵਿਚ ਵੱਖਰੀ ਗੱਲਬਾਤ ਸਮੇਂ ਕਾਰਨੀ ਨੇ ਟਰੰਪ ਨੂੰ ਸਪਸ਼ਟ ਕਿਹਾ ਕਿ ਉਹ ਕੈਨੇਡਾ ਨੂੰ 51ਵੇਂ ਸੂਬੇ ਵਜੋਂ ਸ਼ਾਮਲ ਕਰਨ ਦੀ ਗੱਲ ਨਾ ਕਰਿਆ ਕਰਨ।

ਫੌਕਸ ਮੀਡੀਆ ਅਦਾਰੇ ਨਾਲ ਗੱਲਬਾਤ ਕਰਦਿਆਂ ਕੈਨੇਡਾ ਦੇ ਐਕਟਰ ਵਿਲੀਅਮ ਸ਼ੈਂਟਰ ਨੇ ਕਿਹਾ ਕਿ ਜੇ ਅਮਰੀਕਾ ਨੂੰ ਕੈਨੇਡਾ ਨਾਲ ਇੰਨਾ ਪ੍ਰੇਮ ਹੈ ਤਾਂ ਉਹ ਉਸ ਦਾ 51ਵਾਂ ਸੂਬਾ ਬਣ ਜਾਵੇ, ਕੀ ਹਰਜ ਹੈ?

ਦੁਪਹਿਰ ਦੇ ਖਾਣੇ ਵੇਲੇ ਟਰੰਪ ਨੇ ਕਾਰਨੀ ਨੂੰ ਵਿਦੇਸ਼ ਨੀਤੀ ਬਾਰੇ ਗੱਲ ਕਰਦਿਆਂ ਪੁੱਛਿਆ ਕਿ ਉਹ ਰੂਸ, ਯੂਕਰੇਨ, ਚੀਨ, ਇਰਾਨ, ਗਾਜ਼ਾ ਆਦਿ ਦੇ ਮਸਲਿਆਂ ਬਾਰੇ ਕੈਸੇ ਵਿਚਾਰ ਰੱਖਦੇ ਹਨ? ਬੰਦ ਕਮਰਾ ਗੱਲਬਾਤ ਵਿਚ ਕਾਰਨੀ ਨੇ ਪ੍ਰਸ਼ਨ ਉਠਾਇਆ ਕਿ ਕੈਨੇਡਾ ਤੇ ਅਮਰੀਕੀ ਟੈਰਿਫਾਂ ਦੀ ਕੋਈ ਤੁੱਕ ਨਹੀਂ। ਦੋਹਾਂ ਨੇ ਇਸਪਾਤ, ਆਟੋ ਪਾਰਟਸ, ਫੈਂਟਾਨਾਈਲ (ਨਸ਼ੀਲਾ ਪਦਾਰਥ), ਰੱਖਿਆ, ਖਣਿਜ ਪਦਾਰਥਾਂ ਅਤੇ ਸਰਹੱਦੀ ਸੁਰੱਖਿਆ ਵਿਸ਼ਿਆਂ ’ਤੇ ਗੱਲ ਕੀਤੀ। ਅੰਦਰੂਨੀ ਸ੍ਰੋਤ ਦਰਸਾਉਂਦੇ ਹਨ ਕਿ ਟਰੰਪ ਦਾ ਵਤੀਰਾ ਕਾਰਨੀ ਪ੍ਰਤੀ ਜਸਟਿਨ ਟਰੂਡੋ ਨਾਲੋਂ ਬਹੁਤ ਭਿੰਨ ਸੀ। ਉਸ ਨੇ ਉਸ ਦੇ ਵਿਚਾਰਾਂ ਨੂੰ ਗੰਭੀਰਤਾ ਨਾਲ ਸੁਣਿਆ। ਕਈ ਸਵਾਲ ਵੀ ਪੁੱਛੇ। ਫੈਂਟਾਨਾਈਲ ਵਰਗੇ ਨਸ਼ੇ ਬੰਦ ਕਰਨੇ, ਨਸ਼ੀਲੇ ਪਦਾਰਥਾਂ ਦੇ ਸਰਗਨਿਆਂ ’ਤੇ ਕਾਬੂ ਪਾਉਣ, ਆਰਕਟਿਕ ਖੇਤਰ ਦੀ ਸੁਰੱਖਿਆ, ਕੈਨੇਡਾ ਦੀ ਫੌਜੀ ਸ਼ਕਤੀ ਦੇ ਵਿਸਥਾਰ ਵਰਗੇ ਨੁਕਤਿਆਂ ’ਤੇ ਵਿਚਾਰ ਵਟਾਂਦਰਾ ਕੀਤਾ।

ਆਰਥਿਕ ਮਾਹਿਰ ਵਜੋਂ ਕਾਰਨੀ ਟਰੰਪ ਨਾਲ ਸਹਿਮਤ ਨਹੀਂ ਕਿ ਅਮਰੀਕਾ ਨੂੰ ਕੈਨੇਡਾ ਵਿਚ ਬਣਦੇ ਵਾਹਨਾਂ ਦੀ ਖਰੀਦ ਦੀ ਲੋੜ ਨਹੀਂ। ਅਮਰੀਕੀ ਆਟੋ ਸਨਅਤ ਦਾ ਸੱਚ ਇਹ ਹੈ ਅਤੇ ਉਸ ਦਾ ਵਿਚਾਰ ਵੀ ਇਹ ਹੈ ਕਿ ਉਹ ਕੈਨੇਡੀਅਨ ਆਟੋ ਵਰਕਰਾਂ, ਆਟੋ ਕੰਪਨੀਆਂ, ਕੈਨੇਡੀਅਨ ਸਟੀਲ, ਅਲਮੂਨੀਅਮ ਅਤੇ ਤਕਨੀਕ ਬਗੈਰ ਚੱਲ ਨਹੀਂ ਸਕਦੀ, ਟਰੰਪ ਭਾਵੇਂ ਜੋ ਮਰਜ਼ੀ ਮੁਹਾਰਨੀ ਪੜ੍ਹੀ ਜਾਵੇ।

ਅਮਰੀਕਾ ਵੱਲੋਂ ਟੈਰਿਫ ਠੋਕਣ ਅਤੇ ਕੈਨੇਡਾ ਵੱਲੋਂ ਜਵਾਬੀ ਕਾਰਵਾਈ ਕਰਨ ਬਾਅਦ ਕੈਨੇਡਾ ਦਾ ਅਮ-ਰੀਕਾ ਨੂੰ ਪਹਿਲੇ ਮਹੀਨੇ ਵਿਚ ਬਰਾਮਦ 6।6 ਅਤੇ ਦਰਾਮਦ 2।9 ਪ੍ਰਤੀਸ਼ਤ ਘਟੀ ਹੈ। ਦੂਸਰੇ ਪਾਸੇ ਗੈਰ ਅਮਰੀਕੀ ਦੇਸ਼ਾਂ ਜਿਵੇਂ ਨੈਦਰਲੈਂਡ ਤੇ ਹਾਂਗਕਾਂਗ ਨੂੰ ਕੱਚੇ ਤੇਲ, ਬ੍ਰਿਟੇਨ ਨੂੰ ਸੋਨੇ, ਜਰਮਨੀ ਨੂੰ ਹੋਰ ਕਈ ਵਸਤਾਂ ਦੀ ਬਰਾਮਦ 24।8 ਪ੍ਰਤੀਸ਼ਤ ਵਧੀ ਹੈ।

ਪ੍ਰਧਾਨ ਮੰਤਰੀ ਕਾਰਨੀ ਹੁਣ ਅਮਰੀਕਾ ਨਾਲ ਵਪਾਰ ’ਤੇ ਨਿਰਭਰ ਨਹੀਂ ਰਹਿਣਗੇ। ਉਨ੍ਹਾਂ ਇਸ ਨੂੰ ਵਿਸ਼ਵ ਦੇ ਹੋਰ ਦੇਸ਼ਾਂ ਲਾਲ ਵਧਾਉਣ ਦਾ ਨੀਤੀਗਤ ਫੈਸਲਾ ਕਰ ਲਿਆ ਹੈ। ਉਹ ਦੇਸ਼ ਅੰਦਰ ਵੱਖ-ਵੱਖ ਸੂਬਿਆਂ ਦਰਮਿਆਨ ਟੈਰਿਫ ਬੈਰੀਅਰ ਸੂਬਾਈ ਮੁੱਖ ਮੰਤਰੀਆਂ ਦੀ ਸਹਿਮਤੀ ਨਾਲ ਖ਼ਤਮ ਕਰ ਰਹੇ ਹਨ। ਆਪਣੇ ਦੇਸ਼ ਦਾ ਆਵਾਜਾਈ ਅਤੇ ਬਾਜ਼ਾਰ ਸਿਸਟਮ ਮਜ਼ਬੂਤ ਬਣਾ ਰਹੇ ਹਨ।

ਬੰਦ ਕਮਰਾ ਗੱਲਬਾਤ ਬਾਅਦ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਟਰੰਪ ਕੈਨੇਡਾ ਨਾਲ ਵਪਾਰ ਅਤੇ ਗੱਲਬਾਤ ਦੇ ਹਾਮੀ ਹਨ। 26 ਜੂਨ 2025 ਨੂੰ ਅਲਬਰਟਾ (ਕੈਨੇਡਾ) ਵਿਚ ਜੀ-7 ਦੇਸ਼ਾਂ ਦੀ ਮੀਟਿੰਗ ਵਿਚ ਮੁੜ ਟਰੰਪ ਅਤੇ ਉਹ ਗੱਲ ਕਰਨਗੇ। ਹਕੀਕਤ ਇਹ ਹੈ ਕਿ ਜੇ ਅਮਰੀਕਾ ਸਵਿਟਜ਼ਰਲੈਂਡ ਵਿੱਚ ਚੀਨ ਨਾਲ ਵਪਾਰ ਜੰਗ ਦੇ ਹੱਲ ਲਈ ਗੱਲਬਾਤ ਕਰ ਰਿਹਾ ਹੈ ਤਾਂ ਕੈਨੇਡਾ ਨਾਲ ਕਿਵੇਂ ਬੰਦ ਕਰ ਸਕਦਾ ਹੈ?

ਅਮਰੀਕਨ ਰਿਪਬਲਿਕਨ ਅਤੇ ਡੈਮੋਕਰੈਟਿਕ ਪਾਰਟੀਆਂ, ਅਮਰੀਕੀ ਲੋਕਾਂ, ਨੌਜਵਾਨਾਂ ਅਤੇ ਬੁੱਧੀਜੀਵੀਆਂ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਇਸ ਦੇ ਕਾਰਪੋਰੇਟਰਵਾਦੀ ਜੋਟੀਦਾਰਾਂ ਨੂੰ ਸਖ਼ਤੀ ਨਾਲ ਵਰਜਣਾ ਚਾਹੀਦਾ ਹੈ ਕਿ ਉਹ ਕੈਨੇਡਾ ਵਰਗੇ ਖ਼ੂਬਸੂਰਤ ਦੇਸ਼, ਭਰੋਸੇਯੋਗ ਮਿੱਤਰ ਅਤੇ ਮੈਕਸਿਕੋ ਵਰਗੇ ਗੁਆਂਢੀ ਦੇਸ਼ਾਂ ਨਾਲ ਦੁਸ਼ਮਣੀ ਮੁੱਲ ਨਾ ਲੈਣ। ਇਹ ਦੇਸ਼ ਗਰੀਨਲੈਂਡ ਜਜ਼ੀਰਾ, ਪਨਾਮਾ ਨਹਿਰ, ਗਾਜ਼ਾਪੱਟੀ ਨਹੀਂ ਜਿਨ੍ਹਾਂ ’ਤੇ ਕਬਜ਼ਾ ਕਰਨ ਦੀਆਂ ਗੋਂਦਾਂ ਟਰੰਪ ਗੁੰਦ ਰਿਹਾ ਹੈ।

## ਫਿਲਹਾਲ ਜੇਲ੍ਹ 'ਚ ਹੀ ਰਹੇਗੀ ਜੋਤੀ ਮਲਹੋਤਰਾ



ਚੰਡੀਗੜ੍ਹ- ਕਥਿਤ ਪਾਕਿ-ਸਤਾਨੀ ਜਾਸੂਸ ਅਤੇ ਮਸ਼ਹੂਰ ਯੂਟਿਊਬਰ ਜੋਤੀ ਮਲਹੋਤਰਾ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਅਦਾਲਤ ਨੇ ਜੋਤੀ ਦਾ ਰਿਮਾਂਡ ਚਾਰ ਦਿਨਾਂ ਲਈ ਵਧਾ ਦਿੱਤਾ ਹੈ। ਜੋਤੀ ਨੂੰ ਜਾਸੂਸੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਜੋਤੀ ਦਾ 5 ਦਿਨ ਦਾ ਰਿਮਾਂਡ ਪੂਰਾ ਹੋ ਗਿਆ। ਹਿਸਾਰ ਪੁਲਿਸ ਨੇ ਜੋਤੀ ਤੋਂ 5 ਦਿਨਾਂ ਤੱਕ ਪੁਲਿਸ ਹਿਰਾਸਤ ਵਿੱਚ ਪੁੱਛਗਿੱਛ ਕੀਤੀ, ਜਿਸ ਬਾਰੇ ਉਸ ਨੇ ਪੂਰੀ ਜਾਣਕਾਰੀ ਦਿੱਤੀ। ਪੁਲਿਸ ਨੇ ਵੀਰਵਾਰ ਸਵੇਰੇ ਜੋਤੀ ਮਲਹੋਤਰਾ ਨੂੰ ਮੀਡੀਆ ਤੋਂ ਬਚਾਉਂਦੇ ਹੋਏ ਅਦਾਲਤ ਵਿੱਚ ਪੇਸ਼ ਕੀਤਾ। ਪੁਲਿਸ ਨੇ ਹਿਰਾਸਤ ਦੌਰਾਨ ਜੋਤੀ ਤੋਂ ਪੁੱਛਗਿੱਛ ਬਾਰੇ ਆਪਣੀ ਰਿਪੋਰਟ ਵੀ ਤਿਆਰ ਕਰ ਲਈ ਹੈ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਕਿੰਨੀ ਦੇਰ ਚੱਲੇਗੀ ਪੰਜਾਬ ਦੇ ਦਰਿਆਈ ਪਾਣੀ ਅਤੇ ਸਿਆਸਤ

ਪਾਣੀ ਦੀ ਸਾਡੇ ਜੀਵਨ ਵਿੱਚ ਕਿੰਨੀ ਮਹੱਤਤਾ ਹੈ, ਇਸ ਗੱਲ ਦਾ ਅੰਦਾਜ਼ਾ ਇਸ ਵਿਸ਼ਲੇਸ਼ਣ ਤੋਂ ਲਾਇਆ ਜਾ ਸਕਦਾ ਹੈ: ਪਹਿਲਗਾਮ ਘਟਨਾ ਤੋਂ ਤੁਰੰਤ ਬਾਅਦ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਮੁਅੱਤਲ ਕਰਨ ਦਾ ਫੈਸਲਾ ਕੀਤਾ ਜੋ 1960 ਤੋਂ ਜਾਰੀ ਸੀ। ਨਾਲ ਹੀ ਗੁਆਂਢੀ ਦੇਸ਼ ਦੇ ਲੀਡਰਾਂ ਨੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ; ਹਾਲਾਂਕਿ ਦੁਨੀਆ ਜਾਣਦੀ ਹੈ ਕਿ ਜੰਗ ਵਿੱਚ ਦੋਨਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਜੰਗ ਸ਼ੁਰੂ ਕਰਨੀ ਇੱਕ ਧਿਰ ਦੇ ਵੱਸ ਹੁੰਦੀ ਹੈ ਪਰ ਬੰਦ ਕਰਨੀ ਉਸ ਦੇ ਵੱਸ ਨਹੀਂ ਰਹਿੰਦੀ। ਰੂਸ ਅਤੇ ਯੂਕਰੇਨ ਦੀ ਜੰਗ ਦਾ ਸਭ ਨੂੰ ਪਤਾ ਹੈ ਕਿ ਕੁਝ ਦਿਨਾਂ ਤੋਂ ਵਧਦੀ ਸਾਲਾਂ ਤੱਕ ਪਹੁੰਚ ਗਈ ਹੈ।

ਪਾਣੀ ਪਿੱਛੇ ਪੰਜਾਬ ਤੇ ਹਰਿਆਣਾ ਆਪਸ ਵਿੱਚ 1966 ਤੋਂ ਹੀ ਉਲਝੇ ਹੋਏ ਹਨ। ਕਿਸਾਨ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿੱਚਾਲੇ ਇਹ ਮੁੱਦਾ ਭੜਕਾਉਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ ’ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਆਬਾਦੀ ਦਾ ਬਣਾ ਦਿੱਤਾ ਕਿ ਹਰਿਆਣਾ ਨੂੰ ਮਨੁੱਖਤਾ ਦੇ ਆਧਾਰ ’ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿੱਚੋਂ ਦਿੱਤਾ ਜਾਵੇ। ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿੱਚ ਮਤੇ ਪਾਏ ਹਨ। ਤਰਾਸਦੀ ਦੇਖੋ, ਹਰਿਆਣੇ ਵਾਲੇ ਕਹਿੰਦੇ- ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ, ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਂਦੀ ਹੈ, ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ।

ਜਦੋਂ ਰੌਲਾ ਪੈਂਦਾ ਹੈ, ਹਰ ਪਾਰਟੀ ਦਾ ਇਕੋ ਰਾਗ ਹੁੰਦਾ ਹੈ- ਅਸੀਂ ਪਾਣੀ ਦੀ ਬੂੰਦ ਵੀ ਨਹੀਂ ਦੇਣੀ, ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ, ਫਿਰ ਬੂੰਦ ਦਾ ਸਵਾਲ ਕਿਥੇ ਰਹਿ ਗਿਆ? ਇਸ ਵੇਲੇ ਪੰਜਾਬ ਕੋਲ ਜੋ 30 ਪ੍ਰਤੀਸ਼ਤ ਪਾਣੀ ਬੱਚਿਆ ਹੈ, ਉਹ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਸਿੰਜਾਈ ਕਰਦਾ ਹੈ; ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈਲਾਂ ਦੇ ਪਾਣੀ ਨਾਲ ਪਲਦਾ ਹੈ ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉੱਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ ਵਿੱਚ ਪਾਣੀ ਸਿਰਫ ਪੰਜ ਸੱਤ ਸਾਲ ਦਾ ਰਹਿ ਗਿਆ ਹੈ। ਇਨਸਾਫ ਦਾ ਤਕਾਜ਼ਾ ਹੈ ਕਿ ਪੀਣ ਵਾਲਾ ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ ਪਰ ਖੇਤੀ ਜਾਂ ਉਦਯੋਗਾਂ ਲਈ ਪਾਣੀ ਨੂੰ ਪਹਿਲ ਉਥੇ ਦੇਣੀ ਚਾਹੀਦੀ ਹੈ ਜਿਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਨਾਲ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ। ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਜਾ ਰਿਹਾ ਹੈ, ਉਸ ਦਾ ਬਹੁਤਾ ਹਿੱਸਾ ਫਾਇਦੇ ਦੀ ਜਗ੍ਹਾ ਨੁਕਸਾਨ ਕਰ ਰਿਹਾ ਹੈ। ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾਅ ਨੂੰ ਦਿੱਤਾ ਗਿਆ, ਉਸ ਨੇ ਪਹਿਲਾਂ ਸੇਮ ਲਿਆਂਦੀ, ਫਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਨਾਲ ਦਰਖਤ ਲਾ ਕੇ ਜੰਗਲ ਖੜ੍ਹੇ ਕੀਤੇ। ਇਸ ਤੋਂ ਬਆਦ ਸੀਪੇਜ (ਪਾਣੀ ਦਾ ਜੀਰਨਾ) ਰੋਕਣ ਲਈ ਨਹਿਰ ਵਿੱਚ ਪਲਾਸਟਿਕ ਅਤੇ ਕੰਕਰੀਟ ਵਿੱਛਾਉਣ ਲਈ ਅਰਬਾਂ ਰੁਪਏ ਖਰਚੇ। ਸੀਪੇਜ ਤਾਂ ਰੋਕ ਲਓਗੇ ਪਰ 45 ਤੋਂ 50 ਡਿਗਰੀ ਸੈਲਸੀਅਸ ’ਤੇ ਭਾਫ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ? ਕੀ ਇਹ ਪਾਣੀ ਬੰਦ ਪਾਈਪਾਂ ਰਾਹੀ ਨਹੀਂ ਸੀ ਲਿਜਾਇਆ ਜਾ ਸਕਦਾ ਤਾਂ ਕਿ ਵਰਤੋਂ ਯੋਗ ਪਾਣੀ ਵਧੇ ਅਤੇ ਬਚਿਆ ਪਾਣੀ ਜਿਹੜੇ ਸੂਬੇ ਵਿੱਚੋਂ ਪਾਣੀ ਲੈ ਕੇ ਜਾ ਰਹੇ ਹੋ, ਉੱਥੇ ਹੀ ਵਰਤਿਆ ਜਾਵੇ। ਇਸ ਤਰ੍ਹਾਂ ਰਾਜਸਥਾਨ ਨਹਿਰ ਦੇ ਦੂਜੇ ਪੜਾਅ ਵਿੱਚ ਮੋਟਰਾਂ ਲਾ ਕੇ ਪਾਣੀ 30-30 ਫੁੱਟ ਉੱਚਾ ਚੁੱਕ ਕੇ ਟਿੱਬਿਆ ’ਤੇ ਛੱਡਿਆ ਜਾ ਰਿਹਾ। ਰੇਤੇ ਦੇ ਟਿੱਬੇ ਉੱਤੇ 45 ਤੋਂ 48 ਡਿਗਰੀ ਸੈਲਸੀਅਸ ’ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ?

**ਡਾ. ਅਮਨਪ੍ਰੀਤ ਸਿੰਘ ਬਰਾੜ**



ਸਭ ਤੋਂ ਵੱਡੀ ਗੱਲ, ਹਰਿਆਣਾ ਸਭ ਤੋਂ ਜ਼ਿਆਦਾ ਰੌਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਜਾਈ ਹੇਠ ਰਕਬਾ 45 ਪ੍ਰਤੀਸ਼ਤ ਹੈ ਜਦਕਿ ਪੰਜਾਬ ਵਿੱਚ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਨਹਿਰਾਂ ਨਾਲ ਸਿੰਜਾਈ ਹੋ ਰਹੀ ਹੈ। ਇਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ ਹੈ, ਉਥੇ ਵੀ 25.08 ਫੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆਂ ਭਾਵੇਂ ਉਹ ਕਾਨੂੰਨੀ ਤੌਰ ’ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਸ ਗੱਲ ’ਤੇ ਨਹੀਂ ਆਉਂਦੀਆਂ ਕਿ ਮੀਂਹ ਘਟ ਗਏ ਹਨ, ਇਸ ਕਰ ਕੇ ਦਰਿਆਈ ਪਾਣੀ ਘਟ ਗਿਆ ਹੈ ਅਤੇ ਪਾਣੀ ਦੀ ਲੋੜ ਵਧ ਗਈ ਹੈ। ਦਰਿਆਈ ਪਾਣੀ ਦਾ ਮੁੱਲਾਂਕਣ ਦੁਬਾਰਾ ਕਰ ਕੇ ਕਾਨੂੰਨ ਅਤੇ ਸੂਬੇ ਦੀ ਲੋੜ ਅਨੁਸਾਰ ਅਤੇ ਪਾਣੀ ਦਾ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ। ਸਾਰੇ 1955 ਅਤੇ 1981 ਵਾਲੇ ਫੈਸਲਿਆਂ ਅਨੁਸਾਰ ਹੀ ਪੰਜਾਬ ਦਾ ਗਲਾ ਘੁੱਟਣਾ ਚਾਹੁੰਦੇ ਹਨ ਕਿਉਂਕਿ ਵੋਟ ਰਾਜਨੀਤੀ ਇਹੋ ਹੀ ਸਿਖਾਉਂਦੀ ਹੈ ਕਿ ਕਿਸੇ ਵੀ ਝਗੜੇ ਦਾ ਨਿਬੇੜਾ ਨਾ ਕਰੋ, ਉਸ ਨੂੰ ਲਟਕਾਈ ਰੱਖੋ ਤਾਂ ਕਿ ਸਾਰੀਆਂ ਧਿਰਾਂ ਮਗਰ ਲੱਗੀਆਂ ਰਹਿਣ। ਰਾਜਨੀਤੀ ਵਾਲੇ ਤਾਂ ਛੱਡੋ, ਸੰਵਿਧਾਨ ਦੇ ਰਾਖੇ ਵੀ ਕਾਨੂੰਨ ਤੋਂ ਹਟ ਕੇ ਦਬਕੇ ਮਾਰਦੇ ਹਨ।

**ਹੜ੍ਹਾਂ ਦੀ ਮਾਰ:** ਪਾਣੀ ਹਰ ਸੂਬੇ ਨੂੰ ਚਾਹੀਦਾ ਹੈ ਪਰ ਜਦੋਂ ਮੀਂਹ ਇਕਦਮ ਲੋੜ ਤੋਂ ਜ਼ਿਆਦਾ ਪੈ ਜਾਂਦਾ ਹੈ ਤਾਂ ਇਹ ਲੋਕ ਦਰਿਆਵਾਂ ਵਰਗੀਆਂ ਨਹਿਰਾਂ ਬੰਦ ਕਰਵਾ ਦਿੰਦੇ ਹਨ; ਤਰਕ ਦਿੱਤਾ ਜਾਂਦਾ ਹੈ ਕਿ ਨਹਿਰਾਂ ਵਿੱਚ ਪੋਣ ਪੈ ਕੇ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿੱਚ ਛੱਡ ਕੇ ਵੰਡਿਆ ਜਾਵੇ ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਪੰਜਾਬੀਆਂ ਦੇ ਘਰ ਢਹਿ ਜਾਣ, ਫਸਲਾਂ ਤਬਾਹ ਹੋ ਜਾਣ, ਇਹ ਨੁਕਸਾਨ ਨਹੀਂ ਗਿਣਿਆ ਜਾਂਦਾ। ਕੀ ਕੇਂਦਰ ਸਰਕਾਰ ਦਾ ਇਹ ਫਰਜ਼ ਨਹੀਂ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ, ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ। ਛੋਟੇ ਮੋਟੇ ਹੜ੍ਹਾਂ ਦੀ ਮਾਰ ਦੀ ਗੱਲ ਨਹੀਂ, ਉਨ੍ਹਾਂ ਹੜ੍ਹਾਂ ਦੀ ਮਾਰ ਦੀ ਗੱਲ ਹੈ ਜੋ ਭਾਖੜਾ ਡੈਮ ਵਿੱਚੋਂ ਪਾਣੀ ਛੱਡਣ ਨਾਲ ਆਏ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿੱਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ; ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿੱਚ ਭਾਰੀ ਮੀਂਹ (634ਐੱਮਐੱਮ) ਪਏ ਤਾਂ ਡੈਮ ਦੇ ਫਲੱਡ ਗੇਟ ਖੋਲ੍ਹ ਦਿੱਤੇ ਜਿਸ ਕਾਰਨ ਭਾਰੀ ਮਾਤਰਾ ਵਿੱਚ ਜਾਨੀ ਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿੱਚੋਂ 9000 ਵਿੱਚ ਪਾਣੀ ਭਰ ਗਿਆ। ਇਨ੍ਹਾਂ ਵਿੱਚੋਂ 2500 ਪਿੰਡ ਤਾਂ ਬਿਲਕੁਲ ਹੀ ਤਬਾਹ ਹੋ ਗਏ। 34 ਲੱਖ ਲੋਕ ਪ੍ਰਭਾਵਿਤ ਹੋਏ।

ਸਾਲ 1993 ਵਿੱਚ 25 ਲੱਖ ਲੋਕ 44 ਸ਼ਹਿਰਾਂ/ਕਸਬਿਆਂ ਅਤੇ 4741 ਪਿੰਡਾਂ ਵਿੱਚ ਪ੍ਰਭਾਵਿਤ ਹੋਏ। 15 ਲੱਖ ਏਕੜ ਰਕਬੇ ਵਿੱਚ ਫਸਲ ਦਾ ਨੁਕਸਾਨ ਹੋਇਆ। ਸਾਲ 2023 ਵਿੱਚ ਵੀ ਇਹੀ ਹਾਲ ਹੋਇਆ।

ਪੰਜਾਬ ਮਾਰੂਥਲ ਬਣਨ ਕੰਢੇ: ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ ਵਿੱਚ ਟਿਊਬਵੈਲਾਂ ਨਾਲ ਸਿੰਜਾਈ ਕੀਤੀ ਜਾਂਦੀ ਹੈ ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿੱਚੋਂ ਪਾਣੀ ਜ਼ਿਆਦਾ ਕੱਢਿਆ ਜਾਂਦਾ ਹੈ ਜਿਸ ਕਾਰਨ ਪਾਣੀ ਹਰ ਸਾਲ ਇੱਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ। ਨੇਸ਼ਨਲ ਗਰੀਨ ਟ੍ਰਿਬਿਊਨਲ ਦੀ 2022 ਦੀ ਰਿਪੋਰਟ ਮੁਤਾਬਿਕ, ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ 2039 ਤੱਕ ਪਾਣੀ 300 ਮੀਟਰ (984 ਫੁੱਟ) ਤੋਂ ਹੇਠਾ ਚਲਾ ਜਾਵੇਗਾ। ਇਸ ਵੇਲੇ ਭਾਵੇਂ ਪਾਣੀ ਦਾ ਲੇਵਲ 30-50 ਮੀਟਰ ਹੈ ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ। ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ ਤਾਂ ਉੱਥੇ ਬੋਰ ਕਰ ਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਨਹੀਂ। ਬਿਨਾਂ ਪਾਣੀ ਤੋਂ ਜ਼ਮੀਨ ਬੰਜਰ ਹੋ ਜਾਵੇਗੀ। ਹਾਈਡਰਾ ਲੋਜਿਸਟ ਵਸ਼ਿਸ਼ਟ ਦੀ 2016 ਦੀ ਰਿਪੋਰਟ ਮੁਤਾਬਿਕ, ਪੰਜਾਬ ਵਿੱਚ 1.27 ਮਿਲਿਅਨ ਹੈਕਟੇਅਰ ਮੀਟਰ ਦੀ ਘਾਟ ਸੀ।

ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ, ਫਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘਟ ਸਕਦੀ, ਭਾਵੇਂ ਨਹਿਰੀ ਪਾਣੀ 10 ਲੱਖ ਹੈਕਟੇਅਰ ਵਿੱਚ ਲਾ ਲਓ ਜਾਂ 15 ਲੱਖ ਹੈਕਟੇਅਰ ਵਿੱਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲੀਅਨ ਕਿਊਬਿਕ ਮੀਟਰ ਹੈ ਜਦੋਂਕਿ ਅਸੀਂ ਕੱਢਦੇ 31.16 ਬਿਲਿਅਨ ਕਿਊਬਿਕ ਮੀਟਰ ਹਾਂ। ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ ਕਿਉਂਕਿ ਕਿਸਾਨ ਛੋਟੇ ਹਨ, ਉਹ ਫਸਲੀ ਘਣਤਾ ਘੱਟ ਨਹੀਂ ਕਰ ਸਕਦੇ ਕਿਉਂਕਿ ਮਹਿੰਗਾਈ ਕਾਰਨ ਪਰਿਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ।

ਨਿਚੋੜ: ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਾਂਕਣ ਕੀਤਾ ਜਾਵੇ। ਪਾਣੀ ਸਾਰੇ ਦੇਸ਼ ਲਈ ਦੁਰਲੱਭ ਵਸਤੂ ਹੈ ਜੋ ਪੀਣ ਲਈ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਵੇਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ਼ ਦੇ ਮੁਕਾਬਲੇ ਵਧੀਆ ਆਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ। ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮਤਭੇਦ ਭੁਲਾ ਕੇ ਪੰਜਾਬ ਲਈ ਇੱਕਸੁਰ ਆਵਾਜ਼ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ, ਖਾਸ ਕਰ ਕੇ ਰਿਪੇਰੀਅਨ ਐਕਟ ਮੁਤਾਬਿਕ। ਇਸ ਲਈ ਜੋ ਚਾਰਾਜੋਈ ਹੋ ਸਕਦੀ ਹੈ, ਰਲ ਕੇ ਕਰੋ ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿਥਿਆ ਗਿਆ ਸੀ, ਨਾ ਪਾਣੀ ਹੁਣ ਹੈ ਹੀ ਨਹੀਂ। ਜੇ ਮੀਂਹ ਹੀ ਤੀਜਾ ਹਿੱਸਾ ਘਟ ਗਈ (65 ਦੇ ਬਜਾਏ 45 ਸੈਂਟੀਮੀਟਰ ਪ੍ਰਤੀ ਸਾਲ) ਰਹਿ ਗਈ ਤਾਂ ਪਾਣੀ ਕਿਥੋਂ ਆਵੇਗਾ? ਸਿਆਸਤਦਾਨਾਂ ਨੇ ਰਾਜ ਪੰਜਾਬ ’ਤੇ ਕਰਨਾ ਹੈ ਪਰ ਜੇ ਪੰਜਾਬ ਬਚੇਗਾ ਤਾਂ ਹੀ ਰਾਜ ਕਰਨਗੇ।

## ਅਮਰੀਕਾ ਨੇ ਟੈਸਟ ਕੀਤੀ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਪਰਮਾਣੂ ਮਿਜ਼ਾਈਲ

ਨਵੀਂ ਦਿੱਲੀ- ਅਮਰੀਕਾ ਨੇ ਇੱਕ ਵਾਰ ਫਿਰ ਮਿੰਟਮੈਨ III ਮਿਜ਼ਾਈਲ ਦਾ ਸਫਲਤਾਪੂਰਵਕ ਪ੍ਰੀਖਣ ਕੀਤਾ ਹੈ। ਇਸ ਵਾਰ ਇੱਕ ਸਿੰਗਲ ਮਾਰਕ-21 ਮਿੰਟਮੈਨ III ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲ ਲਾਂਚ ਕੀਤੀ ਗਈ ਹੈ ਜੋ ਇੱਕ ਹਾਈ ਫਿਡੇਲਿਟੀ ਰੀ-ਐਂਟਰੀ ਵਹੀਕਲ ਨਾਲ ਲੈਸ ਹੈ। ਇਸ ਮਿਜ਼ਾਈਲ ਦਾ ਪ੍ਰੀਖਣ ਕੱਲ੍ਹ, 21 ਮਈ ਨੂੰ ਕੈਲੀਫੋਰਨੀਆ ਦੇ ਵੈਂਡੇਨਬਰਗ ਸਪੇਸ ਫੋਰਸ ਬੇਸ ਤੋਂ ਕੀਤਾ ਗਿਆ ਸੀ। ਜਦੋਂ ਇਹ ਮਿਜ਼ਾਈਲ ਕੈਲੀਫੋਰਨੀਆ ਦੇ ਵੈਂਡੇਨਬਰਗ ਸਪੇਸ ਫੋਰਸ ਬੇਸ ਤੋਂ ਲਾਂਚ ਕੀਤੀ ਗਈ ਸੀ ਤਾਂ ਇਸਨੂੰ ਇਕੱਲੇ ਹੀ ਲਾਂਚ ਕੀਤਾ ਗਿਆ ਸੀ।



### ਮਿਜ਼ਾਈਲ ਨੇ ਕਈ ਮੀਲਾਂ ਦੀ ਦੂਰੀ ਤੈਅ

ਅਮਰੀਕੀ ਹਵਾਈ ਸੈਨਾ ਦੇ ਅਨੁਸਾਰ, ਮਿਜ਼ਾਈਲ ਨੇ ਮਾਰਸ਼ਲ ਟਾਪੂ ਦੇ ਕਵਾਜਾਲੀਨ ਐਟੋਲ ਵਿਖੇ ਅਮਰੀਕੀ ਫੌਜ ਸਪੇਸ ਅਤੇ ਮਿਜ਼ਾਈਲ ਡਿਫੈਂਸ ਕਮਾਂਡ ਦੇ ਰੋਨਾਲਡ ਰੀਗਨ ਬੈਲਿਸਟਿਕ ਡਿਫੈਂਸ ਟੈਸਟ ਸਾਈਟ ਤੱਕ 15,000 ਮੀਲ ਪ੍ਰਤੀ ਘੰਟਾ ਤੋਂ ਵੱਧ ਦੀ ਰਫ਼ਤਾਰ ਨਾਲ ਲਗਭਗ 4,200 ਮੀਲ ਦੀ ਯਾਤਰਾ ਕੀਤੀ। ਮਿੰਟਮੈਨ-3 ਮਿਜ਼ਾਈਲ 24,000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡਣ ਦੇ ਸਮਰੱਥ ਹੈ।

ਕਿਹਾ ਜਾ ਰਿਹਾ ਹੈ ਕਿ ਮਿੰਟਮੈਨ III ਇੰਨਾ ਸ਼ਕਤੀਸ਼ਾਲੀ ਹੈ ਕਿ ਇਸਨੂੰ ਕਿਸੇ ਵੀ ਹਵਾਈ ਰੱਖਿਆ ਪ੍ਰਣਾਲੀ ਦੁਆਰਾ ਰੋਕਿਆ ਨਹੀਂ ਜਾ ਸਕਦਾ। ਮਿੰਟਮੈਨ III ਦੀ ਸ਼ਕਤੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਇਸਨੂੰ ਕਿਸੇ ਵੀ ਹਵਾਈ ਰੱਖਿਆ ਪ੍ਰਣਾਲੀ ਨਾਲ ਰੋਕਣਾ ਬਹੁਤ ਮੁਸ਼ਕਲ ਹੋਵੇਗਾ। ਇਸ ਮਿਜ਼ਾਈਲ ਲਾਂਚ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਮਿਜ਼ਾਈਲ ਦਾ ਪੂਰਾ ਨਾਮ LGM-30G iMnuteman-III ਹੈ। ਮਿਜ਼ਾਈਲ ਨੂੰ ਸ਼ਕਤੀਸ਼ਾਲੀ ਬਣਾਉਣ ਲਈ, ਇਸ ਵਿੱਚ ਤਿੰਨ ਠੋਸ ਪ੍ਰੋਪੇਲੈਂਟ ਰਾਕੇਟ ਮੋਟਰਾਂ ਦੀ ਵਰਤੋਂ ਕੀਤੀ ਗਈ ਹੈ।

ਮਿੰਟਮੈਨ III ਪ੍ਰਮਾਣੂ-ਸਮਰੱਥ ਮਿਜ਼ਾਈਲ ਇੱਕ ਸਿੰਗਲ ਮਾਰਕ 21 ਹਾਈ-ਫਿਡੇਲਿਟੀ ਰੀ-ਐਂਟਰੀ ਵਹੀਕਲ ਨਾਲ ਲੈਸ ਹੈ। ਜੇਕਰ ਕਾਰਜਸ਼ੀਲ ਤੌਰ 'ਤੇ ਲਾਂਚ ਕੀਤਾ ਜਾਂਦਾ ਹੈ ਤਾਂ ਇਹ ਆਮ ਤੌਰ 'ਤੇ ਪ੍ਰਮਾਣੂ ਪੇਲੋਡ ਲੈ ਕੇ ਜਾਵੇਗਾ। ਇਸਦਾ ਪਹਿਲਾਂ ਵੀ ਕਈ ਵਾਰ ਟੈਸਟ-ਲਾਂਚ ਕੀਤਾ ਜਾ ਚੁੱਕਾ ਹੈ।



# ਲੂ ਤੇ ਤਪਸ਼ ਦਾ ਮਹੀਨਾ ਜੇਠ

ਹਰਮਨਪ੍ਰੀਤ ਸਿੰਘ

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ
ਪਾਵੈ ਸੁਖ ਮਹਲੀ॥
ਨਾਨਕ ਜੇਠਿ ਜਾਣੈ ਤਿਸੁ ਜੈਸੀ
ਕਰਮਿ ਮਿਲੈ ਗੁਣ ਗਹਿਲੀ॥

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿੱਚ ਜੋ ਵੀ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿੱਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿੱਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ। ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ। ਨਾਨਕਸ਼ਾਹੀ ਜੰਤਰੀ ਦੇ ਹਿਸਾਬ ਨਾਲ ਜੇਠ ਦਾ ਮਹੀਨਾ ਸਾਲ ਦੇ ਦੇਸੀ ਮਹੀਨਿਆਂ ਦਾ ਤੀਜਾ ਮਹੀਨਾ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਤੇ ਨਵੀਂ ਮੌਸਮੀ ਤਬਦੀਲੀ ਲੈ ਕੇ ਆਉਂਦਾ ਹੈ। ਹਰ ਮਹੀਨਾ, ਹਰ ਰੁੱਤ, ਆਪਣੇ ਆਪ ਵਿੱਚ ਖ਼ਾਸ ਹੁੰਦੀ ਹੈ।

ਦੇ ਰੁੱਖ ਇਉਂ ਜਾਪਦੇ ਨੇ ਕਿ ਇਹ ਸੰਸਾਰ ਨੂੰ ਸੰਦੇਸ਼ ਦਿੰਦੇ ਹੋਣ ਕਿ ਮੌਸਮ, ਬਹਾਰਾਂ ਤੇ ਜ਼ਿੰਦਗੀ 'ਚ ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ, ਉਨ੍ਹਾਂ ਦੀ ਪਰਵਾਹ ਕੀਤੇ ਬਿਨਾਂ ਚੱਲਦੇ ਰਹੋ, ਖ਼ੁਸ਼ ਰਹੋ ਅਤੇ ਖਿੜੇ ਰਹੋ।

ਇਸੇ ਤਰ੍ਹਾਂ ਗੁਲਮੋਹਰ ਰੁੱਖ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ 'ਤੇ ਆ ਕੇ ਲਾਲ-ਸੂਹੇ ਹੋ ਕੇ ਕੁਦਰਤ 'ਚ ਆਪਣਾ ਰੰਗ ਭਰਦੇ ਨਜ਼ਰ ਆਉਂਦੇ ਹਨ। ਗੁਲਮੋਹਰ ਦੇ ਫੁੱਲ ਵੇਖਣ ਵਾਲਿਆਂ ਦੇ ਮਨ ਮੋਹ ਲੈਂਦੇ ਹਨ। ਜੇਠ ਦੇ ਤਪਦੇ ਮਹੀਨੇ 'ਚ ਅਮਲਤਾਸ ਤੇ ਗੁਲਮੋਹਰ ਦੇ ਰੁੱਖਾਂ 'ਚ ਘਿਰਿਆ ਮਨੁੱਖ ਜੇਠ ਮਹੀਨੇ ਦੀ ਤਪਸ਼ ਭੁੱਲ ਕੇ ਬਹਾਰ ਰੁੱਤ ਦਾ ਆਨੰਦ ਮਾਣਦਾ ਨਜ਼ਰ ਆਉਂਦਾ ਹੈ।

ਜੇਠ ਦੇ ਮਹੀਨੇ 'ਚ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਵਿਉਂਤਬੰਦੀ ਕਰਦੇ ਹਨ। ਇਸ ਮਹੀਨੇ ਖੇਤ ਦੂਰ-ਦੂਰ ਤੱਕ ਜ਼ਿਆਦਾਤਰ ਖਾਲੀ ਹੀ ਨਜ਼ਰ ਆਉਂਦੇ ਹਨ, ਦੂਰ-ਦੂਰ ਤੱਕ ਖਾਲੀ ਪਏ ਖੇਤਾਂ ਦਾ ਕਾਰਨ ਇਹ ਵੀ ਹੈ ਕਿ ਮੌਜੂਦਾ ਸਮੇਂ ਕਿਸਾਨ ਦੋ ਹੀ ਮੁੱਖ ਫ਼ਸਲਾਂ ਦੀ ਬਿਜਾਈ ਕਰਦੇ ਹਨ, ਇੱਕ ਕਣਕ ਤੇ ਦੂਜੀ ਝੋਨਾ, ਜੇ ਕਿਤੇ ਨਾਲ ਹੋਰ ਫ਼ਸਲਾਂ ਦੀ ਬਿਜਾਈ ਵੀ ਕੀਤੀ ਜਾਵੇ ਤਾਂ ਜੇਠ ਦੇ ਮਹੀਨੇ 'ਚ ਦੂਰ-ਦੂਰ ਤੱਕ ਖੇਤ ਇਉਂ ਖਾਲੀ ਨਜ਼ਰ ਨਾ ਆਉਣ,



ਜੇਠ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਮਈ ਤੋਂ ਸ਼ੁਰੂ ਹੋ ਕੇ ਅੱਧ ਜੂਨ ਤੱਕ ਦਾ ਹੁੰਦਾ ਹੈ। ਇਹ ਮਹੀਨਾ ਆਪਣੇ ਆਪ 'ਚ ਗਰਮ ਮਹੀਨਾ ਹੁੰਦਾ ਹੈ। ਇਸ ਮਹੀਨੇ ਧਰਤ ਦੀ ਹਿੱਕ 'ਤੇ ਬੇਪਰਵਾਹ ਜਿਹੇ ਖੜ੍ਹੇ ਅੰਬਾਂ ਦੇ ਰੁੱਖਾਂ 'ਤੇ ਲੱਗੀਆਂ ਅੰਬੀਆਂ ਸੂਰਜ ਦੀ ਪਹਿਲੀ ਕਿਰਨ ਨਾਲ ਹੀ 'ਪਹੁ ਫੁੱਟਦਿਆਂ ਸਾਰ' ਚਾਰੇ ਪਾਸੇ ਮਹਿਕਾਂ ਫੈਲਾਅ ਰਹੀਆਂ ਹੁੰਦੀਆਂ ਹਨ। ਕੁਦਰਤ ਦੀ ਕਾਇਨਾਤ 'ਚ ਮਿੰਨੀ-ਮਿੰਨੀ ਵਗਦੀ ਲੂ 'ਚ ਝੂਲਦੇ ਲੀਚੀਆਂ, ਆੜੂਆਂ ਤੇ ਅਨਾਰਾਂ ਦੇ ਰੁੱਖ ਧਰਤ ਦਾ ਰੂਪ ਸ਼ਿੰਗਾਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਨੂੰ ਲੂਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ ਆਪਣਾ ਅਸਰ ਹਰ ਪਸ਼ੂ, ਪੰਛੀ, ਰੁੱਖ ਅਤੇ ਮਨੁੱਖ 'ਤੇ ਦਿਖਾਉਂਦੀ ਹੈ। ਇਸ ਮੌਸਮ 'ਚ ਵਗਦੀ ਲੂ ਫੁੱਲ, ਪੱਤੀਆਂ ਅਤੇ ਮਨੁੱਖੀ ਸਰੀਰਾਂ ਨੂੰ ਜਦੋਂ ਛੂਹ ਕੇ ਲੰਘਦੀ ਹੈ ਤਾਂ ਇੱਕ ਵਾਰ ਤਾਂ ਜੇਠ ਮਹੀਨਾ ਆਪਣੇ ਗਰਮ ਸੁਭਾਅ ਦਾ ਅਹਿਸਾਸ ਕਰਵਾ ਜਾਂਦਾ ਹੈ। ਇਉਂ ਜਾਪਦਾ ਕਿ ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ 'ਚ ਤਪਦੀ ਧਰਤੀ ਦੀ ਰੂਹ ਵੀ ਪਾਣੀ-ਪਾਣੀ ਕੁਰਲਾਉਂਦੀ ਹੋਵੇ। ਸੱਥਾਂ ਵਿੱਚ ਲੱਗੇ ਪਿੱਪਲ ਅਤੇ ਬੋਹੜ ਦੀਆਂ ਛਾਵਾਂ 'ਚ ਬੈਠੇ ਲੋਕ ਭੱਠ ਵਾਂਗ ਤਪਦੀ ਧਰਤੀ ਨੂੰ ਵੇਖ ਪਰਮਾਤਮਾ ਨੂੰ ਛਿੱਟ ਮੀਂਹ ਦੀ ਪਾਉਣ ਦੀ ਅਰਜੋਈ ਕਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਚਾਰੇ ਪਾਸੀ ਵਗਦੀ ਲੂ ਕਾਰਨ ਟੋਭੇ, ਖੂਹ ਸੁੱਕਣ ਕੰਢੇ ਜਾ ਪੁੱਜਦੇ ਹਨ। ਜੇ ਕਿਤੇ ਜੇਠ ਮਹੀਨੇ ਕਿਤੇ ਇੱਕ-ਦੋ ਮੀਂਹ ਪੈ ਜਾਣ ਤਾਂ ਪਸ਼ੂ, ਪੰਛੀ ਤੇ ਮਨੁੱਖ ਜੇਠ ਮਹੀਨੇ ਦੀ ਗਰਮੀ ਨੂੰ ਭੁੱਲ ਕੁੱਝ ਸਮੇਂ ਲਈ ਠੰਢੇ ਬੁੱਲਿਆਂ ਦਾ ਆਨੰਦ ਮਾਣਦੇ ਨਜ਼ਰ ਆਉਂਦੇ ਹਨ।

ਜੇਠ ਦਾ ਮਹੀਨਾ ਸਦਾ ਤੋਂ ਅਜਿਹਾ ਨਹੀਂ ਸੀ। ਜੇ ਕਹਿ ਲਈਏ ਕਿ 'ਜਿਹੇ ਲੋਕ ਤਹੀਆਂ ਰੁੱਤਾਂ' ਤਾਂ ਗ਼ਲਤ ਨਹੀਂ ਹੋਵੇਗਾ ਕਿਉਂਕਿ ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਜਦੋਂ ਤੋਂ ਛੇੜ-ਛਾੜ ਕਰਨੀ ਸ਼ੁਰੂ ਕੀਤੀ, ਬਸ ਉਦੋਂ ਤੋਂ ਹੀ ਮੌਸਮੀ ਚੱਕਰ 'ਚ ਆਈ ਤਬਦੀਲੀ ਨੇ ਰੁੱਤਾਂ ਦਾ ਸੁਭਾਅ ਵੀ ਬਦਲ ਕੇ ਰੱਖ ਦਿੱਤਾ ਹੈ।

ਇਸ ਮਹੀਨੇ ਜਿੱਥੇ ਚਾਰੇ ਪਾਸੇ ਵਗਦੀ ਲੂ ਨੇ ਮਨੁੱਖੀ ਚਿਹਰਿਆਂ ਤੋਂ ਰੌਣਕ ਉਡਾਈ ਹੁੰਦੀ ਹੈ, ਉੱਥੇ ਹੀ ਅਮਲਤਾਸ ਤੇ ਗੁਲਮੋਹਰ ਜਿਹੇ ਰੁੱਖਾਂ 'ਤੇ ਇਉਂ ਜਾਪਦਾ ਜਿਵੇਂ ਜੇਠ ਮਹੀਨੇ ਬਾਹਰ ਰੁੱਤ ਮੁਹੱਬਤ ਦੀ ਬਾਤ ਪਾਉਣ ਆਈ ਹੋਵੇ, ਇਸੇ ਨੂੰ ਹੀ ਤਾਂ ਕੁਦਰਤ ਕਹਿੰਦੇ ਨੇ ਤੇ ਇਸੇ ਨੂੰ ਕੁਦਰਤ ਦੇ ਰੰਗ। ਜੇਠ ਦੇ ਮਹੀਨੇ ਅਮਲਤਾਸ ਦੇ ਰੁੱਖਾਂ 'ਤੇ ਖਿੜੇ ਪੀਲੇ, ਕੇਸਰੀ ਰੰਗਾਂ ਦੇ ਫੁੱਲ ਇਸ ਮਹੀਨੇ ਦੇ ਤਪਸ਼ ਭਰੇ ਮਾਹੌਲ 'ਚ ਵੀ ਮਨੁੱਖੀ ਮਨਾਂ ਨੂੰ ਮੋਹ ਲੈਂਦੇ ਹਨ। ਜੇਠ ਮਹੀਨਾ ਚੜ੍ਹਦੇ ਹੀ ਇਹ ਖ਼ੂਬਸੂਰਤ ਰੁੱਖ ਫੁੱਲਾਂ ਨਾਲ ਲੱਦਿਆ ਜਾਂਦਾ ਹੈ। ਜੇਠ ਦੇ ਤਪਦੇ ਮਹੀਨੇ 'ਚ ਬਹਾਰ ਰੁੱਤ ਦੇ ਰੁੱਖਾਂ ਵਾਂਗ ਖਿੜਨ ਤੇ ਗਰਮ ਵਗਦੀਆਂ ਹਵਾਵਾਂ ਨਾਲ ਮੁਹੱਬਤ ਦੀਆਂ ਬਾਤਾਂ ਪਾਉਣੀਆਂ ਕੋਈ ਅਮਲਤਾਸ ਦੇ ਰੁੱਖਾਂ ਤੋਂ ਸਿੱਖੇ। ਭੱਠ ਵਾਂਗ ਤਪਦੇ ਇਸ ਮਹੀਨੇ 'ਚ ਅਮਲਤਾਸ

ਨਾਲ ਹੀ ਧਰਤੀ ਦੀ ਤਪਸ਼ ਘਟਾਉਣ ਲਈ ਸਾਨੂੰ ਇਸ ਕਣਕ, ਝੋਨੇ ਦੇ ਫ਼ਸਲੀ ਚੱਕਰ 'ਚੋਂ ਨਿਕਲ ਕੇ ਹੋਰ ਮੌਸਮੀ ਫ਼ਸਲਾਂ ਦੀ ਪੈਦਾਵਾਰ ਵਧਾਉਣੀ ਪਵੇਗੀ। ਨਤੀਜੇ ਵਜੋਂ ਧਰਤੀ ਦੀ ਤਪਸ਼ ਘਟੇਗੀ, ਪਾਣੀ ਦੀ ਵਰਤੋਂ ਘਟੇਗੀ ਅਤੇ ਤੇਜ਼ੀ ਨਾਲ ਮੌਸਮੀ ਬਦਲਾਅ 'ਚ ਆਉਂਦੀ ਖ਼ਤਰਨਾਕ ਤਬ-ਦੀਲੀ ਘਟੇਗੀ, ਸੋ ਖ਼ਤਰਨਾਕ ਮੌਸਮੀ ਬਦਲਾਅ ਨੂੰ ਰੋਕਣ ਲਈ ਸਾਨੂੰ ਖ਼ੁਦ ਨੂੰ ਬਦਲਣਾ ਪਵੇਗਾ। ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰਨੀ ਹੋਵੇਗੀ, ਕੁਦਰਤੀ ਸਰੋਤਾਂ ਦਾ ਦੁਰਉਪਯੋਗ ਬੰਦ ਕਰਨਾ ਹੋਵੇਗਾ ਤਾਂ ਜੋ ਕੋਈ ਵੀ ਮਹੀਨਾ ਮੌਸਮੀ ਤਬਦੀਲੀ ਕਾਰਨ ਆਪਣਾ ਪੁਰਾਤਨ ਰੂਪ ਨਾ ਗੁਆ ਬੈਠੇ।

ਇਹ ਵੀ ਦੇਖਣ, ਸੁਣਨ ਵਿੱਚ ਆਇਆ ਹੈ ਕਿ ਪੁਰਾਤਨ ਸਮਿਆਂ 'ਚ ਜਿਸ ਮਹੀਨੇ ਬੱਚੇ ਨੇ ਜਨਮ ਲੈਣਾ ਤਾਂ ਘਰ ਦੇ ਬਜ਼ੁਰਗਾਂ ਨੇ ਉਸ ਮਹੀਨੇ 'ਤੇ ਹੀ ਝੱਟ-ਪੱਟ ਬੱਚੇ ਦਾ ਨਾਂ ਰੱਖ ਦੇਣਾ ਜਿਵੇਂ ਜੇਠ ਮਹੀਨਾ ਚੱਲ ਰਿਹਾ ਹੈ ਤਾਂ ਜੇਠੂ ਮੱਲ, ਜੇਠਾ ਸਿਉਂ, ਜੇਠੇ ਖਾਂ ਆਦਿ। ਜੇਠ ਮਹੀਨੇ ਦਾ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਸਬੰਧ ਹੈ, ਜਿੱਥੇ 'ਜੇਠ' ਸ਼ਬਦ ਜੇਠ ਮਹੀਨੇ ਨਾਲ ਸਬੰਧਤ ਹੈ, ਉੱਥੇ ਹੀ 'ਜੇਠ' ਸ਼ਬਦ ਸਮਾਜਿਕ ਰਿਸ਼ਤਿਆਂ 'ਚ ਵੀ ਕਈ ਥਾਈਂ ਵਰਤਿਆ ਜਾਂਦਾ ਹੈ। ਸਮਾਜਿਕ ਰਿਸ਼ਤਿਆਂ 'ਚ 'ਜੇਠ' ਸ਼ਬਦ ਦਾ ਸ਼ਾਬਦਿਕ ਅਰਥ ਵੱਡਾ ਹੁੰਦਾ ਹੈ, ਘਰ 'ਚ ਪਹਿਲੇ ਜਨਮ ਲੈਣ ਵਾਲੇ ਬੱਚੇ ਨੂੰ ਜੇਠਾ ਕਿਹਾ ਜਾਂਦਾ ਜੋ ਅੱਜ ਵੀ ਪ੍ਰਚੱਲਿਤ ਹੈ। ਇਉਂ ਹੀ ਪੁਰਾਤਨ ਸਮਿਆਂ 'ਚ ਘਰ ਦੇ ਮੋਢੀ ਪੁਰਸ਼ ਨੂੰ ਵੀ 'ਜੇਠ' ਆਖ ਬੁਲਾਇਆ ਜਾਂਦਾ ਸੀ ਅਤੇ ਵਿਆਹੁਤਾ ਜੀਵਨ ਹੰਢਾ ਰਹੀਆਂ ਇਸਤਰੀਆਂ ਦਾ ਆਪਣੇ ਪਤੀ ਦੇ ਵੱਡੇ ਭਰਾ ਨਾਲ ਰਿਸ਼ਤਾ ਵੀ 'ਜੇਠ' ਵਾਲਾ ਹੁੰਦਾ ਹੈ।

ਜਿੱਥੇ ਜੇਠ ਮਹੀਨਾ ਆਪਣੇ ਕੁਦਰਤੀ ਸੁਭਾਅ ਕਾਰਨ ਗਰਮ ਮਹੀਨਾ ਤਾਂ ਹੁੰਦਾ ਹੀ ਹੈ, ਉੱਥੇ ਹੀ ਇਸ ਮਹੀਨੇ ਦੀ ਤਪਸ਼ ਵਧਾਉਣ 'ਚ ਮਨੁੱਖ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ।

ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਪਾਣੀ ਦੀ ਦੁਰਵਰਤੋਂ, ਇਸੇ ਮਹੀਨੇ ਕਣਕ ਦੀ ਕਟਾਈ ਮਗਰੋਂ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਵਾਤਾਵਰਨ ਨੂੰ ਗੰਧਲਾ ਕਰਨ ਦੇ ਨਾਲ-ਨਾਲ ਤਪਸ਼ ਵੀ ਵਧਾ ਰਹੇ ਹਾਂ। ਦੂਜੇ ਪਾਸੇ ਜੇਠ ਮਹੀਨਾ ਚੜ੍ਹਦੇ ਹੀ ਮੋਟਰ ਗੱਡੀਆਂ, ਦਫ਼ਤਰਾਂ, ਘਰੇਲੂ ਤੇ ਵਪਾਰਕ ਥਾਵਾਂ 'ਤੇ ਚੱਲਦੇ ਏਅਰਕੰਡੀਸ਼ਨਰ ਬਾਹਰੀ ਤਪਸ਼ ਵਧਾਉਣ 'ਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ। ਏਅਰਕੰਡੀਸ਼ਨਰ ਵੱਲੋਂ ਬਾਹਰ ਵੱਲ ਛੱਡੀ ਗਰਮ ਹਵਾ ਵਾਤਾਵਰਨ 'ਚ ਗਰਮੀ ਵਧਾਉਣ ਦਾ ਕੰਮ ਕਰਦੀ ਹੈ ਤੇ ਅਸੀਂ ਦੋਸ਼ ਇਕੱਲਾ ਜੇਠ ਮਹੀਨੇ ਨੂੰ ਹੀ ਦਈ ਜਾਂਦੇ ਹਾਂ। ਅਸੀਂ ਇਸ ਮਹੀਨੇ ਦੀ ਤਪਸ਼ ਘਟਾ ਸਕਦੇ ਹਾਂ, ਆਪਣੇ ਆਲੇ ਦੁਆਲੇ ਰੁੱਖ ਲਗਾ ਕੇ, ਜੰਗਲਾਂ ਹੇਠਲਾ ਰਕਬਾ ਵਧਾ ਕੇ ਜਿੱਥੇ ਖ਼ੂਬਸੂਰਤ ਵਾਤਾਵਰਨ ਸਿਰਜ ਸਕਦੇ ਹਾਂ, ਉੱਥੇ ਹੀ ਤਪਦੇ ਜੇਠ ਮਹੀਨੇ ਨੂੰ ਕੁੱਝ ਹੱਦ ਤੱਕ ਠੰਢਾ ਰੱਖਣ ਦਾ ਯਤਨ ਵੀ ਕਰ ਸਕਦੇ ਹਾਂ।

# ਵਿਦੇਸ਼ੀ ਨਿਵੇਸ਼ ਦੀ ਗਤੀ ਭਾਰਤ ਵਿਚ ਧੀਮੀ ਕਿਓਂ?

ਸੁਭਾਸ਼ ਚੰਦਰ ਗਰਗ

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓਈਸੀਡੀ) ਨੇ ਹਾਲ ਹੀ ਵਿੱਚ 2024 ਦੇ ਕੈਲੰਡਰ ਸਾਲ ਦੌਰਾਨ ਦੇਸ਼ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ (ਐੱਫਡੀਆਈ) ਅਤੇ ਦੂਜੇ ਦੇਸ਼ਾਂ ਵਿੱਚ ਕੀਤੇ ਜਾਣ ਵਾਲੇ ਸਿੱਧੇ ਵਿਦੇਸ਼ ਨਿਵੇਸ਼ ਦੇ ਅੰਕੜੇ ਜਾਰੀ ਕੀਤੇ ਹਨ। ਭਾਰਤ ਨੂੰ ਮਿਲਣ ਵਾਲਾ ਐੱਫਡੀਆਈ ਜੋ 2020 ਵਿੱਚ 64136 ਅਰਬ ਡਾਲਰ ਦੀ ਸਿਖ਼ਰ 'ਤੇ ਪਹੁੰਚ ਗਿਆ ਸੀ, ਵਿੱਚ ਉਸ ਤੋਂ ਬਾਅਦ ਲਗਾਤਾਰ ਗਿਰਾਵਟ ਆ ਰਹੀ ਹੈ। 2021 ਵਿੱਚ ਇਹ 44.73 ਅਰਬ ਡਾਲਰ, 2022 ਵਿੱਚ 49.94 ਅਰਬ ਡਾਲਰ, 2023 ਵਿੱਚ 28.08 ਅਰਬ ਡਾਲਰ ਅਤੇ 2024 ਵਿੱਚ 27.61 ਅਰਬ ਡਾਲਰ ਰਹਿ ਗਿਆ ਸੀ। ਸਾਲ 2024 ਵਿੱਚ ਭਾਰਤ ਦਾ ਸਿੱਧਾ ਵਿਦੇਸ਼ੀ ਨਿਵੇਸ਼ 2020 ਦੇ ਮੁਕਾਬਲੇ 43 ਫ਼ੀਸਦੀ ਘਟ ਗਿਆ ਸੀ।

ਭਾਰਤ ਵਿੱਚ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ ਇੰਨੀ ਤੇਜ਼ੀ ਨਾਲ ਗਿਰਾਵਟ ਕਿਉਂ ਆ ਰਹੀ ਹੈ? ਜੇ ਸਾਫ਼ ਤੌਰ 'ਤੇ ਆਖਣਾ ਹੋਵੇ ਤਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ ਜਾਂ ਖਿੱਤੇ ਅੰਦਰ ਪਰਮਾਣੂ ਟਕਰਾਅ ਬਣ ਜਾਣ ਦੇ ਸਹਿਮ ਦਾ ਭਾਰਤ ਅੰਦਰ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਉੱਪਰ ਕੋਈ ਅਸਰ ਨਹੀਂ ਪਿਆ। ਦੇਸ਼ ਨੂੰ ਹਾਸਿਲ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਤਿੰਨ ਅੰਗ ਹੁੰਦੇ ਹਨ- ਪਹਿਲਾ, ਨਵੇਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ (ਮਸਲਨ, ਕਿਸੇ ਭਾਰਤੀ ਕੰਪਨੀ ਨੂੰ ਪ੍ਰਾਪਤ ਹੋਣ ਵਾਲਾ ਨਵਾਂ ਜਾਂ ਵਾਧੂ ਸਿੱਧਾ ਵਿਦੇਸ਼ੀ ਨਿਵੇਸ਼); ਦੂਜਾ, ਪੂੰਜੀ ਵਾਪਸੀ (Repatriation) ਜਾਂ ਅਪਨਿਵੇਸ਼ (ਕਿਸੇ ਕੰਪਨੀ 'ਚੋਂ ਪੂਰੀ ਜਾਂ ਅੰਸ਼ਕ ਹਿੱਸੇਦਾਰੀ ਵੇਚਣ ਦੇ ਰੂਪ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਨਿਕਾਸੀ); ਤੀਜਾ, ਆਪਣੀ ਕਮਾਈ ਬਰਕਰਾਰ ਰੱਖਣਾ ਜਾਂ ਮੁੜ ਨਿਵੇਸ਼ ਕਰਨਾ (ਮੁਨਾਫਿਆਂ ਦੀ ਹਿੱਸੇਦਾਰੀ ਐੱਫਡੀਆਈ ਨਿਵੇਸ਼ਕਾਂ ਦੇ ਹਿੱਸੇ ਵਿੱਚ ਪਾਉਣਾ ਨਾ ਕਿ ਲਾਭਾਂਸ਼ ਦੇ ਰੂਪ ਵਿੱਚ ਵੰਡਣਾ)।

ਸਨਅਤੀ ਅਤੇ ਅੰਦਰੂਨੀ ਵਪਾਰ ਹੁਲਾਰਾ ਵਿਭਾਗ (ਡੀਪੀਆਈਆਈਟੀ) ਦੇ ਅੰਕੜਿਆਂ ਮੁਤਾਬਿਕ, ਭਾਰਤ ਦਾ ਐੱਫਡੀਆਈ ਸਟਾਕ (ਜਿਸ ਦੀ ਗਿਣਤੀ ਸੰਨ 2000 ਤੋਂ ਸ਼ੁਰੂ ਹੋਈ ਸੀ) ਹੁਣ 1 ਟ੍ਰਿਲੀਅਨ (ਖਰਬ) ਡਾਲਰ ਤੋਂ ਜ਼ਿਆਦਾ ਹੋ ਚੁੱਕਿਆ ਹੈ। ਆਰਬੀਆਈ ਮੁਤਾਬਿਕ, 2023-24 ਵਿੱਚ ਐੱਫਡੀਆਈ ਦੀ ਕੁੱਲ ਆਮਦ (ਨਿਵੇਸ਼ ਤੇ ਕਮਾਈ ਦੇ ਮੁੜ ਨਿਵੇਸ਼ ਸਣੇ) 70.94 ਅਰਬ ਡਾਲਰ ਸੀ ਜਦੋਂਕਿ ਰੀਪੈਟਰੀਏਸ਼ਨ ਐੱਫਡੀਆਈ ਦਾ ਅਪਨਿਵੇਸ਼ 44.47 ਅਰਬ ਡਾਲਰ ਸੀ ਜਿਸ ਕਰ ਕੇ ਅਸਲ ਪੂੰਜੀ ਆਮਦ ਨਵਾਂ ਸਿੱਧਾ ਵਿਦੇਸ਼ੀ ਨਿਵੇਸ਼ 26.47 ਅਰਬ ਡਾਲਰ ਸੀ। ਡੀਪੀਆਈਆਈਟੀ ਦੇ ਅੰਕੜਿਆਂ (2023-24 ਵਿੱਚ) ਮੁਤਾਬਿਕ, ਰੀਟੇਨਡ ਅਤੇ ਮੁੜ ਨਿਵੇਸ਼ ਐੱਫਡੀਆਈ 19.77 ਅਰਬ ਡਾਲਰ ਸੀ। ਇੰਝ ਭਾਰਤ ਨੂੰ ਸ਼ੁੱਧ ਰੂਪ ਵਿੱਚ 51.17 ਅਰਬ ਡਾਲਰ ਦੀ ਨਕਦ ਆਮਦ ਪ੍ਰਾਪਤ ਹੋਈ (ਭਾਵ, 70.94 ਅਰਬ ਡਾਲਰ ਮਨਫੀ 19.77 ਅਰਬ ਡਾਲਰ)। ਜੇ ਅਸੀਂ ਅਪਨਿਵੇਸ਼ ਜਾਂ ਰੀਪੈਟਰੀਏਸ਼ਨ ਦੇ ਰੂਪ ਵਿੱਚ ਨਿਕਲੇ 44.47 ਅਰਬ ਡਾਲਰ ਨੂੰ ਲਈਏ ਤਾਂ ਇਹ ਸ਼ੁੱਧ ਸਿੱਧੇ ਵਿਦੇਸ਼ੀ ਨਿਵੇਸ਼ ਨਕਦ ਆਮਦ ਮਹਿਜ਼ 6.70 ਅਰਬ ਡਾਲਰ ਰਹਿ ਜਾਂਦੀ ਹੈ ਜੋ ਬਹੁਤ ਹੀ ਮਾਮੂਲੀ ਰਕਮ ਹੈ।

ਡੀਪੀਆਈਆਈਟੀ ਅਤੇ ਆਰਬੀਆਈ ਦੇ ਅੰਕੜਿਆਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ 2020-21, 2021-22, 2022-23 ਵਿੱਚ ਸ਼ੁੱਧ ਨਕਦ ਐੱਫਡੀਆਈ ਕ੍ਰਮਵਾਰ 37.99 ਅਰਬ ਡਾਲਰ, 36.88 ਅਰਬ ਡਾਲਰ, 22.90 ਅਰਬ ਡਾਲਰ ਅਤੇ 6.70 ਅਰਬ ਡਾਲਰ ਸੀ। ਪਿਛਲੇ ਦੋ ਸਾਲਾਂ ਦੌਰਾਨ ਸ਼ੁੱਧ ਨਕਦ ਐੱਫਡੀਆਈ ਵਿੱਚ ਗਿਰਾਵਟ ਬਹੁਤ ਤੇਜ਼ ਹੋ ਗਈ ਹੈ। ਕਿਉਂ?

ਇਨ੍ਹਾਂ ਚਾਰ ਸਾਲਾਂ ਦੌਰਾਨ ਰਿਟੇਨਡ ਜਾਂ ਮੁੜ ਨਿਵੇਸ਼ ਕਮਾਈ ਐੱਫਡੀਆਈ ਕਾਫ਼ੀ ਹੱਦ ਤੱਕ ਸਥਿਰ ਰਿਹਾ ਹੈ ਜੋ ਕ੍ਰਮਵਾਰ 16.94 ਅਰਬ ਡਾਲਰ, 19.35 ਅਰਬ ਡਾਲਰ, 19.12 ਅਰਬ ਡਾਲਰ ਅਤੇ 19.77 ਅਰਬ ਡਾਲਰ ਰਿਹਾ ਹੈ। ਨਵੇਂ ਐੱਫਡੀਆਈ ਦੀ ਆਮਦ 2020-21 ਵਿੱਚ 81197 ਅਰਬ ਡਾਲਰ ਤੋਂ ਵਧ ਕੇ 2021-22 ਵਿੱਚ 84.84 ਅਰਬ ਡਾਲਰ ਹੋ ਗਈ ਸੀ ਅਤੇ ਉਸ ਤੋਂ ਬਾਅਦ ਇਸ ਵਿੱਚ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ ਹਾਲਾਂਕਿ 2022-23 ਵਿੱਚ ਇਹ 71.36 ਅਰਬ ਡਾਲਰ ਅਤੇ 2023-24 ਵਿੱਚ 70.94 ਅਰਬ ਡਾਲਰ ਸੀ। ਇਨ੍ਹਾਂ ਚਾਰ ਸਾਲਾਂ ਵਿੱਚ ਰੀਪੇਮੈਂਟਸ/ਅਪਨਿਵੇਸ਼ ਵਿੱਚ ਭਾਰੀ ਵਾਧਾ ਹੋਇਆ ਹੈ ਜਿਸ ਤੋਂ ਸ਼ੁੱਧ ਨਕਦ ਐੱਫਡੀਆਈ ਆਮਦ ਵਿੱਚ ਆ ਰਹੀ ਗਿਰਾਵਟ ਦਾ ਖੁਲਾਸਾ ਹੁੰਦਾ ਹੈ। 2020-21 ਵਿੱਚ ਇਹ ਰੀਪੇਮੈਂਟਸ/ਅਪਨਿਵੇਸ਼ 27.05 ਅਰਬ ਡਾਲਰ,



2021-22 ਵਿੱਚ 28.61 ਅਰਬ ਡਾਲਰ, 2022-23 ਵਿੱਚ 29.35 ਅਰਬ ਡਾਲਰ ਅਤੇ 2023-24 ਵਿੱਚ 44.47 ਅਰਬ ਡਾਲਰ 'ਤੇ ਪਹੁੰਚ ਗਈਆਂ ਸਨ।

2024-25 ਵਿੱਚ ਵੀ ਸ਼ੁੱਧ ਨਵੇਂ ਨਕਦ ਐੱਫਡੀਆਈ ਆਮਦ ਦੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਸੁਧਾਰ ਨਹੀਂ ਹੋ ਸਕਿਆ। ਡੀਪੀਆਈਆਈਟੀ ਦੇ ਅੰਕੜਿਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਭਾਰਤ ਨੂੰ ਅਪਰੈਲ ਦਸੰਬਰ 2024-25 ਕੁੱਲ 62.48 ਅਰਬ ਡਾਲਰ ਦਾ ਐੱਫਡੀਆਈ ਪ੍ਰਾਪਤ ਹੋਇਆ ਸੀ ਜਿਸ ਵਿੱਚੋਂ 16187 ਅਰਬ ਡਾਲਰ ਮੁੜ ਨਿਵੇਸ਼/ਰਿਟੇਨਡ ਕਮਾਈ ਦੇ ਰੂਪ ਸਨ। ਆਰਬੀਆਈ ਮੁਤਾਬਿਕ ਇਸ ਕਾਲ ਦੌਰਾਨ ਰੀਪੈਟਰੀਏਸ਼ਨ/ਅਪਨਿਵੇਸ਼ ਵਿੱਚ ਹੋਰ ਇਜ਼ਾਫ਼ਾ ਹੋ ਗਿਆ ਜੋ 44 ਅਰਬ ਡਾਲਰ 'ਤੇ ਪਹੁੰਚ ਗਿਆ ਸੀ (2023-24 ਦੇ ਸਮੁੱਚੇ ਸਾਲ ਵਿੱਚ ਇਹ ਲਗਭਗ 44.47 ਅਰਬ ਡਾਲਰ ਹੋ ਗਿਆ ਸੀ)।

ਐੱਫਡੀਆਈ ਦੇ ਇਸ ਵਿਆਪਕ ਨਿਕਾਸ ਕਰ ਕੇ ਕੁੱਲ ਐੱਫਡੀਆਈ ਆਮਦ ਸੁੰਗੜ ਕੇ ਸਿਰਫ਼ 18.49 ਅਰਬ ਡਾਲਰ ਰਹਿ ਗਈ ਹੈ। ਬਰਕਰਾਰ/ਮੁੜ ਨਿਵੇਸ਼ ਕੀਤੀ 16.87 ਅਰਬ ਡਾਲਰ ਦੀ ਐੱਫਡੀਆਈ ਨੂੰ ਬਾਹਰ ਰੱਖ ਕੇ, ਆਉਣ ਵਾਲੀ ਕੁੱਲ ਨਗਦ ਐੱਫ ਡੀ ਆਈ 2024-25 ਦੇ ਨੌਂ ਮਹੀਨਿਆਂ ਵਿੱਚ ਸਿਰਫ਼ 1.61 ਅਰਬ ਡਾਲਰ ਸੀ। ਜਨਵਰੀ-ਫਰਵਰੀ 2025 ਦਾ ਆਰ ਬੀ ਆਈ ਡੇਟਾ ਦੱਸਦਾ ਹੈ ਕਿ ਆਖ਼ਰੀ ਤਿਮਾਹੀ ਵਿੱਚ ਮੁੜ ਅਦਾਇਗੀਆਂ/ਅਪਨਿਵੇਸ਼ਾਂ ਵਿੱਚ ਨਿਰੰਤਰ ਤੇਜ਼ੀ ਰਹੀ। ਇਕ ਸੰਭਾਵਨਾ ਹੈ ਕਿ 2024-25 ਵਿੱਚ ਜੇ ਕੁੱਲ ਨਵੀਂ ਨਗ਼ਦ ਐੱਫਡੀਆਈ ਦੀ ਆਮਦ ਨੈਗੇਟਿਵ ਨਹੀਂ ਤਾਂ ਸਿਫ਼ਰ ਜ਼ਰੂਰ ਰਹਿ ਸਕਦੀ ਹੈ।

ਐੱਫਡੀਆਈ ਨਿਵੇਸ਼ਕ ਭਾਰਤ ਤੋਂ ਦੂਰ ਕਿਉਂ ਜਾ ਰਹੇ ਹਨ? ਚਾਰ ਵੱਡੇ ਕਾਰਨ ਤਸਵੀਰ ਸਾਫ਼ ਕਰਦੇ ਲੱਗਦੇ ਹਨ। ਪਹਿਲਾ, ਮੇਕ ਇਨ ਇੰਡੀਆ ਤੇ ਉਤਪਾਦਨ ਨਾਲ ਜੁੜੀਆਂ ਰਿਆਇਤਾਂ (ਪੀਐੱਲਆਈ), ਤੋਂ ਉਮੀਦ ਸੀ ਕਿ ਇਹ ਅਮਰੀਕਾ ਦੀ ਚੀਨ+1 ਨੀਤੀ ਤੋਂ ਬਾਅਦ ਚੀਨ ਤੋਂ ਬਾਹਰ ਜਾ ਰਹੀ ਐੱਫਡੀਆਈ ਨੂੰ ਭਾਰਤ ਵੱਲ ਖਿੱਚਣਗੇ, ਪਰ ਇਹ ਬੁਰੀ ਤਰ੍ਹਾਂ ਨਾਕਾਮ ਹੋ ਗਏ। 'ਐਪਲ' ਨੂੰ ਛੱਡ ਕੇ ਕੋਈ ਵੀ ਵੱਡਾ ਬਹੁ-ਕੌਮੀ ਐੱਫ ਡੀ ਆਈ ਨਿਵੇਸ਼ ਭਾਰਤ ਨਹੀਂ ਆਇਆ। ਇਸ ਦੀ ਬਜਾਏ ਐੱਫਡੀਆਈ ਨਿਵੇਸ਼ਕ ਵੀਅਤਨਾਮ ਤੇ ਹੋਰ ਪੂਰਬੀ-ਏਸ਼ਿਆਈ ਦੇਸ਼ਾਂ ਨੂੰ ਚਲੇ ਗਏ।

ਦੂਜਾ, ਸਰਕਾਰ ਦਾ ਪੂੰਜੀ ਨਿਵੇਸ਼ ਪ੍ਰੋਗਰਾਮ ਲਗਭੱਗ ਪੂਰੀ ਤਰ੍ਹਾਂ ਪੁਰਾਣੀ ਦੁਨੀਆ ਦੇ ਭੌਤਿਕ ਢਾਂਚੇ ਉੱਤੇ ਕੇਂਦਰਿਤ ਸੀ। ਇਸ ਤੋਂ ਇਲਾਵਾ ਘਾਟੇ ਵਿੱਚ ਜਾ ਰਹੀਆਂ ਸਰਕਾਰੀ ਕੰਪਨੀਆਂ ਜਿਵੇਂ ਰੇਲਵੇ, ਹਾਈਵੇਅਜ਼ ਤੇ ਬੀਐੱਸਐੱਨਐੱਲ ਵੱਡਾ ਨਿਵੇਸ਼ ਨਹੀਂ ਜੁਟਾ ਸਕੇ ਤੇ ਪ੍ਰਾਈਵੇਟ ਅਤੇ ਵਿਦੇਸ਼ੀ ਨਿਵੇਸ਼ ਤੇਜ਼ ਕਰਨ ਵਿੱਚ ਨਾਕਾਮ ਰਹੇ। ਤੀਜਾ, ਭਾਰਤ ਨੇ 'ਆਤਮ-ਨਿਰਭਰ ਭਾਰਤ' ਦੇ ਨਾਂ ਉੱਤੇ ਰੱਖਿਆਤਮਕ ਟੈਰਿਫ ਲਾ ਦਿੱਤੇ ਜਿਸ ਦੇ ਸਿੱਟੇ ਵਜੋਂ ਇਹ ਘੱਟ ਨਿਵੇਸ਼-ਹਿੱਤਕਾਰੀ ਮੁਲਕ ਬਣ ਕੇ ਰਹਿ ਗਿਆ। ਇਸ ਕਾਰਨ ਵਿਦੇਸ਼ੀ ਨਿਵੇਸ਼ਕ ਦੂਰ ਜਾਣ ਲੱਗੇ।

(ਬਾਕੀ ਅਗਲੇ ਸਫੇ 'ਤੇ)

# ਭਾਰਤ-ਪਾਕਿਸਤਾਨ: ਕੀ ਬਦਲਾਅ ਦੀ ਸੰਭਾਵਨਾ ਹੈ?

ਨਿਰੂਪਮਾ ਸੁਬਰਾਮਣੀਅਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨਾਲ ਕੀਤਾ ਆਪਣਾ ਵਾਅਦਾ ਕਾਇਮ ਰੱਖਿਆ ਅਤੇ ਪੰਜਾਬ ਸੂਬੇ ਦੇ ਤਿੰਨ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿੱਚ ਛੇ ਦਹਿਸ਼ਤਗਰਦ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਪਾਕਿਸਤਾਨ ਖ਼ਿਲਾਫ਼ ਬਦਲੇ ਦੀ ਕਾਰਵਾਈ ਕਰਨ ਦੇ ਆਪਣੇ ਅਹਿਦ ਦੀ ਨੁਮਾਇਸ਼ ਕੀਤੀ। 1971 ਦੀ ਜੰਗ ਤੋਂ ਬਾਅਦ ਪਹਿਲੀ ਵਾਰ ਭਾਰਤ ਨੇ ਪਾਕਿਸਤਾਨ ਦੇ ਧੁਰ ਅੰਦਰ ਹਮਲੇ ਕੀਤੇ ਹਨ। 1971 ਅਤੇ ਫਿਰ 1999 ਦੀ ਕਾਰਗਿਲ ਜੰਗ ਵਿੱਚ ਹਾਰ ਜਿੱਤ ਦਾ ਨਿਤਾਰਾ ਹੋ ਗਿਆ ਸੀ; ਐਤਕੀਂ ਇਸ ਟਕਰਾਅ ਦੇ ਨਤੀਜੇ ਨੇ ਸਾਫ਼ ਨਜ਼ਰ ਨਹੀਂ ਆ ਰਹੇ; ਕਾਫ਼ੀ ਕੁਝ ਕੁ-ਪ੍ਰਚਾਰ ਦੀ ਧੁੰਦ ਅਤੇ ਦੋਵੇਂ ਪਾਸੀਂ ਪਸਰੀ ਸੁੰਨ 'ਚੋਂ ਨਿਖੇੜ ਕੇ ਦੇਖਣਾ ਪੈਣਾ ਹੈ। ਵੱਧ ਤੋਂ ਵੱਧ ਇਸ ਬਾਬਤ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਤਰ੍ਹਾਂ ਦੀ ਖੜੋਤ ਹੈ।

10 ਮਈ ਨੂੰ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਗਿਆ। ਸਰਕਾਰ ਨੇ ਆਖਿਆ ਕਿ 100 ਦਹਿਸ਼ਤਗਰਦ ਮਾਰੇ ਗਏ ਹਨ। ਲਗਦਾ ਹੈ ਕਿ ਸਭ ਤੋਂ ਵੱਡਾ ਨਿਸ਼ਾਨਾ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦਾ ਮਰਕਜ਼ ਸੁਬਹਾਨਅੱਲ੍ਹਾ ਸੀ ਜਿਸ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ; ਇਸੇ ਤਰ੍ਹਾਂ ਮੁਰੀਦਕੇ ਵਿੱਚ ਲਸ਼ਕਰ-ਏ-ਤਇਬਾ ਦਾ ਸਦਰ ਮੁਕਾਮ ਸ਼ਾਮਿਲ ਸੀ। ਬਹਾਵਲਪੁਰ ਅਤੇ ਮੁਰੀਦਕੇ ਵਿੱਚ ਜਨਾਜ਼ਿਆਂ ਵਿੱਚ ਪਾਕਿਸਤਾਨੀ ਫ਼ੌਜ ਦੀ ਹਾਜ਼ਰੀ ਤੋਂ ਪੁਸ਼ਟੀ ਹੁੰਦੀ ਹੈ ਕਿ ਇਨ੍ਹਾਂ ਗਰੁੱਪਾਂ ਅਤੇ ਪਾਕਿਸਤਾਨੀ ਰਿਆਸਤ/ਸਟੇਟ ਵਿਚਕਾਰ ਦਿਨ ਵਾਂਗ ਬਹੁਤਾ ਕੁਝ ਸਾਫ਼ ਨਹੀਂ ਹੈ।

ਬਹਰਹਾਲ, ਇਨ੍ਹਾਂ ਜਥੇਬੰਦੀਆਂ ਦਾ ਨੁਕਸਾਨ ਸਥਾਈ ਨਹੀਂ; ਨਾ ਹੀ ਇਨ੍ਹਾਂ ਹਮਲਿਆਂ ਕਰ ਕੇ ਪਾਕਿਸਤਾਨੀ ਨਿਜ਼ਾਮ ਕਸ਼ਮੀਰ ਅਤੇ ਹੋਰ ਥਾਈਂ ਭਾਰਤ ਨੂੰ ਪੱਛ ਲਾਉਣ ਲਈ ਦਹਿਸ਼ਤਗਰਦ ਪ੍ਰੌਕਸੀਆਂ ਦੀ ਵਰਤੋਂ ਕਰਨ ਦੀ ਨੀਤੀ ਬਾਰੇ ਮੁੜ ਵਿਚਾਰ ਕਰਨ ਲਈ ਮਜਬੂਰ ਹੋ ਸਕੇਗਾ। ਇਸ ਲਈ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਹਮਲਿਆਂ ਨੇ ਯਕੀਨੀ ਬਣਾ ਦਿੱਤਾ ਹੈ ਕਿ ਪਾਕਿਸਤਾਨੀ ਸਰਜ਼ਮੀਂ ਤੋਂ ਭਾਰਤ ਖ਼ਿਲਾਫ਼ ਕੋਈ ਹੋਰ ਹਮਲਾ ਨਹੀਂ ਹੋਵੇਗਾ। ਇਹ ਬੇਯਕੀਨੀ ਸਰਕਾਰ ਦੇ ਇਸ ਐਲਾਨ 'ਚੋਂ ਵੀ ਬਿਆਨ ਹੁੰਦੀ ਹੈ ਕਿ ਭਵਿੱਖ ਵਿੱਚ ਦਹਿਸ਼ਤਗਰਦੀ ਦੀ ਕਿਸੇ ਵੀ ਕਾਰਵਾਈ ਨੂੰ ਜੰਗ ਦਾ ਕਦਮ ਮੰਨਿਆ ਜਾਵੇਗਾ। 2016 ਦੀ ਸਰਜੀਕਲ ਸਟ੍ਰਾਈਕ ਅਤੇ 2019 ਦੇ ਬਾਲਾਕੋਟ ਹਮਲੇ ਦੇ ਮੁਕਾਬਲੇ 7 ਮਈ ਦੀ ਕਾਰਵਾਈ ਦਾ ਪੈਮਾਨਾ ਕਾਫ਼ੀ ਵੱਡਾ ਸੀ ਅਤੇ ਨਿਸ਼ਾਨਿਆਂ ਦਾ ਦਾਇਰਾ ਵੀ ਵਸੀਹ ਸੀ ਪਰ ਜਿੱਥੋਂ ਤੱਕ ਇਸ ਦੇ ਡਰਾਵੇ (deterrence value) ਦਾ ਤਾਅਲੁਕ ਹੈ, ਇਸ ਨੂੰ ਉਦੋਂ ਤੱਕ 'ਜਾਣੇ ਅਣਜਾਣੇ' ਵਰਗ ਵਿੱਚ ਰੱਖਣਾ ਪਵੇਗਾ ਜਦੋਂ ਤੱਕ ਖ਼ਾਸ ਤੌਰ 'ਤੇ ਭਾਰਤ ਉੱਪਰ ਫੋਕਸ ਰੱਖਣ ਵਾਲੇ ਦਹਿਸ਼ਤਗਰਦ ਗਰੁੱਪ ਪਾਕਿਸਤਾਨੀ ਸਰਜ਼ਮੀਂ ਤੋਂ ਕਾਰਵਾਈ ਕਰਦੇ ਰਹਿੰਦੇ ਹਨ।

ਫ਼ੌਜੀ ਮੁਹਾਜ਼ 'ਤੇ ਇਸ ਦੇ ਫ਼ਾਇਦੇ ਤੇ ਨੁਕਸਾਨ ਬਾਰੇ ਵਧੇਰੇ ਸਪੱਸ਼ਟਤਾ ਸਮਾਂ ਪਾ ਕੇ ਹੀ ਆ ਸਕੇਗੀ। ਜਿਵੇਂ ਹੀ ਫ਼ੌਜੀ ਟਕਰਾਅ ਵਧਿਆ ਤਾਂ 7, 8 ਤੇ 9 ਮਈ ਨੂੰ ਪਾਕਿਸਤਾਨ ਦੇ ਦਾਗ਼ੇ ਡਰੋਨਾਂ ਦੀਆਂ ਡਾਰਾਂ ਦਾ ਟਾਕਰਾ ਕਰਨ ਅਤੇ ਸਿਵਲੀਅਨ ਤੇ ਫ਼ੌਜੀ ਟਿਕਾਣਿਆਂ ਦੀ ਰਾਖੀ ਲਈ ਭਾਰਤ ਦੀ ਕਾਬਲੀਅਤ ਨਾਟਕੀ ਢੰਗ ਨਾਲ ਟੈਲੀਵਿਜ਼ਨ ਸਕਰੀਨਾਂ 'ਤੇ ਸਾਹਮਣੇ ਆਈ। ਭਾਰਤ ਨੇ ਰਾਵਲਪਿੰਡੀ ਵਿੱਚ ਰਣਨੀਤਕ ਤੌਰ 'ਤੇ ਅਹਿਮ ਚਕਲਾਲਾ ਏਅਰਬੇਸ ਅਤੇ ਹੋਰ ਹਵਾਈ ਅੱਡਿਆਂ 'ਤੇ ਵੀ ਮਾਰ ਕੀਤੀ। ਪਾਕਿਸਤਾਨ ਦੀ ਮਿਲਟਰੀ ਹੈੱਡਕੁਆਰਟਰਜ਼ ਐਂਡ ਸਟ੍ਰੈਟਜਿਕ ਪਲੈਨਜ਼ ਡਿਵੀਜ਼ਨ ਵੀ ਰਾਵਲਪਿੰਡੀ ਵਿੱਚ ਹੀ ਮੌਜੂਦ ਹਨ।

ਹਾਲ ਦੀ ਘੜੀ, ਏਅਰ ਮਾਰਸ਼ਲ ਏਕੇ ਭਾਰਤੀ ਜੋ ਹਵਾਈ ਸੈਨਾ ਦੇ ਡਾਇਰੈਕਟਰ ਜਨਰਲ ਆਫ ਅਪਰੇਸ਼ਨਜ਼ ਹਨ, ਵੱਲੋਂ ਪੰਜਾਬ ਵਿੱਚ ਬਠਿੰਡਾ ਤੇ ਕਸ਼ਮੀਰ ਵਾਦੀ ਵਿੱਚ ਪਾਂਪੋਰ ਵਿੱਚ 7 ਮਈ ਦੀ ਸਵੇਰ ਨੂੰ ਦੇਖੇ ਮਲਬੇ ਅਤੇ ਪਾਕਿਸਤਾਨੀ ਧਿਰ ਵੱਲੋਂ ਕੀਤੇ ਇਸ ਦਾਅਵੇ ਕਿ ਉਸ ਦੀ ਹਵਾਈ ਫ਼ੌਜ ਨੇ 5 ਜਹਾਜ਼ ਸੁੱਟ ਲਏ ਸਨ, ਦੇ ਜਵਾਬ ਵਿੱਚ ਜਾਰੀ ਬਿਆਨ ਵਿੱਚ ਇਹ ਕਹਿਣਾ ਕਿ "ਲੜਾਈ ਵਿੱਚ ਨੁਕਸਾਨ ਤਾਂ ਹੁੰਦਾ ਹੈ ਹੀ" ਕੁਝ ਭਾਰਤੀ ਲੜਾਕੂ ਜਹਾਜ਼ਾਂ ਦੇ ਦੱਸੇ ਨੁਕਸਾਨ ਨੂੰ ਟੇਢੇ ਢੰਗ ਨਾਲ ਪ੍ਰਵਾਨ ਕਰਦਾ ਜਾਪਦਾ ਹੈ।

ਬਹੁਤ ਸਾਰੀਆਂ ਭਰੋਸੇਮੰਦ ਕੌਮਾਂਤਰੀ ਮੀਡੀਆ ਸੰਸਥਾਵਾਂ ਵੱਲੋਂ ਕੁਝ ਪੱਛਮੀ ਅਹਿਲਕਾਰਾਂ ਦੇ ਹਵਾਲੇ ਨਾਲ ਇਹ ਦਾਅਵਾ (ਭਾਰਤੀ ਲੜਾਕੂ ਜਹਾਜ਼ ਡੇਗਣ) ਕੀਤਾ ਜਾਂਦਾ ਰਿਹਾ ਹੈ। ਲੜਾਈ ਦੇ ਮੈਦਾਨ ਵਿੱਚ ਪਾਕਿਸਤਾਨ ਨੂੰ ਚੀਨ ਦੀ ਮਦਦ ਦਾ ਫ਼ਾਇਦਾ ਮਿਲਿਆ ਹੈ ਅਤੇ ਹੁਣ ਇਹ ਦੇਖਣਾ ਬਾਕੀ ਹੈ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਚੀਨ ਨਾਲ ਆਪਣੇ ਸਬੰਧ ਆਮ ਵਰਗੇ ਬਣਾਉਣ ਦੀ ਦਿੱਲੀ ਦੀ ਚਾਰਾਜੋਈ ਉੱਪਰ ਇਸ ਦਾ ਕੀ ਪ੍ਰਭਾਵ ਪੈਂਦਾ ਹੈ। ਭਾਰਤ ਨੂੰ ਚੀਨ ਖ਼ਿਲਾਫ਼ ਖੇਡਦੇ ਤੱਕਦੇ ਰਹਿੰਦੇ ਇਸ ਦੇ ਗੁਆਂਢੀ ਤਾਂ ਇਨ੍ਹਾਂ ਚਾਰ ਦਿਨਾਂ ਤੋਂ ਆਪੋ-ਆਪਣੇ ਸੰਦੇਸ਼ ਲੈ ਚੁੱਕੇ ਹੋਣਗੇ।

ਵਿਆਪਕ ਕੂਟਨੀਤਕ ਅਖਾੜੇ 'ਚ ਅਜਿਹੇ ਕਈ ਕਾਰਨ ਹਨ ਜਿਨ੍ਹਾਂ 'ਚੋਂ ਇੱਕ ਜਿਹੜਾ ਭਾਰਤ-ਅਮਰੀਕਾ ਰਿਸ਼ਤੇ ਨੂੰ ਸਹਾਰਾ ਦੇ ਰਿਹਾ ਹੈ ਤੇ ਕੁਆਡ ਦੇ ਮੈਂਬਰ ਵਜੋਂ ਭਾਰਤ ਦੀ ਅਹਿਮੀਅਤ ਨੂੰ ਵੀ ਮਜ਼ਬੂਤ ਕਰ ਰਿਹਾ ਹੈ, ਉਹ ਹੈ ਹਿੰਦ ਮਹਾਸਾਗਰ ਖੇਤਰ ਵਿੱਚ ਚੀਨ ਦੇ ਮੁਕਾਬਲੇ ਇਸ ਦੀ ਭੂਮਿਕਾ। ਤਾਇਵਾਨ ਤੋਂ ਟੋਕੀ , ਕੈਨਬਰਾ ਤੋਂ ਵਾਸ਼ਿੰਗਟਨ ਤੱਕ, ਭਾਰਤ ਪਾਕਿਸਤਾਨ ਦੀ ਇਸ ਟੱਕਰ ਨੂੰ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਵਿਆਪਕ ਅਸਰਾਂ ਦੇ ਪੱਖ ਤੋਂ ਵਾਚਿਆ ਜਾ ਰਿਹਾ ਹੈ।

ਪੱਛਮ ਵਿੱਚ ਭਾਰਤ ਦੇ ਕਈ ਦੋਸਤਾਂ ਨੇ ਪਾਕਿਸਤਾਨ ਨਾਲ ਸੰਜਮ ਵਰਤਣ ਅਤੇ ਵਾਰਤਾ ਦੀ ਸਲਾਹ ਦਿੱਤੀ ਪਰ ਪਾਕਿਸਤਾਨ ਦੀ ਅਤਿਵਾਦ ਨੂੰ ਸਹਾਰਾ ਦੇਣ ਲਈ ਨਿਖੇਧੀ ਨਹੀਂ ਕੀਤੀ। ਭਾਰਤ ਦੀ ਆਈਐੱਮਐੱਫ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਬਣਾਉਣ ਦੀ ਕੋਸ਼ਿਸ਼ ਨਾਕਾਮ ਹੋਈ ਜਿਸ ਦਾ ਉਦੇਸ਼ ਸੀ ਕਿ ਪਾਕਿਸਤਾਨ ਨੂੰ ਕਰਜ਼ੇ ਦੀ ਕਿਸ਼ਤ ਨਾ ਮਿਲੇ। ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਅਮਰੀਕਾ ਵੱਲੋਂ ਦਿੱਤਾ ਬਿਆਨ ਦੋ ਅਰਥੀ ਬਣ ਗਿਆ। ਜਿਵੇਂ ਹੀ ਟਕਰਾਅ ਆਰੰਭ ਹੋਇਆ, ਅਮਰੀਕਾ ਨੇ ਸ਼ੁਰੂ 'ਚ "ਇਸ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ" ਕਹਿ ਕੇ ਹੱਥ ਝਾੜ ਲਏ; ਤੇ ਘੰਟਿਆਂ ਵਿੱਚ ਹੀ ਪਹੁੰਚ ਬਦਲ ਕੇ ਸਿੱਧੀ "ਵਿਚੋਲਗੀ" ਤੱਕ ਪਹੁੰਚ ਗਈ। ਕੁਝ ਰਿਪੋਰਟਾਂ ਮੁਤਾਬਿਕ, ਭਾਰਤ ਦਾ ਚਕਲਾਲਾ 'ਤੇ ਹਮਲਾ ਅਹਿਮ ਮੋੜ ਸੀ। ਕੁਝ ਹੋਰ ਰਿਪੋਰਟਾਂ ਪਾਕਿਸਤਾਨ ਵੱਲੋਂ ਆਪਣੇ ਪਰਮਾਣੂ ਹਥਿਆਰ ਕੱਢਣ ਦੀ ਤਿਆਰੀ ਦਾ ਇਸ਼ਾਰਾ ਕਰਨ ਬਾਰੇ ਦੱਸਦੀਆਂ ਹਨ।

ਆਪਣੀ ਕਿਤਾਬ 'ਇੰਡੀਆਜ਼ ਪਾਕਿਸਤਾਨ ਕੋਨੰਡਰੱਮ, ਮੈਨੇਜਿੰਗ ਏ ਕੰ-ਪਲੈਕਸ ਰਿਲੇਸ਼ਨਸ਼ਿਪ' ਵਿਚ ਸ਼ਰਤ ਸਭਰਵਾਲ, ਜੋ 26/11 ਤੋਂ ਬਾਅਦ ਦੇ ਮੁਸ਼ਕਿਲ ਵਰ੍ਹਿਆਂ 'ਚ ਪਾਕਿਸਤਾਨ ਵਿੱਚ ਹਾਈ ਕਮਿਸ਼ਨਰ ਸਨ, ਨੇ ਅਤੀਤ ਦੇ ਤਜਰਬਿਆਂ ਦੇ ਆਧਾਰ ਉੱਤੇ ਰਿਸ਼ਤਿਆਂ ਦੇ ਭਵਿੱਖ ਬਾਰੇ ਟਿੱਪਣੀਆਂ ਕੀਤੀਆਂ ਸਨ। "ਗੁਆਂਢੀਆਂ ਵਜੋਂ ਭਾਰਤ ਅਤੇ ਪਾਕਿਸਤਾਨ ਇੱਕ-ਦੂਜੇ ਨਾਲ ਗੱਲਬਾਤ ਬਿਨਾਂ ਨਹੀਂ ਰਹਿ ਸਕਦੇ। ਜਦੋਂ ਉਹ ਸਾਹਮਣੇ ਬੈਠ ਕੇ ਗੱਲ ਨਹੀਂ ਕਰ ਰਹੇ ਹੁੰਦੇ, ਉਦੋਂ ਉਹ ਅਕਸਰ ਬੰਦੂਕਾਂ ਰਾਹੀਂ ਗੱਲ ਕਰਦੇ ਹਨ। ਹਰ ਵਾਰ ਜਦੋਂ ਬੰਦੂਕਾਂ ਦਾ ਖੜਾਕ ਉੱਚਾ ਹੋਇਆ ਤਾਂ ਠੰਢ-ਠੰਢਾਅ ਕਰਨ ਲਈ ਤਾਕਤਵਰ ਮੁਲਕਾਂ ਨੂੰ ਦਖ਼ਲ ਦੇਣਾ ਪਿਆ।"

ਇਸੇ ਤਰ੍ਹਾਂ ਕਾਰਗਿਲ ਜੰਗ ਠੰਢੀ ਹੋਈ ਸੀ ਤੇ 2019 ਦਾ ਟਕਰਾਅ ਵੀ ਇੰਝ ਹੀ ਹੱਲ ਹੋਇਆ; ਇਸੇ ਤਰੀਕੇ ਨਾਲ ਹੀ 10 ਮਈ ਦੁਪਹਿਰ ਤੋਂ ਬਾਅਦ ਦੋ ਗੁਆਂਢੀਆਂ ਵਿਚਾਲੇ ਤੇਜ਼ੀ ਨਾਲ ਵਧ ਰਿਹਾ ਟਕਰਾਅ ਖ਼ਤਮ ਕੀਤਾ ਗਿਆ। ਆਖ਼ਿਰ 'ਚ ਟਰੰਪ ਜੋ ਹਾਲ ਦੀ ਘੜੀ ਯੂਕਰੇਨ ਨਾਲ ਰੂਸ ਦੀ ਜੰਗ ਖ਼ਤਮ ਕਰਾਉਣ ਦੇ ਆਪਣੇ ਯਤਨਾਂ 'ਚ ਸਫਲ ਨਹੀਂ ਹੋ ਸਕੇ, ਨੇ ਸਭ ਤੋਂ ਪਹਿਲਾਂ 'ਟਰੁੱਥ ਸੋਸ਼ਲ' ਅਤੇ ਪੋਸਟ ਰਾਹੀਂ ਗੋਲੀਬੰਦੀ ਦਾ ਐਲਾਨ ਕੀਤਾ ਤੇ ਆਪਣੀ ਭੂਮਿਕਾ ਬਾਰੇ ਵੀ ਦੱਸਿਆ। ਚੰਗੀ ਪਹਿਲ ਵਜੋਂ ਅਮਰੀਕੀ ਰਾਸ਼ਟਰਪਤੀ ਨੇ ਕਸ਼ਮੀਰ ਮੁੱਦੇ ਦਾ ਹੱਲ ਕਰਾਉਣ ਲਈ ਮਦਦ ਦੀ ਪੇਸ਼ਕਸ਼ ਦਾ ਪ੍ਰਸਤਾਵ ਵੀ ਰੱਖਿਆ।

ਜੇ ਪਾਕਿਸਤਾਨ ਦਾ ਇਰਾਦਾ ਕਸ਼ਮੀਰ ਵੱਲ ਕੌਮਾਂਤਰੀ ਧਿਆਨ ਖਿੱਚਣਾ ਸੀ ਤਾਂ ਪਿਛਲੇ ਹਫ਼ਤੇ ਦੀ ਲੜਾਈ ਰਾਹੀਂ ਉਹ ਇਸ ਵਿੱਚ ਸਫਲ ਰਿਹਾ ਹੈ। ਪਾਕਿਸਤਾਨ ਤੋਂ ਖ਼ੁਦ ਨੂੰ ਵੱਖਰਾ ਕਰ ਕੇ ਦੇਖਣ ਦੇ ਦਿੱਲੀ ਦੇ ਸਾਲਾਂ ਦੇ ਕੂਟਨੀਤਕ ਯਤਨਾਂ ਨੂੰ ਇਸ ਨੇ ਪੁੱਠਾ ਗੇੜਾ ਦੇ ਦਿੱਤਾ ਹੈ, ਖ਼ਾਸ ਤੌਰ 'ਤੇ ਜੰਮੂ ਕਸ਼ਮੀਰ ਵਿੱਚ ਸੰਵਿਧਾਨਕ ਤਬਦੀਲੀਆਂ ਅਤੇ 'ਵਿਸ਼ੇਸ਼ ਦਰਜੇ' ਦੇ ਖਾਤਮੇ ਤੋਂ ਬਾਅਦ ਭਾਰਤ ਬਿਲਕੁਲ ਵੱਖਰੇ ਤੌਰ 'ਤੇ ਵਿਚਰ ਰਿਹਾ ਸੀ। ਭਾਰਤ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ ਜਦੋਂਕਿ ਪਾਕਿਸਤਾਨ ਨੇ ਟਰੰਪ ਦੀ ਪ੍ਰਸ਼ੰਸਾ ਕੀਤੀ ਹੈ।

ਦਿੱਲੀ ਦਾ ਐਲਾਨਨਾਮਾ ਕਿ ਹਰ ਦਹਿਸ਼ਤੀ ਕਾਰਵਾਈ ਨੂੰ ਹੁਣ ਤੋਂ ਜੰਗ ਲਾਉਣ ਵਰਗਾ ਸਮਝਿਆ ਜਾਵੇਗਾ, ਨੂੰ 'ਨਵੀਂ ਤਰਜ਼' ਦੱਸਿਆ ਜਾ ਰਿਹਾ ਹੈ। ਇਹ ਸ਼ਾਇਦ ਭਾਰਤ ਵਿਚ ਮੋਦੀ ਦੀਆਂ ਰਵਾਇਤੀ ਸਫ਼ਾਂ ਵਿੱਚ ਗੁੱਸੇ ਨੂੰ ਥੋੜ੍ਹਾ ਠੰਢਾ ਕਰੇਗਾ ਜੋ ਭਾਰਤ ਦੇ ਗੋਲੀਬੰਦੀ ਲਈ 'ਸਹਿਮਤ' ਹੋਣ ਉੱਤੇ ਖਿਝੀਆਂ ਹੋਈਆਂ ਹਨ- ਜਿਵੇਂ ਇਕ ਟਿੱਪਣੀਕਾਰ ਨੇ ਇਸ ਨੂੰ 'ਜਿੱਤ ਦੇ ਜਬਾੜੇ ਵਿੱਚੋਂ ਹਾਰ ਖੋਹਣ ਦੇ ਬਰਾਬਰ' ਬਿਆਨਿਆ ਸੀ। ਸਰਕਾਰ ਨੇ ਇਨ੍ਹਾਂ ਹਲਕਿਆਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗੋਲੀਬੰਦੀ ਤੋਂ ਬਾਅਦ ਕੋਈ ਸ਼ਾਂਤੀ ਵਾਰਤਾ ਨਹੀਂ ਹੋਵੇਗੀ ਤੇ ਸਿੰਧ ਜਲ ਸੰਧੀ ਮੁਅੱਤਲ ਰਹੇਗੀ ਪਰ ਅਖੌਤੀ 'ਨਵੀਂ ਤਰਜ਼' ਵਿਹਾਰ ਵਿੱਚ ਹੰਢਣਸਾਰ ਨਹੀਂ ਹੈ।

ਅਗਲੀ ਵਾਰ ਦਿੱਲੀ ਦੇ ਦੋਸਤ ਇਸ ਘਟਨਾਕ੍ਰਮ ਵਿਚ, ਟਕਰਾਅ ਕਾਬੂ ਕਰਨ 'ਚ ਭਾਰਤ ਦੀ ਅਸਮਰੱਥਾ ਤੋਂ ਚਿੰਤਤ ਹੁੰਦਿਆਂ, ਭਾਰਤੀ ਹੱਲੇ ਤੋਂ ਪਹਿਲਾਂ ਪਾਕਿਸਤਾਨ ਦੀ ਸ਼ਮੂਲੀਅਤ ਦੇ ਠੋਸ ਸਬੂਤ ਦੇਖਣਾ ਚਾਹੁਣਗੇ ਪਰ ਕਿਸੇ ਘਟਨਾ ਨੂੰ 'ਜੰਗ ਦਾ ਕਦਮ' ਐਲਾਨਣ ਦਾ ਅਸਲੀ ਜੋਖ਼ਿਮ ਇਹ ਹੈ ਕਿ ਇਸ ਨਾਲ ਭਾਰਤ-ਪਾਕਿਸਤਾਨ ਦਾ ਟਕਰਾਅ ਭੜਕਾਉਣ ਦੀ ਚਾਬੀ ਵਿਰੋਧੀ ਦੇ ਹੱਥ ਵਿੱਚ ਚਲੀ ਜਾਂਦੀ ਹੈ।




# ਵਿਦੇਸ਼ੀ ਨਿਵੇਸ਼ ਦੀ ਗਤੀ ਭਾਰਤ ਵਿਚ ਧੀਮੀ ਕਿਓਂ?

**(ਸਫਾ 10 ਦੀ ਬਾਕੀ)**

ਅਖੀਰ 'ਚ, ਭਾਰਤੀ ਸਟਾਰਟ-ਅੱਪ ਢਾਂਚੇ ਵਿੱਚ ਲੱਗ ਰਹੀ ਪੂੰਜੀ (ਵੈਂਚਰ ਕੈਪੀਟਲ) ਤੇ ਪ੍ਰਾਈਵੇਟ ਹਿੱਸੇਦ-ਾਰੀ ਪੱਕਣ ਵਾਲੇ ਗੇੜ ਵਿੱਚ ਦਾਖ਼ਲ ਹੋ ਰਹੀ ਹੈ, ਪਿਛਲੇ ਦੋ ਸਾਲਾਂ ਵਿੱਚ ਕਈਆਂ ਨੇ ਆਪਣੇ ਨਿਵੇਸ਼ ਬਹੁਤ ਤੇਜ਼ੀ ਨਾਲ ਕੱਢ ਲਏ ਹਨ। ਬਹੁਤ ਘੱਟ ਸੰਭਾਵਨਾ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਨੇੜ ਭਵਿੱਖ 'ਚ ਠੀਕ ਹੋ ਜਾਵੇਗੀ। ਲੱਗਦਾ ਹੈ ਭਾਰਤ ਨਵੇਂ ਵਿਦੇਸ਼ੀ ਨਿਵੇਸ਼ ਦੇ ਪੱਖ ਤੋਂ ਮੱਧਮ-ਅਵਧੀ ਲਈ ਮੰਦੀ 'ਚ ਜਾ ਸਕਦਾ ਹੈ, ਭਾਵੇਂ ਪੂਰੀ ਤਰ੍ਹਾਂ ਢਹਿ-ਢੇਰੀ ਨਾ ਹੀ ਹੋਵੇ।

ਭਾਰਤ ਵਿੱਚ ਜ਼ਿਆਦਾਤਰ ਐੱਫਡੀਆਈ ਦੱਖਣੀ ਤੇ ਪੱਛਮੀ ਰਾਜਾਂ 'ਚ ਆਉਂਦੀ ਹੈ ਜਿਨ੍ਹਾਂ 'ਤੇ ਪਾਕਿਸਤਾਨ ਨਾਲ ਤਣਾਅ ਦਾ ਕੋਈ ਬਹੁਤਾ ਅਸਰ ਨਹੀਂ ਹੈ। ਆਲਮੀ ਨਿਵੇਸ਼ ਦੇ ਪ੍ਰਵਾਹ 'ਤੇ ਅਮਰੀਕੀ ਟੈਕਸਾਂ ਦੇ ਸਿੱਟਿਆਂ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਇਨ੍ਹਾਂ ਦਾ ਅਨੁਮਾਨ ਲਾਉਣਾ ਮੁਸ਼ਕਿਲ ਹੈ।

ਜੇਕਰ ਕੌਮਾਂਤਰੀ ਐੱਫਡੀਆਈ ਟਿਕਾਣਾ ਬਦਲਦੀ ਹੈ ਤਾਂ ਕਿਸੇ ਵੀ ਸੂਰਤ ਵਿੱਚ ਸਾਡੇ ਕੋਲ ਇਸ ਨੂੰ ਸੰਭਾਲਣ ਦਾ ਕੋਈ ਬਹੁਤ ਵਧੀਆ ਵਾਤਾਵਰਨ ਪਹਿਲਾਂ ਹੀ ਤਿਆਰ ਹੋਇਆ ਨਹੀਂ ਪਿਆ।

ਚੀਨ 'ਚ ਆਉਣ ਵਾਲੀ ਐੱਫਡੀਆਈ ਬਹੁਤ ਬੁਰੀ ਤਰ੍ਹਾਂ ਡਿੱਗ ਚੁੱਕੀ ਹੈ ( ਈਸੀਡੀ ਅੰਕੜੇ)- ਸਾਲ 2021 ਵਿੱਚ 344.08 ਅਰਬ ਡਾਲਰ ਤੋਂ ਲੈ ਕੇ 2022 ਵਿੱਚ 190.20 ਅਰਬ ਡਾਲਰ ਤੱਕ, ਸੰਨ 2023 ਵਿੱਚ 51.34 ਅਰਬ ਡਾਲਰ ਤੋਂ ਲੈ ਕੇ 2024 ਵਿੱਚ 18.56 ਅਰਬ ਡਾਲਰ ਤੱਕ। ਇਹ ਦੁਨੀਆ ਨੂੰ ਦੱਸਦਾ ਹੈ ਕਿ ਖ਼ਾਸ ਤੌਰ 'ਤੇ ਅਮਰੀਕਾ, ਚੀਨ ਤੋਂ ਦੂਰ ਜਾ ਰਿਹਾ ਹੈ ਅਤੇ ਮੌਜੂਦਾ ਨਿਵੇਸ਼ ਨੂੰ ਦੂਜੇ ਦੇਸ਼ਾਂ ਵਿੱਚ ਤਬਦੀਲ ਕਰ ਰਿਹਾ ਹੈ। ਚੀਨ ਹਾਲਾਂਕਿ ਐਨੀ ਤਰੱਕੀ ਕਰ ਚੁੱਕਾ ਹੈ ਕਿ ਉਸ ਨੂੰ ਐੱਫਡੀਆਈ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ।

ਇਸ ਦੀ ਥਾਂ ਇਹ ਵੱਡਾ ਆਲਮੀ ਐੱਫਡੀਆਈ ਨਿਵੇਸ਼ਕ ਬਣ ਗਿਆ ਹੈ। ਸਾਲ 2024 ਵਿੱਚ, 1।61 ਖਰਬ ਡਾਲਰ ਦੀ ਕੁੱਲ ਆਲਮੀ ਬਾਹਰੀ ਐੱਫਡੀਆਈ ਵਿੱਚ ਚੀਨ ਦਾ ਹਿੱਸਾ 172.24 ਅਰਬ ਡਾਲਰ ਸੀ (ਕਰੀਬ 11 ਪ੍ਰਤੀਸ਼ਤ), ਜੋ ਅਮਰੀਕਾ ਤੋਂ ਬਾਅਦ ਦੂਜਾ ਸਭ ਤੋਂ ਵੱਡਾ (298।98 ਅਰਬ ਡਾਲਰ) ਵਿਦੇਸ਼ੀ ਨਿਵੇਸ਼ ਹੈ। ਸਾਲ 2023 ਵਿੱਚ ਚੀਨ ਨੇ ਬਾਹਰਲੇ ਦੇਸ਼ਾਂ ਵਿੱਚ 225.67 ਅਰਬ ਡਾਲਰ ਦਾ ਨਿਵੇਸ਼ ਕੀਤਾ (1.57 ਖਰਬ ਡਾਲਰ ਦੇ ਕੁੱਲ ਵਿਦੇਸ਼ੀ ਨਿਵੇਸ਼ ਦਾ 14 ਪ੍ਰਤੀਸ਼ਤ)।

ਭਾਰਤ ਨੂੰ ਚੀਨ ਅੰਦਰ ਡਿੱਗ ਰਹੇ ਵਿਦੇਸ਼ੀ ਨਿਵੇਸ਼ 'ਤੇ ਖੁਸ਼ ਨਹੀਂ ਹੋਣਾ ਚਾਹੀਦਾ। ਇਸ ਦੀ ਬਜਾਏ ਇਸ ਨੂੰ ਦੇਖਣਾ ਚਾਹੀਦਾ ਹੈ ਕਿ ਕਿਵੇਂ ਹੋਰ ਮੁਲਕ-ਬ੍ਰਾਜ਼ੀਲ (59.18 ਅਰਬ ਡਾਲਰ), ਇੰਡੋਨੇਸ਼ੀਆ (24.21 ਅਰਬ ਡਾਲਰ), ਆਸਟਰੇਲੀਆ (64.067 ਅਰਬ ਡਾਲਰ) ਤੇ ਵੀਅਤਨਾਮ (25.35 ਅਰਬ ਡਾਲਰ) ਉੱਚਾ ਵਿਦੇਸ਼ ਨਿਵੇਸ਼ ਖਿੱਚਣ ਵਿੱਚ ਸਫਲ ਹੋ ਰਹੇ ਹਨ। ਸਾਡੇ ਉਦਯੋਗਿਕ ਨਿਵੇਸ਼ ਅਤੇ ਐੱਫਡੀਆਈ ਨੀਤੀਆਂ ਦੀ ਗੰਭੀਰ ਸਮੀਖਿਆ ਅਤੇ ਪੁਨਰਗਠਨ ਲੋੜੀਂਦਾ ਹੈ।

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

**Harpreet Singh Padam 510-695-6435**

**Gurpreet Singh Padam 510-962-2593**

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

**3143 ARDEN ROAD, HAYWARD, CA- 94545**

# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga

Gurjeet kaur Dhugga

kashfabrics@gmail.com

**KASH FABRICS**

**29576 Mission Blvd**
**Hayward,CA 94544**
**510-538-1138**

# AAA

## AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



**ਜਸਬੀਰ ਸਿੰਘ ਤੱਖਰ**

**510-755-2132**

**593 Industrial PKWY West**
**Hayward, CA 94544**

# CALIFORNIA

## IMMIGRATION SERVICES INC.

Your Registered & Bonded 'Immigration-Consultants'



**ROSY (Kanwal) KAUR**

Immigration Consultant

**408-422-8585**

**510-573-3666**

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

**Fremont Office:** 4127 Bay Street, Unit 5, Fremont CA, 94538

**Tracy Office:** 1660 W Linnee Rd. Unit J 25, Tracy CA, 95377

TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



Quick Lube & Smog

Auto repair, Diagnostics & Smog Check Station

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

ਇਹ ਥਾਂ ਇਸ਼ਤਿਹਾਰ
ਲਈ ਖਾਲੀ ਹੈ

Moon Indian Cuisine
510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

# ਆਹਲੂਵਾਲੀਆਂ ਬਨਾਮ ਰਾਮਗੜੀਆਂ, ਤਾਰੀਖ ਬਨਾਮ ਪ੍ਰਵਿਸ਼ਟਾ



ਸਰਬਜੀਤ ਸਿੰਘ, ਸੈਕਰਾਮੈਂਟੋ

ਸਿੱਖ ਇਤਿਹਾਸ ਦੇ ਦੋ ਬਹੁਤ ਹੀ ਅਹਿਮ ਪਾਤਰ, ਸ. ਜੱਸਾ ਸਿੰਘ ਆਹਲੂਵਾਲੀਆਂ ਅਤੇ ਸ. ਜੱਸਾ ਸਿੰਘ ਰਾਮਗੜੀਆਂ, ਜਿਨ੍ਹਾਂ ਦੇ ਜਨਮ ਦਿਹਾੜੇ, ਪਿਛਲੇ ਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਦਰਜ ਕੀਤੇ ਗਏ ਹਨ।

**ਸ. ਜੱਸਾ ਸਿੰਘ ਰਾਮਗੜ੍ਹੀਆਂ ਦਾ ਜਨਮ**

ਇਤਿਹਾਸਕ ਵਦੀਆਂ ਮੁਤਾਬਕ ਸ. ਜੱਸਾ ਸਿੰਘ ਨੂੰ 'ਹਮਕੋ-ਤੁਮਕੋ' ਕਹਿ ਕੇ ਮਖ਼ੌਲ ਕਰਦੇ ਜਿਸ ਦੀ ਜੱਸਾ ਸਿੰਘ ਨੇ ਸ਼ਿਕਾਇਤ ਕਰ ਦਿੱਤੀ ਪਰ ਨਵਾਬ ਕਪੂਰ ਸਿੰਘ ਨੇ ਸਮਝਾਇਆ ਕਿ ਇਹ ਕਲਗੀਧਰ ਦਾ ਖ਼ਾਲਸਾ ਹੈ,ਜੇ ਇਹ ਮੇਰੇ ਵਰਗੇ (ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਪਾਤਸ਼ਾਹ ਹੀ ਬਣਾ ਦੇਵੇ। ਇਹ ਭਵਿੱਖਬਾਣੀ ਸੱਚ ਸਾਬਤ ਹੋਈ ਤੇ 1762 'ਚ ਖ਼ਾਲਸਾ ਪੰਥ ਨੇ ਜੱਸਾ

| ਸੰਮਤ ਨਾਨਕਸ਼ਾਹੀ | ਸ. ਜੱਸਾ ਸਿੰਘ ਆਹਲੂਵਾਲੀਆਂ | | ਸ. ਜੱਸਾ ਸਿੰਘ ਰਾਮਗੜੀਆਂ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 555 (23-24) | 5 ਜੇਠ | 19 ਮਈ | 22 ਵੈਸਾਖ | 5 ਮਈ |
| 556 (24-25) | 5 ਜੇਠ | 18 ਮਈ | 23 ਵੈਸਾਖ | 5 ਮਈ |
| 557 (25-26) | 5 ਜੇਠ | 18 ਮਈ | 23 ਵੈਸਾਖ | 5 ਮਈ |

ਆਹਲੂਵਾਲੀਆਂ ਅਠਾਰਵੀਂ ਸਦੀ ਦੇ ਮਹਾਨ ਜਰਨੈਲ, ਆਹਲੂਵਾਲੀਆ ਮਿਸਲ ਤੇ ਕਪੂਰਥਲਾ ਰਿਆਸਤ ਦੇ ਬਾਨੀ, ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਨੂੰ ਲਾਹੌਰ ਤੋਂ ਲਗਪਗ 8 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਆਹਲੂ ਵਿਖੇ ਸਰਦਾਰ ਬਦਰ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ। ਉਨ੍ਹਾਂ ਦੇ ਸਿਰ ਤੋਂ ਬਚਪਨ ਵਿਚ ਹੀ ਪਿਤਾ ਦਾ ਸਾਇਆ ਉੱਠ ਗਿਆ ਸੀ। ਸੰਨ 1723 'ਚ ਮਾਤਾ ਜੀਵਨ ਕੌਰ ਬਾਲਕ ਜੱਸਾ ਸਿੰਘ ਨੂੰ ਲੈ ਕੇ ਮਾਤਾ ਸੁੰਦਰੀ ਜੀ ਕੋਲ ਦਿੱਲੀ ਚਲੇ ਗਏ। ਜੱਸਾ ਸਿੰਘ ਨੇ ਲਗਪਗ ਸੱਤ ਸਾਲ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਹੇਠ ਸਿੱਖ ਧਰਮ ਤੇ ਇਤਿਹਾਸ ਬਾਰੇ ਗਿਆਨ ਹਾਸਲ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਫਾਰਸੀ ਵੀ ਸਿੱਖੀ। ਸੰਨ 1729 'ਚ ਉਨ੍ਹਾਂ ਦੇ ਮਾਮਾ ਬਾਘ ਸਿੰਘ ਦਿੱਲੀ ਵਿਚ ਮਾਤਾ ਸੁੰਦਰੀ ਜੀ ਕੋਲ ਗਏ ਤੇ ਆਪਣੀ ਭੈਣ ਤੇ ਭਾਣਜੇ ਦੀ ਪੰਜਾਬ ਵਾਪਸੀ ਲਈ ਅਰਜ਼ੋਈ ਕੀਤੀ।ਜੱਸਾ ਸਿੰਘ ਆਹਲੂਵਾਲੀਆ (1718-1783) ਅਠਾਰਵੀਂ ਸਦੀ ਦਾ ਇੱਕ ਸਿੱਖ ਜਰਨੈਲ ਸੀ। ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਈ ਨੂੰ ਬਦਰ ਸਿੰਘ ਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਜਦੋਂ ਜੱਸਾ ਸਿੰਘ ਚਾਰ ਸਾਲ ਦਾ ਹੋਇਆ ਤਾਂ ਪਿਤਾ ਬਦਰ ਸਿੰਘ ਚੜ੍ਹਾਈ ਕਰ ਗਿਆ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ ਕਰ ਰਹੇ ਸਨ। ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਤੇ ਮਾਮਾ ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲ ਅਸ਼ੀਰਵਾਦ ਲੈਣ ਗਏ। ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ। ਸੱਤ ਸਾਲ ਦਿੱਲੀ ਰਹਿਣ ਤੋਂ ਬਾਅਦ ਜੱਸਾ ਸਿੰਘ ਜਲੰਧਰ ਵਿਖੇ ਮਾਮਾ ਬਾਘ ਸਿੰਘ ਹੱਲ੍ਹੋਵਾਲੀਆ ਕੋਲ ਆ ਗਿਆ। ਭੈਣ ਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਪ੍ਰਭਾਵਿਤ ਹੋਏ ਤੇ ਜੱਸਾ ਸਿੰਘ ਨੂੰ ਆਪਣੇ ਕੋਲ ਰੱਖ ਲਿਆ ਤੇ ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ। ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ, ਤੀਰ ਅੰਦਾਜ਼ੀ, ਤੇਗ਼ ਚਲਾਉਣੀ ਸਿੱਖੀ। ਛੋਟੀ ਉਮਰੇ ਦਿੱਲੀ ਰਹਿਣ ਕਰਕੇ ਜੱਸਾ ਸਿੰਘ ਦੀ ਬੋਲੀ 'ਚ ਹਿੰਦੀ ਤੇ ਉਰਦੂ ਦੇ ਲਫ਼ਜ਼ਾਂ ਦੀ ਰਲਾਵਟ ਹੋਣ ਕਾਰਨ ਸਿੰਘ ਉਸ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ। 20 ਕੁ ਸਾਲ ਦੀ ਉਮਰ 'ਚ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ 'ਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ ਛੇਤੀ ਹੀ ਇਸ ਮੁਲਕ ਦੀ ਮਲਕੀਅਤ ਖ਼ਾਲਸਾ ਪੰਥ ਦੇ ਹੱਥ ਹੋਵੇਗੀ। ਜੱਸਾ ਸਿੰਘ ਨੇ ਪਾਣੀਪਤ ਦੀ ਤੀਜੀ ਲੜਾਈ ਤੋਂ ਬਾਅਦ ਅਬਦਾਲੀ ਦੇ ਕਬਜ਼ੇ 'ਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤਘਰੋ-ਘਰੀਂ ਪਹੁੰਚਾਇਆ। ਜੱਸਾ ਸਿੰਘ ਆਹਲੂਵਾਲੀਆ20 ਅਕਤੂਬਰ, 1783 ਨੂੰ ਅੰਮ੍ਰਿਤਸਰ ਜਾਂਦਿਆਂ ਰਾਹ 'ਚ ਬਿਮਾਰ ਹੋਣ ਕਾਰਨ ਸੁਆਸ ਤਿਆਗ ਗਏ। ਉਨ੍ਹਾਂ ਦਾ ਸਸਕਾਰ ਬਾਬਾ ਅਟੱਲ ਰਾਇ ਦੇ ਸਥਾਨ 'ਤੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨਾਲ ਹੀ ਕਰ ਦਿੱਤਾ ਗਿਆ।

ਸਿੱਖ ਫ਼ੌਜਾਂ ਦੇ ਦੂਜੇ ਸਭ ਤੋਂ ਵੱਡੇ ਜਰਨੈਲ ਸ। ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਸ। ਬਦਰ ਸਿੰਘ ਦੇ ਘਰ 3 ਮਈ, 1718 ਦੇ ਦਿਨ ਲਹੌਰ, ਪੰਜਾਬ, ਖੇਤਰ ਦੇ ਨੇੜੇ ਇੱਕ ਪਿੰਡ ਆਹਲੁ ਵਿੱਚ ਹੋਇਆ ਸੀ।.2॥.3॥ ਨਿੱਕੀ ਉਮਰ ਵਿੱਚ ਹੀ ਉਸ ਦੇ ਪਿਤਾ ਚੜ੍ਹਾਈ ਕਰ ਗਏ ਸਨ ਤੇ ਉਸ ਦਾ ਬਚਪਨ ਮਾਤਾ ਸੁੰਦਰ ਕੌਰ ਦੇ ਨਿਵਾਸ 'ਤੇ ਦਿੱਲੀ ਵਿੱਚ ਬੀਤਿਆ ਸੀ। ਮਗਰੋਂ ਸ। ਕਪੂਰ ਸਿੰਘ (ਨਵਾਬ) ਉਸ ਨੂੰ ਆਪਣੇ ਨਾਲ ਲੈ ਆਏ ਸਨ। 1753 ਵਿੱਚ ਸ। ਜੱਸਾ ਸਿੰਘ ਆਹਲੂਵਾਲੀਆ, ਦਲ ਖ਼ਾਲਸਾ ਦੇ ਮੁਖੀ ਬਣਾਏ ਗਏ ਸਨ।

ਨਵਾਬ ਕਪੂਰ ਸਿੰਘ ਨੇ ਉਸ ਦੀ ਦਲੇਰੀ ਤੋਂ ਖੁਸ਼ ਹੋ ਕੇ 1753 ਵਿੱਚ ਆਪਣੇ ਮਰਨ ਤੋਂ ਉਸ ਨੂੰ ਅਪਣਾ ਵਾਰਿਸ ਬਣਾਇਆ। 1761 ਵਿੱਚ ਉਸਨੇ ਲਹੌਰ 'ਤੇ ਕਬਜ਼ਾ ਕੀਤਾ ।1761 ਵਿੱਚ ਅਹਿਮਦਸ਼ਾਹ ਕੋਲੋਂ 2200 ਹਿੰਦੂ ਔਰਤਾਂ ਨੂੰ ਛੁੜਾ ਕੇ ਘਰੋਂ ਘਰ ਪਹੁੰਚਾਇਆਅਤੇ1764 ਵਿੱਚ ਸਰਹਿੰਦ ਨੂੰ ਜਿੱਤਿਆ ਤੇ ਉਥੋਂ ਪ੍ਰਾਪਤ ਆਪਣੇ ਸਾਰੇ ਖ਼ਜਾਨੇ ਨੂੰ ਦਰਬਾਰ ਸਾਹਿਬ ਭੇਂਟ ਕੀਤੀ।

ਤੇ ਅਹਿਮਦਸ਼ਾਹ ਵਲੋਂ ਬਾਰੂਦ ਨਾਲ ਉਡਾਈ ਹਰਿਮੰਦਰ ਸਾਹਿਬ ਦੀ ਮਜੂਦਾ ਇਮਾਰਤ ਦੀ ਉਸਾਰੀ ਕਰਵਾਈ। ਅਹਿਮਦਸ਼ਾਹਅਬਦਾਲੀ ਨਾ.ਲ ਵੀ ਉਸ ਦੀਆਂ ਕਈ ਲੜਾਈਆਂ ਹੋਈਆਂ। 1772 ਵਿੱਚ ਉਸ ਨੇ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ।.4॥

ਜੱਸਾ ਸਿੰਘ ਰਾਮਗੜ੍ਹੀਆ (1723-1803) ਦਾ ਜਨਮ ਸ੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਗੁੱਗਾ ਬੂਹਾ ਵਿਖੇ ਭਗਵਾਨ ਸਿੰਘ ਦੇ ਘਰ ਹੋਇਆ।.2॥.3॥ ਉਹਨਾਂ ਦੇ ਦਾਦਾ ਹਰਦਾਸ ਸਿੰਘ ਜੋ ਲਾਹੌਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਤੋਂ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ।.4॥ ਉਹਨਾਂ ਨੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਪਿੰਡ ਪਿੰਡ ਪਹੁੰਚਾਇਆ।

ਆਪ ਦੇ ਦਾਦਾ ਜੀ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਦਾਖਲ ਹੋਏ ਅਤੇ ਮੁਗਲ ਫੌਜਾਂ ਨਾਲ ਲੜਾਈ ਲੜੀ ਅਤੇ 1716 ਵਿੱਚ ਸ਼ਹੀਦੀਪ੍ਰਪਤ ਕੀਤੀ। ਹਰਦਾਸ ਸਿੰਘ ਦੀ ਮੌਤ ਤੋਂ ਬਾਅਦ ਭਗਵਾਨ ਸਿੰਘ ਘਰ ਦੇ ਮੋਢੀ ਬਣੇ। ਪਿਤਾ ਦੀ ਮੌਤ ਤੋਂ ਬਾਅਦ ਜੱਸਾ ਸਿੰਘ ਰਾਮਗੜ੍ਹੀਆ ਘਰ ਦੇ ਮੁਖੀ ਬਣੇ।

**ਸ਼ਕਤੀ ਦਾ ਵਿਸਤਾਰ**

1753 ਤੇ 1758 ਦੇ ਸਮੇਂ ਦੇ ਦੌਰਾਨ ਇਹਨਾਂ 5-6 ਸਾਲਾਂ ਦੇ ਵਿਚਕਾਰ ਸਰਦਾਰ ਜੱਸਾ ਸਿੰਘ ਰਾਮਗੜੀਆ ਨੇ ਆਪਣੀ ਸ਼ਕਤੀ ਦਾ ਬੜਾ ਵਿਸਤਾਰ ਕੀਤਾ ਤੇ ਸਰਦਾਰ ਜੱਸਾ ਸਿੰਘ ਜੀ ਰਾਮਗੜੀਆ ਨੇ ਕਲਾਨੋਰ, ਬਟਾਲਾ, ਕਾਦੀਆਂ, ਸ੍ਰੀ ਹਰਗੋਬਿੰਦਪੁਰ, ਉੜਮੁੜ ਟਾਂਡਾ ਤੇ ਨਾਲ ਹੀ ਮਿਆਨੀ ਦੇ ਪ੍ਰਦੇਸਾਂ ਤੇ ਕਬਜ਼ਾ ਕਰ ਲਿਆ। ਹਰਗੋਬਿੰਦਪੁਰ ਨੂੰ ਆਪਣੀ ਮਿਸਲ ਦੀ ਰਾਜਧਾਨੀ ਬਨਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਰਾਮਗੜ੍ਹੀਆ ਮਿਸਲ ਦੀ ਸ਼ਕਤੀ ਵੱਧ ਗਈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਗੰਗਾ- ਯਮੁਨਾ ਦੋਆਬ ਦੇ ਕਈ ਇਲਾਕਿਆਂ 'ਤੇ ਵੀ ਕਬਜ਼ਾ ਕਰ ਲਿਆ।

**ਦਿੱਲੀ ਫ਼ਤਿਹ**

ਜੱਸਾ ਸਿੰਘ ਰਾਮਗੜ੍ਹੀਆ ਨੇ ਭਾਈ ਬਘੇਲ ਸਿੰਘ ਨਾਲ ਰੱਲ ਕੇ ਦਿੱਲੀ ਲਾਲ ਕਿਲ੍ਹਾ ਫ਼ਤਿਹ ਕੀਤਾ। ਔਰੰਗਜ਼ੇਬ ਜਿਸ ਤਖ਼ਤ 'ਤੇ ਬੈਠ ਕੇ ਆਪਣਾ ਦਰਬਾਰ ਲਗਾਉਂਦਾ ਸੀ, ਉਸ ਤਖ਼ਤ ਭਾਵ ਤਖ਼ਤ ਏ ਤਾਉਸ ਨੂੰ ਅਤੇ 44 ਥੰਮਾਂ ਨੂੰ ਪੁੱਟ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਲਿਆਂਦਾ। ਇਨ੍ਹਾਂ ਨੇ ਬਾਅਦ ਵਿਚ ਬੁੰਗਾ ਰਾਮਗੜ੍ਹੀਆਂ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ।

**ਹਥਿਆਰ ਬਣ-ਾਉਣੇ**

ਬਾਬਾ ਹਰਦਾਸ ਜੀ ਤੇ ਗਿਆਨੀ ਭਗਵਾਨ ਸਿੰਘ ਜੀ ਤਰਖਾਣ ਹੋਣ ਕਰਕੇ ਗੁਰੂ ਸਾਹਿਬ ਨੂੰ ਹਥਿਆਰ ਬਣਾ ਕੇ ਦਿੰਦੇ ਸੀ।

**ਰਾਮਗੜ੍ਹੀਆ ਮਿਸਲ**




ਸਰਦਾਰ ਜੱਸਾ ਸਿੰਘ ਜੀ ਨੇ ਦਿੱਲੀ ਤੋਂ ਮੁਗਲਾਂ ਦੀਆਂ ਚਾਰ (4) ਤੋਪਾਂ ਵੀ ਲੁੱਟ ਲਈਆਂ ਸਨ। ਉਸ ਸਮੇਂ ਮੇਰਠ ਤੇ ਦਿੱਲੀ ਵੀ ਉਹਨਾਂ ਦੀ ਲੁੱਟ ਤੋਂ ਨਹੀਂ ਬਚ ਸਕੀ। ਰਾਮਗੜੀਆ ਮਿਸਲ ਦੇ ਸੰਸਥਾਪਕ ਖੁਸ਼ਹਾਲ ਸਿੰਘ ਜੀ, ਤੇ ਨੰਦ ਸਿੰਘ ਜੀ ਸਨ ਪਰ ਇਸ ਮਿਸਲ ਨੂੰ ਜਿਆਦਾ ਪ੍ਰਸਿੱਧੀ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਕਰਕੇ ਹੀ ਮਿਲੀ।

ਜਦੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ 100 ਸਿੰਘਾਂ ਸਮੇਤ ਰਾਮ - ਰਾਉਣੀ ਵਿੱਚ ਜੂਝ ਰਹੇ 500 ਜੁਝਾਰੂ ਸਿੰਘਾਂ ਨਾਲ ਜਾ ਰਲੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮ ਰਾਉਣੀ ਦੇ ਕਿਲੇ ਨੂੰ ਖਾਲਸਾ ਫ਼ੌਜਾਂ ਦੀ ਮਦਦ ਨਾਲ ਆਪਣੇ ਅਧੀਨ ਕਰ ਲਿਆ ਤਾਂ ਜੋ ਇਸ ਦੀ ਰਾਖੀ ਕੀਤੀ ਜਾ ਸਕੇ ਜਦੋਂ ਸਿੱਖ ਕੌਮ ਦੇ ਸਭ ਜਰਨੈਲਾਂ ਤੇ ਸਿੰਘਾਂ ਨੇ ਮਿਲ ਕੇ ਰਾਮ - ਰਾਉਣੀ ਦਾ ਕਿਲਾ ਬਣਾ/ਸੰਵਾਰ ਲਿਆ ਤਾਂ ਇਹ ਹਕੂਮਤ ਨੂੰ ਸਿੱਧੀ ਚੁਣੌਤੀ ਦੇਣ ਵਾਲਾ ਕਦਮ ਸੀ।.5॥

# ਪੰਜਾਬ ਵਿਚ ਹੁਣ ਸੌਖੀ ਭਾਸ਼ਾ 'ਚ ਹੋਣਗੀਆਂ ਰਜਿਸਟਰੀਆਂ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਲੁਧਿਆਣਾ 'ਚ ਐਲਾਨ ਕੀਤਾ ਕਿ ਹੁਣ ਸੌਖੀ ਭਾਸ਼ਾ 'ਚ ਰਜਿਸਟਰੀਆਂ ਲਿਖੀਆਂ ਜਾਣਗੀਆਂ ਤਾਂ ਜੋ ਲੋਕਾਂ ਨੂੰ ਆਸਾਨੀ ਨਾਲ ਸਮਝ ਆ ਸਕਣ। ਬੇਲੋੜੇ ਉਰਦੂ ਸ਼ਬਦਾਂ ਨੂੰ ਹਟਾਇਆ ਜਾਵੇਗਾ। ਪੰਜਾਬ 'ਚ ਹੋ ਤਾਂ ਪੂਰਾ ਕੰਮ ਪੰਜਾਬੀ 'ਚ ਹੋਵੇਗਾ ਪਰ ਜੇ ਕੋਈ ਹਿੰਦੀ ਜਾਂ ਅੰਗਰੇਜ਼ੀ 'ਚ ਕੰਮ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਵੀ ਬਦਲ ਮਿਲੇਗਾ। ਬਿਨਾਂ ਸ਼ੱਕ ਪੰਜਾਬ ਸਰਕਾਰ ਦੇ ਇਸ ਕਦਮ ਨਾਲ ਨਾ ਸਿਰਫ਼ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ ਸਗੋਂ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿਚ ਪਾਰਦਰਸ਼ਿਤਾ ਤੇ ਸੁਗਮਤਾ ਵੀ ਆਵੇਗੀ।

ਰਜਿਸਟਰੀਆਂ ਨੂੰ ਸਰਲ ਤੇ ਸਮਝਣਯੋਗ ਭਾਸ਼ਾ 'ਚ ਲਿਖਣ ਦਾ ਫ਼ਾਇਦਾ ਇਹ ਹੋਵੇਗਾ ਕਿ ਆਮ ਲੋਕਾਂ ਨੂੰ ਆਪਣੀ ਜਾਇਦਾਦ ਦੇ ਦਸਤਾਵੇਜ਼ਾਂ ਨੂੰ ਸਮਝਣ 'ਚ ਮਦਦ ਮਿਲੇਗੀ। ਉਰਦੂ ਜਾਂ ਗੁੰਝਲਦਾਰ ਕਾਨੂੰਨੀ ਸ਼ਬਦਾਵਲੀ ਕਾਰਨ ਲੋਕਾਂ ਨੂੰ ਵਕੀਲਾਂ ਜਾਂ ਵਿਚੋਲਿਆਂ 'ਤੇ ਨਿਰਭਰ ਕਰਨਾ ਪੈਂਦਾ ਸੀ ਜਿਸ ਨਾਲ ਨਾ ਸਿਰਫ਼ ਵਾਧੂ ਖ਼ਰਚਾ ਹੁੰਦਾ ਸੀ ਸਗੋਂ ਧੋਖਾਧੜੀ ਦਾ ਖ਼ਤਰਾ ਵੀ ਰਹਿੰਦਾ ਸੀ। ਸਰਲ ਪੰਜਾਬੀ 'ਚ ਲਿਖੀਆਂ ਰਜਿਸਟਰੀਆਂ ਨੂੰ ਆਮ ਵਿਅਕਤੀ ਵੀ ਪੜ੍ਹ ਸਕੇਗਾ ਤੇ ਇਨ੍ਹਾਂ 'ਚ ਦਰਜ ਜਾਣਕਾਰੀ ਜਿਵੇਂ ਕਿ ਜਾਇਦਾਦ ਦਾ ਵੇਰਵਾ, ਮੁੱਲ ਤੇ ਸ਼ਰਤਾਂ ਨੂੰ ਸਮਝ ਸਕੇਗਾ। ਸੂਬੇ 'ਚ ਜ਼ਮੀਨ ਦੀਆਂ ਰਜਿਸਟਰੀਆਂ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਹੈ। ਇਨ੍ਹਾਂ ਦੀ ਭਾਸ਼ਾ 'ਚ ਉਰਦੂ ਦੇ ਸ਼ਬਦਾਂ ਦੀ ਭਰਮਾਰ ਹੋਣ ਕਾਰਨ ਇਨ੍ਹਾਂ ਨੂੰ ਸਮਝਣਾ ਆਮ ਲੋਕਾਂ ਲਈ ਮੁਸ਼ਕਲ ਕਾਰਜ ਹੈ ਕਿਉਂਕਿ ਸਦੀਆਂ ਤੋਂ ਪੰਜਾਬ ਦਾ ਰੈਵੇਨਿਊ ਰਿਕਾਰਡ ਉਰਦੂ ਜ਼ੁਬਾਨ 'ਚ ਦਰਜ ਹੈ ਜਿਸ ਨੂੰ ਆਜ਼ਾਦੀ ਤੋਂ ਬਾਅਦ ਵੀ ਬਦਲਣ ਦੀ ਕੋਈ ਠੋਸ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਰਜਿਸਟਰੀਆਂ ਕਰਵਾਉਣ ਲਈ ਤਹਿਸੀਲ ਦਫ਼ਤਰਾਂ 'ਚ ਲੰਬੀਆਂ ਕਤਾਰਾਂ, ਕਾਗ਼ਜ਼ੀ ਕਾਰਵਾਈਆਂ ਤੇ ਵਿਚੋਲਿਆਂ 'ਤੇ ਨਿਰਭਰਤਾ ਨੇ ਇਸ ਪ੍ਰਕਿਰਿਆ ਨੂੰ ਹੋਰ ਮੁਸ਼ਕਲ ਬਣਾ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਸੱਤਾ ਸੰਭਾਲਦੇ ਹੀ ਇਸ ਪ੍ਰਕਿਰਿਆ ਨੂੰ ਸੁਧਾਰਨ ਦਾ ਵਾਅਦਾ ਕੀਤਾ ਸੀ। ਬੇਸ਼ੱਕ 2023 ਤੋਂ ਸਰਕਾਰ ਨੇ ਇੱਧਰ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ ਪਰ ਹਾਲੇ ਤੱਕ ਪ੍ਰਬੰਧਾਂ 'ਚ ਪੂਰੀ ਤਰ੍ਹਾਂ ਸੁਧਾਰ ਨਹੀਂ ਹੋਇਆ।

ਹੁਣ ਸਰਕਾਰ ਨੇ ਇਕ ਹੋਰ ਅਹਿਮ ਫ਼ੈਸਲਾ ਲਿਆ ਹੈ ਕਿ ਰਜਿਸਟਰੀਆਂ ਸੇਵਾ ਕੇਂਦਰ 'ਚ ਵੀ ਲਿਖੀਆਂ ਜਾਣਗੀਆਂ। ਇਸ ਨਾਲ ਲੋਕਾਂ ਨੂੰ ਤਹਿਸੀਲ ਦਫ਼ਤਰਾਂ ਦੇ ਚੱਕਰ ਨਹੀਂ ਲਾਉਣੇ ਪੈਣਗੇ। ਸਾਰਾ ਸਿਸਟਮ ਆਨਲਾਈਨ ਹੋਵੇਗਾ ਤੇ ਸਿਰਫ਼ ਫੋਟੋ ਕਰਾਉਣ ਲਈ ਦਫ਼ਤਰ ਜਾਣਾ ਪਵੇਗਾ। ਪੰਦਰਾਂ ਦਿਨਾਂ 'ਚ ਕੰਮ ਦਾ ਪੂਰਾ ਸਿਸਟਮ ਬਦਲ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਦੇ ਇਨ੍ਹਾਂ ਕਦਮਾਂ ਦਾ ਸਮਾਜ ਦੇ ਵੱਖ-ਵੱਖ ਵਰਗਾਂ 'ਤੇ ਹਾਂ-ਪੱਖੀ ਪ੍ਰਭਾਵ ਪਵੇਗਾ। ਰਜਿਸਟਰੀਆਂ ਨੂੰ ਸੇਵਾ ਕੇਂਦਰਾਂ 'ਚ ਲਿਖਣ ਦੀ ਪਹਿਲਕਦਮੀ ਇਸ ਪ੍ਰਕਿਰਿਆ ਨੂੰ ਹੋਰ ਸੁਖਾਲਾ ਕਰੇਗੀ। ਇਸ ਨਾਲ ਤਹਿਸੀਲ ਦਫ਼ਤਰਾਂ 'ਚ ਵਾਰ-ਵਾਰ ਜਾਣ ਕਾਰਨ ਲੋਕਾਂ ਦੇ ਸਮੇਂ ਤੇ ਪੈਸੇ ਦੀ ਬਰਬਾਦੀ ਰੁਕੇਗੀ। ਇਸ ਨਾਲ ਵਿਚੋਲਿਆਂ ਤੇ ਏਜੰਟਾਂ ਦੀ ਲੋੜ ਘਟੇਗੀ ਜਿਸ ਨਾਲ ਧੋਖਾਧੜੀ ਦੀਆਂ ਘਟਨਾਵਾਂ 'ਚ ਕਮੀ ਆਵੇਗੀ ਤੇ ਭ੍ਰਿਸ਼ਟਾਚਾਰ ਨੂੰ ਵੀ ਨੱਥ ਪਵੇਗੀ। ਸੇਵਾ ਕੇਂਦਰਾਂ ਦੀ ਵਰਤੋਂ ਤੇ ਰਜਿਸਟਰੀਆਂ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਨਾਲ ਸਰਕਾਰੀ ਦਫ਼ਤਰਾਂ 'ਚ ਭੀੜ-ਭੜੱਕਾ ਘਟੇਗਾ। ਵੱਡੀ ਗੱਲ ਇਹ ਕਿ ਅਫ਼ਸਰ ਹੁਣ ਰਜਿਸਟਰੀ ਦੇ ਦਸਤਾਵੇਜ਼ ਘਰ ਤੱਕ ਪਹੁੰਚਾਉਣਗੇ ਜਿਸ ਦਾ ਸਭ ਤੋਂ ਵੱਡਾ ਫ਼ਾਇਦਾ ਬਜ਼ੁਰਗਾਂ, ਅਪਾਹਜਾਂ ਤੇ ਔਰਤਾਂ ਨੂੰ ਹੋਵੇਗਾ। ਜਮਹੂਰੀਅਤ 'ਚ ਅਜਿਹੀ ਪਾਰਦਰਸ਼ਿਤਾ ਲੋਕਾਂ ਦੇ ਵਿਸ਼ਵਾਸ ਨੂੰ ਵਧ-ਾਉਂਦੀ ਹੈ। ਸਰਲ ਭਾਸ਼ਾ 'ਚ ਰਜਿਸਟਰੀਆਂ ਲੋਕਾਂ ਨੂੰ ਆਪਣੀ ਜਾਇਦਾਦ ਦੇ ਮਾਮਲਿਆਂ 'ਚ ਸੁਤੰਤਰ ਰੂਪ ਨਾਲ ਫ਼ੈਸਲੇ ਲੈਣ ਦੀ ਸਮਰੱਥਾ ਪ੍ਰਦਾਨ ਕਰਨਗੀਆਂ।

# ਤਿੰਨ ਨਵੇਂ ਸਬਕ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਭੂਮਿਕਾ



ਜਯੋਤੀ ਮਲਹੋਤਰਾ

ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਪਿਛਲੇ ਹਫ਼ਤੇ ਭਾਰਤ-ਪਾਕਿਸਤਾਨ ਟਕਰਾਅ ’ਚ ਅਮਰੀਕਾ ਵੱਲੋਂ ਕਦੇ ਵੀ ਵਿਚੋਲਗੀ ਨਾ ਕਰਨ ਸਬੰਧੀ ਛੇ ਨੁਕਤਿਆਂ ਦਾ ਜਵਾਬ ਜਾਰੀ ਕਰਨ ਦੇ ਕੁਝ ਘੰਟਿਆਂ ਬਾਅਦ ਹੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਛੇਵੀਂ ਵਾਰ (ਲੜਾਈ ਸ਼ੁਰੂ ਹੋਣ ਤੋਂ ਬਾਅਦ) ਇਹ ਜ਼ੋਰ ਦੇ ਕੇ ਕਿਹਾ ਕਿ ਉਸ ਨੇ ਵਿਚੋਲਗੀ ਕੀਤੀ ਸੀ।

ਆਪਣੇ ਖਾੜੀ ਦੌਰੇ ਦੇ ਆਖ਼ਿਰੀ ਪੜਾਅ ਵਿੱਚ ਟਰੰਪ ਨੇ ਕਤਰ ਦੇ ਅਲ-ਉਦੀਦ ਏਅਰਬੇਸ ’ਤੇ ਅਮਰੀਕੀ ਸੈਨਿਕਾਂ ਨਾਲ ਗੱਲਬਾਤ ਕਰਦਿਆਂ ਵੀਰਵਾਰ ਨੂੰ ਕਿਹਾ, “... ਉਂਝ, ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਮੈਂ ਇਹ ਕੀਤਾ, ਪਰ ਮੈਂ ਪਿਛਲੇ ਹਫ਼ਤੇ ਪਾਕਿਸਤਾਨ ਤੇ ਭਾਰਤ ਵਿਚਲੀ ਸਮੱਸਿਆ ਨੂੰ ਹੱਲ ਕਰਨ ’ਚ ਮਦਦ ਜ਼ਰੂਰ ਕੀਤੀ, ਜੋ ਬਦ ਤੋਂ ਬਦਤਰ ਹੋ ਰਹੀ ਸੀ।” ਇਹ ਮੁੜਦੇ-ਮੁੜਦੇ ਤਿੱਖੀ ਤੇ ਆਖ਼ਿਰੀ ਟਿੱਪਣੀ ਕਰਨ ਵਰਗਾ ਸੀ। ਮੈਂ ਤੁਹਾਨੂੰ ਦੱਸ ਰਹੀ ਹਾਂ, ਉਹ ਕਹਿ ਰਿਹਾ ਸੀ ਕਿ ਮੈਂ ਉਹ ਬੰਦਾ ਹਾਂ ਜਿਸ ਨੇ ਪਰਮਾਣੂ ਯੁੱਧ ਟਾਲਿਆ।

ਹੁਣ ਤੁਸੀਂ ਭਾਵੇਂ ਇਸ ਤੋਂ ਇਨਕਾਰੀ ਹੋ ਸਕਦੇ ਹੋ ਜਾਂ ਅਮਰੀਕੀ ਰਾਸ਼ਟਰਪਤੀ ਦੀ ਗੱਲ ’ਤੇ ਵਿਸ਼ਵਾਸ ਵੀ ਕਰ ਸਕਦੇ ਹੋ, ਜਿਸ ਦਾ ਅਸਲ ’ਚ ਅਰਥ ਹੈ ਕਿ ਇਸ ਸਭ ਲਈ ਸ਼ਕਤੀਸ਼ਾਲੀ ਤੀਜੀ ਧਿਰ (ਟਰੰਪ) ਦੀ ਲੋੜ ਸੀ- ਜਿਸ ਦਾ ਨਵੀਂ ਦਿੱਲੀ ਤੇ ਇਸਲਾਮਾਬਾਦ, ਦੋਵਾਂ ਵਿੱਚ ਬਰਾਬਰ ਰਸੂਖ ਹੋਵੇ ਤਾਂ ਜੋ ਦੋਵਾਂ ਨੂੰ ਦੁਬਾਰਾ ਇੱਕ ਦੂਜੇ ’ਤੇ ਚੜ੍ਹਾਈ ਕਰਨ ਤੇ ‘ਹਜ਼ਾਰ ਸਾਲ’ ਪੁਰਾਣੀ ਜੰਗ ਨੂੰ ਰੋਕਿਆ ਜਾ ਸਕੇ।

ਇਸ ਕਹਾਣੀ ਦੇ ਤਿੰਨ ਹੋਰ ਸਬਕ ਹਨ। ਪਹਿਲੇ ਦਾ ਅਹਿਸਾਸ ਉਦੋਂ ਹੋਇਆ ਜਦੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਸ਼ਾਮ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਵਿਦੇਸ਼ ਮੰਤਰੀ ਅਮੀਰ ਖਾਨ ਮੁੱਤਾਕੀ ਨਾਲ ਫੋਨ ’ਤੇ ਗੱਲ ਕੀਤੀ। ਇਹ ਕਿਸੇ ਨੂੰ ਨਹੀਂ ਪਤਾ ਕਿ ਕਿਸ ਨੇ ਕਿਸ ਨੂੰ ਫੋਨ ਲਾਇਆ, ਪਰ ਵਿਦੇਸ਼ ਮੰਤਰਾਲੇ ਨੇ ਇਹ ਜ਼ਰੂਰ ਦੱਸਿਆ ਕਿ ਜੈਸ਼ੰਕਰ ਨੇ ਪਹਿਲਗਾਮ ਕਤਲੇਆਮ ਦੀ ਮੁੱਤਾਕੀ ਵੱਲੋਂ ਪਹਿਲਾਂ ਕੀਤੀ ਆਲੋਚਨਾ ਦੀ ਸ਼ਲਾਘਾ ਕੀਤੀ।

ਪਹਿਲਾ (ਆਖ਼ਿਰੀ ਤਿੰਨਾਂ ਵਿੱਚੋਂ) ਸਬਕ ਇਹ ਨਹੀਂ ਹੈ ਕਿ ਜੈਸ਼ੰਕਰ ਅਤੇ ਮੁੱਤਾਕੀ ਨੇ ਇੱਕ ਦੂਜੇ ਨਾਲ ਗੱਲ ਕੀਤੀ; ਭਾਵ, ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਇੱਕ ਨੇਤਾ ਨੇ ਅਜਿਹੇ ਸ਼ਖ਼ਸ ਨਾਲ ਗੱਲ ਕੀਤੀ ਜੋ ਇੱਕ ਦੇਸ਼ ਤੱਕ ਦੀ ਵੀ ਪ੍ਰਤੀਨਿਧਤਾ ਨਹੀਂ ਕਰਦਾ, ਜੋ ਸਿਰਫ਼ ਅਜੇ ਇੱਕ ਸ਼ਾਸਨ ਹੀ ਹੈ, ਜਾਂ ਫਿਰ ਇਹ ਕਿ ਉਸ ਨੇ ਅਜਿਹਾ ਸ਼ਰ੍ਹੇਆਮ ਕੀਤਾ।

ਇੱਥੇ ਸਬਕ ਇਹ ਹੈ ਕਿ ਨਵੀਂ ਦਿੱਲੀ ਨੂੰ ਇਸ ਗੱਲ ਦੀ ਕੋਈ ਖ਼ਾਸ ਪਰਵਾਹ ਨਹੀਂ ਸੀ ਕਿ ਤਾਲਿਬਾਨ ਸ਼ਾਸਨ ਨਾਲ ਗੱਲ ਕਰਨ ਲਈ ਉਸ ਦੀ ਆਲੋਚਨਾ ਹੋਵੇਗੀ ਜਾਂ ਨਹੀਂ ਜਿਨ੍ਹਾਂ ਨੇ 15 ਅਗਸਤ 2021 ਨੂੰ ਦੂਜੀ ਵਾਰ ਸੱਤਾ ਸੰਭਾਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹਰ ਨਿਯਮ ਦੀ ਉਲੰਘਣਾ ਹੀ ਕੀਤੀ ਹੈ।

ਅਸਲ ਗੱਲ ਇਹ ਹੈ ਕਿ ਜੈਸ਼ੰਕਰ ਟਰੰਪ ਦੀ ਉਦਾਹਰਨ ਨੂੰ ਹੀ ਦੁਹਰਾ ਰਹੇ ਹਨ। ਉਹ ਇਹ ਹੈ ਕਿ ਜੇ ਤੁਹਾਡੇ ਕੋਲ ਤਾਕਤ ਵਰਤਣ ਦੀ ਸਮਰੱਥਾ ਹੈ ਤਾਂ ਤੁਹਾਨੂੰ ਆਪਣਾ ਮਨ ਬਦਲਣ ਦੇ ਨਾਲ-ਨਾਲ ਆਪਣੇ ਦੇਸ਼ ਦੀ ਨੀਤੀ ਦੀ ਦਿਸ਼ਾ ਬਦਲਣ ਦਾ ਗ਼ਰੂਰ ਕਰਨ ਲਈ ਵੀ ਮੁਆਫ਼ ਕਰ ਦਿੱਤਾ ਜਾਵੇਗਾ।

ਜ਼ਰਾ ਟਰੰਪ ਨੂੰ ਦੇਖੋ। ਉਹ ਆਪਣੇ ਦੇਸ਼ ਦੇ



ਕੱਟੜ ਦੁਸ਼ਮਣ ਵਲਾਦੀਮੀਰ ਪੂਤਿਨ ਨਾਲ ਚੰਗੇ ਰਿਸ਼ਤੇ ਬਣਾ ਰਿਹਾ ਹੈ; ਇਸ ਹਫ਼ਤੇ ਦੇ ਸ਼ੁਰੂ ਵਿੱਚ ਰਿਆਧ ਵਿੱਚ ਉਸ ਨੇ ਅਲ-ਕਾਇਦਾ ਦੇ ਨਵੇਂ ਸਹਿਯੋਗੀ ਨਾਲ ਹੱਥ ਮਿਲਾਇਆ ਜੋ ਹੁਣ ਸੀਰੀਆ ’ਤੇ ਰਾਜ ਕਰ ਰਿਹਾ ਹੈ; ਤੇ ਕਤਰ, ਜੋ ਕੱਟੜ ਇਸਲਾਮਿਕ ਮੁਸਲਿਮ ਬ੍ਰਦਰਹੁੱਡ ਸਮੂਹ ਦਾ ਟਿਕਾਣਾ ਹੈ, ਵਿੱਚ ਉਸ ਨੇ ਸਾਰੇ ਸੰਕੇਤ ਨਜ਼ਰਅੰਦਾਜ਼ ਕਰ ਦਿੱਤੇ ਕਿਉਂਕਿ ਅਲ-ਥਾਨੀ ਸ਼ੇਖਾਂ ਨੇ ਉਸ ਨੂੰ ਸ਼ਾਨਦਾਰ ਸਵਾਗਤ ਨਾਲ ਖ਼ੁਸ਼ ਕੀਤਾ ਜਿਸ ਵਿੱਚ ਅਮਰੀਕੀ ਰਾਸ਼ਟਰਪਤੀ ਦੀ ਵਰਤੋਂ ਲਈ 400 ਮਿਲੀਅਨ ਡਾਲਰ ਦਾ ਜਹਾਜ਼ ਤੋਹਫ਼ੇ ਵਿੱਚ ਸ਼ਾਮਿਲ ਸੀ।

ਜਦੋਂ ਟਰੰਪ ਨੇ ਕਤਰੀ ਕਾਰੋਬਾਰੀਆਂ ’ਚ ਬੈਠਿਆਂ ਭਾਰਤ ਵਿੱਚ ਆਈਫੋਨ ਬਣਾਉਣ ਵਾਲੇ ‘ਐਪਲ’ ਦੇ ਸੀਈ ਟਿਮ ਕੁੱਕ ਨਾਲ ਆਪਣੀ ਸ਼ਿਕਾਇਤ ਦਾ ਜ਼ਿਕਰ ਕੀਤਾ (“ਮੈਂ ਉਸ ਨੂੰ ਕਿਹਾ, ‘ਮੇਰੇ ਦੋਸਤ, ਮੈਂ ਤੁਹਾਡੇ ਨਾਲ ਬਹੁਤ ਵਧੀਆ ਵਰਤ ਰਿਹਾ ਹਾਂ... ਪਰ ਹੁਣ ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਭਾਰਤ ਵਿੱਚ ਆਈਫੋਨ ਬਣਾ ਰਹੇ ਹੋ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਭਾਰਤ ਵਿੱਚ ਫੋਨ ਬਣਾਓ”) ਤਾਂ ਨਵੀਂ ਦਿੱਲੀ ਨੇ ਇਸ ’ਤੇ ਸਿੱਧੀ ਪ੍ਰਤੀਕਿਰਿਆ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੀ ਬਜਾਏ, ਭਾਰਤ ਸਰਕਾਰ ਨੇ ‘ਐਪਲ’ ਨਿਰਮਾਤਾਵਾਂ ਨੂੰ ਪੁੱਛਿਆ, ਜਿਨ੍ਹਾਂ ਭਰੋਸਾ ਦਿਵਾਇਆ ਕਿ ਕੁੱਕ ਭਾਰਤ ਵਿੱਚ ਫੈਕਟਰੀਆਂ ਸਥਾਪਤ ਕਰਨ ਦੀ ਆਪਣੀ ਯੋਜਨਾ ਨੂੰ ਜ਼ਰੂਰ ਜਾਰੀ ਰੱਖੇਗਾ।

ਪੁਰਾਣੇ, ਮਾੜੇ ਦਿਨ ਹੁੰਦੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਵਰਗਾ ਕੋਈ ਸ਼ਕਤੀਸ਼ਾਲੀ ਸ਼ਖ਼ਸ ਅਜਿਹੀਆਂ ਗੱਲਾਂ ਕਰਦਾ ਤਾਂ ਨਵੀਂ ਦਿੱਲੀ ਹਿੱਲ ਜਾਂਦੀ। ਪਰ ਭਾਰਤ ਆਪਣੇ ਆਪ ਨੂੰ ਸੰਭਾਲਣਾ ਸਿੱਖ ਰਿਹਾ ਹੈ, ਚੀਨ ਤੇ ਅਮਰੀਕਾ ਵਰਗੀਆਂ ਕਿਤੇ ਵੱਧ ਸ਼ਕਤੀਸ਼ਾਲੀ ਅਰਥਵਿਵਸਥਾਵਾਂ ਦੇ ਸਾਹਮਣੇ ਜੋ ਅਜਿਹਾ ਸੌਦਾ ਕਰ ਰਹੀਆਂ ਹਨ ਜਿਹੜਾ ਉਨ੍ਹਾਂ ਦੇ ਆਪਣੇ ਟੈਰਿਫ ਨੂੰ ਘਟਾਉਂਦਾ ਹੈ ਪਰ ਜਿਸ ਦਾ ਭਾਰਤ ਦੀ ਬਰਾਮਦ ’ਤੇ ਅਸਰ ਪੈਣਾ ਲਾਜ਼ਮੀ ਹੈ।

ਦਰਅਸਲ ਇਸ ਹਫ਼ਤੇ, ਭਾਰਤ ਨੇ ਰਾਜਨੀਤੀ ਦੀ ਕਿਤਾਬ ਦਾ ਸਭ ਤੋਂ ਪੁਰਾਣਾ ਸਿਧਾਂਤ ਮੁੜ ਸਿੱਖਿਆ ਹੈ- ਕੋਈ ਵੀ ਸਥਾਈ ਦੋਸਤ ਜਾਂ ਦੁਸ਼ਮਣ ਨਹੀਂ ਹੁੰਦਾ, ਸਿਰਫ਼ ਹਿੱਤ ਸਥਾਈ ਹੁੰਦੇ ਹਨ। ਕੱਲ੍ਹ ਦੀ ਅਖ਼ਬਾਰ ਵਾਂਗ ਜੋ ਅੱਜ ਦੀ ਰੱਦੀ ਹੈ, ਪਿਛਲੇ ਹਫ਼ਤੇ ਦੇ ਪੱਕੇ ਦੋਸਤ ਅੱਜ ਦੂਰ ਦੇ ਰਿਸ਼ਤੇਦਾਰ ਹੋ ਸਕਦੇ ਹਨ।

ਇਸ ਲਈ ‘ਅਬ ਕੀ ਬਾਰ ਟਰੰਪ ਸਰਕਾਰ’ ਹੁਣ ਬੀਤੇ ਦੀ ਗੱਲ ਹੈ। ਅਜੋਕੇ ਦੌਰ ’ਚ ਬਚਾਅ ‘ਐਪਲ’ ਨੂੰ ਆਪਣੇ ਨਾਲ ਰੱਖਣ ਨਾਲ ਹੋਵੇਗਾ, ਕਿਉਂਕਿ ਇਹ ਕੰਪਨੀ ਐਨੀ ਤਾਕਤਵਰ ਹੈ ਕਿ ਟਰੰਪ ਕੋਲ ਵੀ ਟਿਮ ਕੁੱਕ ਨੂੰ ਨਾਲ ਲੈ ਕੇ ਚੱਲਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ।

ਰਹੀ ਗੱਲ ਭਾਰਤ ਤੇ ਪਾਕਿਸਤਾਨ ਵਿਚਕਾਰ ‘ਵਿਚੋਲਗੀ’ ਦਾ ਸਿਹਰਾ ਟਰੰਪ ਵੱਲੋਂ ਲੈਣ ਦੀ, ਹੁਣ ਇਹ ਗੱਲ ‘ਦਿ ਨਿਊਯਾਰਕ ਟਾਈਮਜ਼’ ਵੀ ਮੰਨਦਾ ਹੈ ਕਿ ਭਾਰਤ ਨੇ ਪਾਕਿਸਤਾਨੀ ਟਿਕਾਣਿਆਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ। ਰਹੀ ਗੱਲ ਸੰਘਰਸ਼ ’ਚ ਪਾਕਿਸਤਾਨ ਵੱਲੋਂ ‘ਜਿੱਤ’ ਦਾ ਜਸ਼ਨ ਮਨਾਉਣ ਦੀ, ਸ਼ਾਇਦ ਨਾ ਤਾਂ ਟਰੰਪ ਤੇ ਨਾ ਹੀ ਪਾਕਿਸਤਾਨੀਆਂ ਨੇ ਇਹ ਗ਼ੌਰ ਕੀਤਾ ਹੈ ਕਿ ਭਾਰਤੀ ਮਿਜ਼ਾਇਲਾਂ ਨੇ 11 ਪਾਕਿਸਤਾਨੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਉਦੋਂ ਹੀ ਪਾਕਿਸਤਾਨੀਆਂ ਨੇ ਅਮਰੀਕੀ ਰਾਸ਼ਟਰਪਤੀ ਕੋਲ ਦੁਹਾਈ ਪਾਈ ਤੇ ਇਸ ਨੂੰ ਬੰਦ ਕਰਾਉਣ ਦੀ ਬੇਨਤੀ ਕੀਤੀ।

ਜਾਂ ਹੋ ਸਕਦਾ ਹੈ, ਟਰੰਪ ਨੇ ਧਿਆਨ ਦਿੱਤਾ ਵੀ ਹੋਵੇ- ਬੱਸ ਇਹ ਹੈ ਕਿ ਉਹ ਹੁਣ ਕਿਸੇ ਹੋਰ ਚੀਜ਼ ਵੱਲ ਵਧ ਗਿਆ ਹੈ, ਇਸ ਵਾਰ ਨਵਜੰਮੇ ਪੋਤੇ ਦਾ ਜਸ਼ਨ ਮਨਾਉਣ ਵੱਲ।

ਤੀਜਾ ਸਬਕ ਇਹ ਹੈ ਕਿ ਸੱਤਾ ਦੇ ਆਪਣੇ ਤਿੰਨ ਮਹੀਨਿਆਂ ਵਿੱਚ ਟਰੰਪ ਅੱਧੀ ਦੁਨੀਆ ਨੂੰ ਦੁਸ਼ਮਣ ਬਣਾਉਣ ’ਚ ਸਫਲ ਹੋਇਆ ਹੈ। ਇਹ ਤੱਥ ਕਿ ਉਹ ਚੀਨ ਨੂੰ ਮਿੱਟੀ ’ਚ ਮਿਲਾਉਣ ਦੇ ਆਪਣੇ ਹੀ ਵਾਅਦਿਆਂ ਤੋਂ ਪਿੱਛੇ ਹਟ ਗਿਆ- ਕਿਉਂਕਿ ਉਸ ਦੇ ਆਪਣੇ ਦੇਸ਼ ਦੇ ਕਾਰੋਬਾਰੀ ਗਰੁੱਪ ਚੀਨ ਵਿੱਚ ਚੀਜ਼ਾਂ ਬਣਾ ਕੇ ਵੱਡਾ ਮੁਨਾਫ਼ਾ ਖੱਟਦੇ ਹਨ। ਉਨ੍ਹਾਂ ਉਸ ਨੂੰ ਜ਼ਰੂਰ ਦੱਸਿਆ ਹੋਵੇਗਾ ਕਿ ਉੱਚੇ ਟੈਕਸ ਸਿਰਫ਼ ਤੇ ਸਿਰਫ਼ ਅਮਰੀਕੀ ਗਾਹਕਾਂ ਨੂੰ ਹੀ ਨੁਕਸਾਨ ਪਹੁੰਚਾਉਣਗੇ- ਇਸ ਸਭ ’ਚੋਂ ਕੇਵਲ ਇਹੀ ਝਲਕਿਆ ਹੈ ਕਿ ਜਦੋਂ ਤੁਸੀਂ ਐਨੇ ਤਾਕਤਵਰ ਹੁੰਦੇ ਹੋ ਤਾਂ ਅਜਿਹੀਆਂ ਗੱਲਾਂ ਸੋਭਦੀਆਂ ਨਹੀਂ।

ਜੈਸ਼ੰਕਰ-ਮੁੱਤਾਕੀ ਦੀ ਗੱਲਬਾਤ ਬਾਰੇ ਇਹ ਤੱਥ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ ਕਿ ਇਹ ਅਪਰੇਸ਼ਨ ਸਿੰਧੂਰ ਖ਼ਤਮ ਹੋਣ ਦੇ ਬਿਲਕੁਲ ਨੇੜੇ ਹੋਈ ਹੈ ਜਾਂ ਪਾਕਿਸਤਾਨ ਤੇ ਅਫ਼ਗਾਨਿਸਤਾਨ ਕੁਝ ਸਮੇਂ ਤੋਂ ਇੱਕ ਦੂਜੇ ਦੇ ਖ਼ਿਲਾਫ਼ ਖੜ੍ਹੇ ਹਨ।

ਅਸਲ ਗੱਲ ਇਹ ਹੈ ਕਿ ਭਾਰਤ ਕੁਝ ਸਮੇਂ ਤੋਂ ਤਾਲਿਬਾਨ ਨੂੰ ਲੁਭਾ ਰਿਹਾ ਹੈ, ਲਗਭਗ ਉਦੋਂ ਤੋਂ ਹੀ ਜਦੋਂ 2021 ਵਿੱਚ ਭਾਰਤ ਦੀ ਆਜ਼ਾਦੀ ਦੀ ਵਰ੍ਹੇਗੰਢ ਮੌਕੇ ਉਸ ਨੇ ਕਾਬੁਲ ’ਤੇ ਕਬਜ਼ਾ ਕੀਤਾ ਸੀ। ਇੱਕ ਸਾਲ ਬਾਅਦ ਕਾਬੁਲ ਦੇ ਦੌਰੇ ’ਤੇ ਇਹ ਸਾਫ਼ ਦਿਖਾਈ ਦੇ ਰਿਹਾ ਸੀ ਕਿ ਕਦੇ ਸਲਾਹਕਾਰ ਤੇ ਸਰਪ੍ਰਸਤ ਰਹੀ ਪਾਕਿਸਤਾਨੀ ਫ਼ੌਜ ਪ੍ਰਤੀ ਤਾਲਿਬਾਨ ਦੇ ਸਬਰ ਦਾ ਪਿਆਲਾ ਪਹਿਲਾਂ ਹੀ ਛਲਕ ਰਿਹਾ ਸੀ। ਜਦੋਂ ਤੱਕ 9/11 ਮਗਰੋਂ ਪੱਛਮੀ ਦੇਸ਼ਾਂ ਨੇ ਅਫ਼ਗਾਨਿਸਤਾਨ ’ਤੇ ਮੁੜ ਕਬਜ਼ਾ ਨਹੀਂ ਕੀਤਾ, ਆਈ ਐੱਸ ਆਈ ਨੇ ਤਾਲਿਬਾਨ ਨੂੰ ਕਿਵੇਂ ਜਿੱਤਿਆ ਤੇ ਪਾਲਿਆ; ਫਿਰ ਆਈਐੱਸਆਈ ਨੇ 20 ਸਾਲਾਂ ਤੱਕ ਕਿਵੇਂ ਇੰਤਜ਼ਾਰ ਕੀਤਾ ਤੇ ਅਫ਼ਗਾਨਿਸਤਾਨ ਨੂੰ ਅਮਰੀਕੀਆਂ ਤੇ ਉਸ ਦੇ ਨਾਟੋ ਸਹਿਯੋਗੀਆਂ ਤੋਂ ਖੋਹਣ ਵਿੱਚ ਮੁੜ ਤਾਲਿਬਾਨ ਦੀ ਮਦਦ ਕਿਵੇਂ ਕੀਤੀ- ਇਹ ਕਹਾਣੀ ਕਦੇ ਫਿਰ ਸਹੀ।

ਇਸ ਹਫ਼ਤੇ ਰਾਜਨੀਤੀ ਤੇ ਕੂਟਨੀਤੀ ਦੇ ਇਸ ਮੁਕਾਬਲੇ ’ਚ ਟਰੰਪ ਸਤਲੁਜ ਵਾਂਗ ਤੇਜ਼ੀ ਨਾਲ ਆਪਣਾ ਰੁਖ਼ ਬਦਲ ਰਿਹਾ ਹੈ ਅਤੇ ਬਾਕੀ ਦੁਨੀਆ ਵੀ ਆਪਣੇ ਆਪ ਨੂੰ ਮੁੜ ਵਿਵਸਥਿਤ ਕਰ ਰਹੀ ਹੈ। ਭਾਰਤ ਨੇ ਆਖ਼ਿਰ ਤਾਲਿਬਾਨ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇਹੀ ਕਹਾਣੀ ਸ਼ਾਇਦ ਸਭ ਤੋਂ ਦਿਲਚਸਪ ਹੈ।

# ਰੱਖਿਆ ਮੋਰਚੇ ’ਤੇ ਆਤਮ ਨਿਰਭਰ ਮੁਲਕ ਹੀ ਅੱਗੇ ਵਧ ਸਕਦੇ ਨੇ

ਆਦਿੱਤਿਆ ਸਿਨਹਾ

ਆਧੁਨਿਕ ਰਣਭੂਮੀ ਦੇ ਸਮੀਕਰਣ ਪੂਰੀ ਤਰ੍ਹਾਂ ਬਦਲ ਗਏ ਹਨ। ਹੁਣ ਫ਼ੌਜੀਆਂ ਦੀ ਗਿਣਤੀ ਦੇ ਵੱਧ ਮਾਅਨੇ ਨਹੀਂ ਰਹਿ ਗਏ ਹਨ। ਅੱਜ ਜੋ ਦੇਸ਼ ਆਪਣੀ ਰੱਖਿਆ ਤਕਨੀਕ ਵਿਕਸਿਤ ਨਹੀਂ ਕਰੇਗਾ, ਉਹ ਦੂਜਿਆਂ ’ਤੇ ਨਿਰਭਰ ਹੋ ਕੇ ਰਹਿ ਜਾਵੇਗਾ। ਆਧੁਨਿਕ ਦੌਰ ਦੀ ਜੰਗ ਸਿਰਫ਼ ਫ਼ੌਜੀਆਂ ਦੀ ਗਿਣਤੀ ਨਾਲ ਨਹੀਂ, ਬਲਕਿ ਨਵੀਨਤਾ ਦੇ ਆਧਾਰ ’ਤੇ ਹੀ ਜਿੱਤੀ ਜਾ ਸਕਦੀ ਹੈ ਤੇ ਅਜਿਹੀ ਨਵੀਨਤਾ ਯਕੀਨੀ ਤੌਰ ’ਤੇ ਆਪਣੇ ਦਮ ’ਤੇ ਭਾਵ ਸਵਦੇਸ਼ੀ ਅਤੇ ਪ੍ਰਭੂਸੱਤਾ ਸੰਪੰਨ ਹੋਣੀ ਚਾਹੀਦੀ ਹੈ।

ਦੁਸ਼ਮਣ ’ਚ ਸਿਰਫ਼ ਤੁਹਾਡੇ ਹਥਿਆਰਾਂ ਦੇ ਜ਼ਖੀਰੇ ਦਾ ਹੀ ਡਰ ਨਾ ਹੋਵੇ, ਬਲਕਿ ਉਨ੍ਹਾਂ ਦੀ ਵਰਤੋਂ ਕਰਨ ਦੀ ਤੁਹਾਡੀ ਦ੍ਰਿੜ੍ਹਤਾ ਤੋਂ ਵੀ ਉਹ ਡਰਦਾ ਹੋਵੇ। ਜੇ ਕੋਈ ਦੇਸ਼ ਅਜਿਹੀ ਫ਼ੌਜੀ ਸਮੱਗਰੀ ਦੀ ਦਰਾਮਦ ’ਤੇ ਨਿਰਭਰ ਹੋਵੇ, ਜੋ ਤਤਕਾਲ ਉਪਲੱਬਧ ਨਾ ਹੋਵੇ ਜਾਂ ਰੱਖਿਆ ਇਕਰਾਰਨਾਮੇ ਗੁਪਤ ਸ਼ਰਤਾਂ ਨਾਲ ਬੱਝੇ ਹੋਣ ਤਾਂ ਰਣਨੀਤਕ ਸਮਰੱਥਾ ਸਦਾ ਸ਼ੱਕ ਦੇ ਘੇਰੇ ’ਚ ਰਹੇਗੀ।

ਕੋਈ ਵੀ ਦੇਸ਼ ਤਦ ਤੱਕ ਪ੍ਰਭੂਸੱਤਾ ਸੰਪੰਨ ਹੋਣ ਦਾ ਦਾਅਵਾ ਨਹੀਂ ਕਰ ਸਕਦਾ, ਜਦ ਤੱਕ ਕਿ ਉਹ ਆਪਣੀ ਰੱਖਿਆ ਲਈ ਜ਼ਰੂਰੀ ਰੱਖਿਆ ਸਮੱਗਰੀ ਦੇ ਨਿਰਮਾਣ, ਰੱਖਰਖਾਅ ਤੇ ਉਸ ਨੂੰ ਸਮੇਂ ਮੁਤਾਬਕ ਅਪਗ੍ਰੇਡ ਕਰਨ ’ਚ ਸਮਰੱਥ ਨਹੀਂ ਹੋ ਜਾਂਦਾ। ਰੋਕਥਾਮ ਦੀ ਸ਼ਕਤੀ ਸਿਰਫ਼ ਸਮਰੱਥਾ ਹਾਸਲ ਕਰਨ ਨਾਲ ਨਹੀਂ, ਬਲਕਿ ਉਸ ਸਮਰੱਥਾ ਦੀ ਭਰੋਸੇਯੋਗ ਵਰਤੋਂ ਨਾਲ ਵੀ ਹਾਸਲ ਹੁੰਦੀ ਹੈ। ਭਾਰਤ ਇਨ੍ਹਾਂ ਸਾਰੇ ਪਹਿਲੂਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਤੇ ਆਪ੍ਰੇਸ਼ਨ ਸਿੰਧੂਰ ਨੂੰ ਇਸ ਦਾ ਐਲਾਨ ਕਿਹਾ ਜਾ ਸਕਦਾ ਹੈ। ਆਪ੍ਰੇਸ਼ਨ ਸਿੰਧੂਰ ਦੇ ਤਹਿਤ ਪਾਕਿਸਤਾਨ ’ਤੇ ਕੀਤੀ ਗਈ ਫ਼ੌਜੀ ਕਾਰਵਾਈ ਸਟੀਕਤਾ, ਧੀਰਜ ਤੇ ਜ਼ਬਰਦਸਤ ਤਕਨੀਕੀ ਦਬਦਬੇ ਨਾਲ ਭਰਪੂਰ ਰਹੀ। ਪੂਰਾ ਵਿਸ਼ਵ ਸਿਰਫ਼ ਇਸ ਦੇ ਹੈਰਾਨੀਜਨਕ ਨਤੀਜੇ ਤੋਂ ਹੈਰਾਨ ਹੀ ਨਹੀਂ ਹੈ, ਬਲਕਿ ਸਾਡੀ ਸਵਦੇਸ਼ੀ ਤਕਨੀਕੀ ਸਮਰੱਥਾ ਦਾ ਲੋਹਾ ਮੰਨ ਰਿਹਾ ਹੈ। ਇਹ ਮੁਹਿੰਮ ਭਾਰਤੀ ਵਿਗਿਆਨੀਆਂ ਦੀ ਤਕਨੀਕ ਤੇ ਭਾਰਤੀ ਉਪਗ੍ਰਿਹਾਂ ਰਾਹੀਂ ਸੰਚਾਲਿਤ ਕੀਤੀ ਗਈ।

ਪਾਕਿਸਤਾਨ ਨੇ ਜਦ ਭਾਰਤ ਦੀ ਉੱਤਰੀ ਅਤੇ ਪੱਛਮੀ ਸਰਹੱਦ ’ਤੇ ਡ੍ਰੋਨਾਂ ਦੀ ਕਾਰਵਾਈ ਸ਼ੁਰੂ ਕੀਤੀ ਤਾਂ ਡੀਆਰਡੀ ਵੱਲੋਂ ਵਿਕਸਿਤ ਸਰਫੇਸ ਟੂ ਏਅਰ ਮਿਜ਼ਾਈਲ ਸਿਸਟਮ ਆਕਾਸ਼ ਨੇ ਉਨ੍ਹਾਂ ਨੂੰ ਸਟੀਕ ਨਿਸ਼ਾਨੇ ਨਾਲ ਖ਼ਤਮ ਕਰ ਦਿੱਤਾ। ਸੰਵੇਦਨਸ਼ੀਲ ਇਲਾਕਿਆਂ ਨੂੰ ਹਵਾਈ ਹਮਲਿਆਂ ਤੋਂ ਬਚਾਉਣ ਦੇ ਟੀਚੇ ਨਾਲ ਵਿਕਸਿਤ ਆਕਾਸ਼ ਸਿਸਟਮ ਇਕੱਠੇ ਕਈ ਟੀਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਸਮਰੱਥ ਹੈ। ਪੇਚੋਰਾ ਤੇ ਓਐੱਸਏ-ਏਕੇ ਵਰਗੇ ਪੁਰਾਣੇ ਸਿਸਟਮ ਨੇ ਬਾਹਰਲੇ ਘੇਰੇ ਨੂੰ ਸੁਰੱਖਿਅਤ ਰੱਖਿਆ ਜਦਕਿ ਆਕਾਸ਼ ਨੇ ਇਕ ਸ਼ਾਨਦਾਰ ਕਵਚ ਦੀ ਭੂਮਿਕਾ ਨਿਭਾਈ।



ਆਕਾਸ਼ਤੀਰ ਨੇ ਵੀ ਇਕ ਨਵੀਂ ਮਿਸਾਲ ਪੇਸ਼ ਕੀਤੀ। ਬਹੁਤ ਖ਼ਾਮੋਸ਼ੀ ਨਾਲ ਵਿਕਸਿਤ ਆਕਾਸ਼ਤੀਰ ਲਈ ਆਪ੍ਰੇਸ਼ਨ ਸਿੰਧੂਰ ਆਪਣੀ ਸਮਰੱਥਾ ਦਿਖਾਉਣ ਦਾ ਮੌਕਾ ਬਣਿਆ। ਇਸ ਨੇ ਦਰਸਾਇਆ ਕਿ ਇਹ ਇਕ ਅਜਿਹੀ ਰੱਖਿਆ ਪ੍ਰਣਾਲੀ ਹੈ ਜੋ ਜੰਗ ਦੇ ਨਤੀਜੇ ਬਦਲਣ ਦੀ ਸਮਰੱਥਾ ਰੱਖਦੀ ਹੈ। ਇਹ ਪੂਰੀ ਤਰ੍ਹਾਂ ਸਵਦੇਸ਼ੀ ਬਿਹਤਰੀਨ ਰੱਖਿਆ ਤਕਨੀਕ ਹੈ। ਜਿੱਥੇ ਪਾਕਿਸਤਾਨ ਚੀਨ ’ਚ ਬਣੇ ਐੱਚਕਿਊ-9 ਤੇ ਐੱਚਕਿਊ-16 ਵਰਗੀਆਂ ਪ੍ਰਣਾਲੀਆਂ ਦੇ ਭਰੋਸੇ ਰਿਹਾ, ਜੋ ਭਾਰਤੀ ਹਮਲੇ ਦੇ ਅੱਗੇ ਟਿਕ ਨਹੀਂ ਸਕੀਆਂ, ਉਥੇ ਆਕਾਸ਼ਤੀਰ ਅਜਿਹੀ ਢਾਲ ਬਣਿਆ ਜਿਸ ਨੇ ਹਰੇਕ ਪਾਕਿਸਤਾਨੀ ਪ੍ਰੋਜੈਕਟਾਈਲ ਨੂੰ ਤਬਾਹ ਕਰ ਕੇ ਦਿਖਾਇਆ। ਇਹ ਆਤਮਨਿਰਭਰਤਾ ਦੀ ਚੰਗੀ ਪੇਸ਼ਕਾਰੀ ਹੈ। ਅਭੇਦ ਡਿਫੈਂਸ ਲਾਈਨ ਦੇ ਨਾਲ ਭਾਰਤ ਦੀ ਮਾਰੂ ਸਮਰੱਥਾ ਵੀ ਪਾਕਿਸਤਾਨ ਦਾ ਲੱਕ ਤੋੜਨ ਵਾਲੀ ਰਹੀ। ਦੇਸ਼ ’ਚ ਅਸੈਂਬਲ ਹੋਏ ਕਾਮੀਕਾਜੇ ਡ੍ਰੋਨ ਆਪਣੇ ਟੀਚੇ ਦੀ ਨਿਸ਼ਾਨਦੇਹੀ ਦੇ ਨਾਲ ਉਸ ਦੇ ਆਲੇ ਦੁਆਲੇ ਮੰਡਰਾਉਣ ’ਚ ਸਮਰੱਥ ਹਨ, ਜੋ ਮਿਜ਼ਾਈਲ ਹਮਲਿਆਂ ਲਈ ਆਧਾਰ ਤਿਆਰ ਕਰਦੇ ਹਨ। ਇਹ ਦਰਸਾਉਂਦਾ ਹੈ ਕਿ ਭਾਰਤੀ ਇੰਜੀਨੀਅਰ ਰੱਖਿਆ ਮੁਲਾਜ਼ਮਾਂ ਦੀ ਜਾਨ ਜੋਖ਼ਮ ’ਚ ਪਾਏ ਬਿਨਾਂ ਖ਼ਤਰਨਾਕ ਸਮਰੱਥਾ ਵਾਲੀ ਸਮੱਗਰੀ ਤਿਆਰ ਕਰ ਸਕਦੇ ਹਨ।

ਪਾਕਿਸਤਾਨ ਖ਼ਿਲਾਫ਼ ਇਹ ਪੂਰੀ ਮੁਹਿੰਮ ਸਿਰਫ਼ 23 ਮਿੰਟ ’ਚ ਅੰਜਾਮ ਦਿੱਤੀ ਗਈ। ਦੁਸ਼ਮਣ ਦੀ ਦਰਾਮਦ ਵਾਲੀ ਰੱਖਿਆ ਪ੍ਰਣਾਲੀ ਨੂੰ ਇਸ ਦਾ ਪਤਾ ਤੱਕ ਨਹੀਂ ਲੱਗ ਸਕਿਆ ਤੇ ਲੱਗਿਆ ਵੀ ਹੋਵੇਗਾ ਤਾਂ ਉਹ ਉਸ ਦਾ ਕੁਝ ਵਿਗਾੜ ਨਹੀਂ ਸਕੀ। ਆਪ੍ਰੇਸ਼ਨ ਸਿੰਧੂਰ ’ਚ ਇਸਰੋ ਦੇ ਉਪਗ੍ਰਿਹਾਂ ਦੀ ਵੀ ਅਹਿਮ ਭੂਮਿਕਾ ਰਹੀ। ਘੱਟੋ ਘੱਟ ਦਸ ਉਪਗ੍ਰਿਹ ਦੁਸ਼ਮਣ ਦੀਆਂ ਸਰਗਰਮੀਆਂ ਦਾ ਪਤਾ ਲਾ ਰਹੇ ਸਨ।

ਉਨ੍ਹਾਂ ਨੇ ਟੀਚਿਆਂ ਦੀ ਨਿਸ਼ਾਨਦੇਹੀ ਕਰਨ ’ਚ ਤਾਲਮੇਲ ਦੇ ਨਾਲ ਹੀ ਬਿਨਾਂ ਅੜਿੱਕਾ ਸੰਚਾਰ ਯਕੀਨੀ ਬਣਾਇਆ। ਇਹ ਫ਼ੌਜੀ ਮੁਹਿੰਮ ਘਰੇਲੂ ਡ੍ਰੋਨ ਉਦਯੋਗ ਦੀ ਸਮਰੱਥਾ ਨੂੰ ਵਿਆਪਕ ਮਾਨਤਾ ਦਿਵਾਉਣ ਦਾ ਮੰਚ ਵੀ ਬਣੀ। ਉਤਪਾਦਨ ਆਧਾਰਿਤ ਪ੍ਰੋਤਸਾਹਨ ਭਾਵ ਪੀ ਐੱਲ ਆਈ ਯੋਜਨਾ ਨਾਲ ਦੇਸ਼ ’ਚ 11 ਅਰਬ ਡਾਲਰ ਦੇ ਡ੍ਰੋਨ ਉਦਯੋਗ ਨੂੰ ਤੇਜ਼ੀ ਨਾਲ ਖੰਭ ਲੱਗੇ ਹਨ। ਇਹ ਪਹਿਲ ਸਿਰਫ਼ ਆਰਥਿਕ ਕ੍ਰਾਂਤੀ ਹੀ ਨਹੀਂ, ਰਣਨੀਤਕ ਤਿਆਰੀ ਦੀ ਅਹਿਮ ਕੜੀ ਬਣ ਕੇ ਵੀ ਉੱਭਰੀ ਹੈ।

ਅੱਜ ਭਾਰਤ ’ਚ ਰੱਖਿਆ ਉਤਪਾਦਨ ਦਾ ਘੇਰਾ ਏਨਾ ਵਧ ਗਿਆ ਹੈ, ਜਿਸ ਦੀ ਇਕ ਦਹਾਕੇ ਪਹਿਲਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਲੜਾਕੂ ਜਹਾਜ਼ ਤੇਜਸ ਤੋਂ ਲੈ ਕੇ ਧਨੁਸ਼ ਆਰਟੀਲਰੀ ਤੇ ਅਰਜੁਨ ਟੈਂਕ ਤੋਂ ਲੈ ਕੇ ਆਪਣੇ ਦੇਸ਼ ’ਚ ਬਣੀਆਂ ਪਨਡੁੱਬੀਆਂ ਤੱਕ ਦੇਸ਼ ’ਚ 65 ਫ਼ੀਸਦੀ ਰੱਖਿਆ ਉਪਕਰਣਾਂ ਦਾ ਨਿਰਮਾਣ ਘਰੇਲੂ ਪੱਧਰ ’ਤੇ ਹੋ ਰਿਹਾ ਹੈ। ਪਹਿਲਾਂ 70 ਫ਼ੀਸਦੀ ਦਰਾਮਦ ਦੇ ਅਨੁਪਾਤ ’ਚ ਇਹ ਉਪਲੱਬਧੀ ਬਹੁਤ ਉੱਚੀ ਛਾਲ ਹੈ। ਵਿੱਤੀ ਸਾਲ 2024 ਦੌਰਾਨ ਭਾਰਤ ’ਚ 1.27 ਲੱਖ ਕਰੋੜ ਰੁਪਏ ਦਾ ਰਿਕਾਰਡ ਰੱਖਿਆ ਉਤਪਾਦਨ ਹੋਇਆ, ਜੋ ਵਿੱਤੀ ਸਾਲ 2014 ਦੇ 24,000 ਕਰੋੜ ਰੁਪਏ ਦੇ ਉਤਪਾਦਨ ਦੀ ਤੁਲਨਾ ’ਚ 24 ਗੁਣਾ ਵੱਧ ਰਿਹਾ। 2029 ਤੱਕ ਭਾਰਤ ਦਾ ਟੀਚਾ ਤਿੰਨ ਲੱਖ

**(ਬਾਕੀ ਸਫਾ 18 ‘ਤੇ)**

# ਹੁਣ ਪੰਕਚਰ ਨਹੀਂ ਹੋਣਗੇ ਟਾਇਰ

ਅੱਧੀ ਸਦੀ ਬਾਅਦ ਚੰਦਰਮਾ ਅਤੇ ਫਿਰ ਮੰਗਲ ਗ੍ਰਹਿ 'ਤੇ ਵਾਪਸ ਜਾਣਾ, ਅਸਲ ਵਿੱਚ ਪਹੀਏ ਦੀ ਮੁੜ ਕਾਢ ਕੱਢਣ ਵਾਂਗ ਹੈ। ਆਖ਼ਰਕਾਰ, ਜੇ ਤੁਹਾਡੀ ਕਾਰ ਪੰਚਰ ਹੋ ਜਾਂਦੀ ਹੈ ਤਾਂ ਮੰਗਲ ਗ੍ਰਹਿ ਤੱਕ ਵਾਪਸ ਆਉਣਾ ਬਹੁਤ ਦੂਰ ਹੈ। ਫਰਾਂਸੀਸੀ ਟਾਇਰ ਨਿਰਮਾਤਾ ਮਿਸ਼ੇਲਿਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਫਲੋਰੈਂਟ ਮੇਨੇਗੌਕਸ ਕਹਿੰਦੇ ਹਨ, "ਇੱਕ ਚੀਜ਼ ਜੋ ਤੁਸੀਂ ਉੱਥੇ ਹਾਸਲ ਨਹੀਂ ਕਰ ਸਕਦੇ ਉਹ ਹੈ ਪੰਚਰ।" ਮੰਗਲ ਗ੍ਰਹਿ 'ਤੇ ਮੁਸ਼ਕਲ ਹਾਲਾਤਾਂ ਨੂੰ ਮਨੁੱਖ ਰਹਿਤ ਕਿਊਰੋਸਿਟੀ ਰੋਵਰ ਦੇ ਤਜਰਬਿਆਂ ਰਾਹੀਂ ਦਰਸਾਇਆ ਗਿਆ ਹੈ।

ਸਾਲ 2012 ਉਤਰਨ ਤੋਂ ਸਿਰਫ਼ ਇੱਕ ਸਾਲ ਬਾਅਦ, ਇਸ ਦੇ ਛੇ ਸਖ਼ਤ ਐਲੂਮੀਨੀਅਮ ਟਾਇਰ ਪੰਚਰ ਅਤੇ ਫਟ ਗਏ ਸਨ। ਜਿੱਥੋਂ ਤੱਕ ਚੰਦਰਮਾ ਦੀ ਗੱਲ ਹੈ, ਯੂਐਸ ਆਰਟੇਮਿਸ ਮਿਸ਼ਨਾਂ ਦਾ ਟੀਚਾ ਪੁਲਾੜ ਯਾਤਰੀਆਂ ਨੂੰ ਉੱਥੇ ਸਾਲ 2027 ਤੱਕ ਵਾਪਸ ਲੈ ਕੇ ਜਾਣ ਦਾ ਹੈ। ਬਾਅਦ ਵਿੱਚ ਆਰਟੇਮਿਸ ਮਿਸ਼ਨ ਚੰਦਰਮਾ ਦੇ ਦੱਖਣੀ ਧਰੁਵ ਦੀ ਪੜਚੋਲ ਕਰਨ ਲਈ ਇੱਕ ਚੰਦਰ ਰੋਵਰ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹਨ, ਜੋ ਕਿ ਆਰਟੇਮਿਸ V ਤੋਂ ਸ਼ੁਰੂ ਹੁੰਦਾ ਹੈ, ਜੋ ਕਿ ਵਰਤਮਾਨ ਵਿੱਚ 2030 ਲਈ ਤਹਿ ਕੀਤਾ ਗਿਆ ਹੈ।

ਆਰਟੇਮਿਸ ਪੁਲਾੜ ਯਾਤਰੀ ਆਪਣੇ ਅਪੋਲੋ



ਪੁਰਖਿਆਂ ਨਾਲੋਂ ਬਹੁਤ ਅੱਗੇ ਚੱਲ ਰਹੇ ਹੋਣਗੇ, ਜਿਨ੍ਹਾਂ ਨੇ 1969 ਅਤੇ 1972 ਦੇ ਵਿਚਕਾਰ ਛੇ ਲੈਂਡਿੰਗਾਂ ਵਿੱਚ ਕਦੇ ਵੀ ਚੰਦਰਮਾ ਦੀ ਸਤ੍ਹਾ ਤੋਂ 25 ਮੀਲ (40 ਕਿਲੋਮੀਟਰ) ਤੋਂ ਵੱਧ ਦੀ ਉਡਾਣ ਨਹੀਂ ਭਰੀ। ਕੇਂਦਰੀ ਫਰਾਂਸੀਸੀ ਸ਼ਹਿਰ ਕਲੇਰਮਾਂਟ ਫੇਰੈਂਡ ਵਿੱਚ ਮਿਸ਼ੇਲਿਨ ਦੇ ਚੰਦਰ ਹਵਾ ਰਹਿਤ ਪਹੀਏ ਪ੍ਰੋਗਰਾਮ ਨੂੰ ਚਲਾਉਣ ਵਾਲੇ ਸਿਲਵੇਨ ਬਾਰਥੇਟ ਆਖਦੇ ਹਨ, "ਟੀਚਾ 10 ਸਾਲਾਂ ਵਿੱਚ 10,000 ਕਿਲੋਮੀਟਰ ਨੂੰ ਕਵਰ ਕਰਨਾ ਹੈ।" ਡਾ. ਸੈਂਟੋ ਪਾਦੁਲਾ ਕਹਿੰਦੇ ਹਨ, "ਅਸੀਂ ਛੋਟੀਆਂ, ਹਫ਼ਤੇ ਭਰ ਦੀਆਂ ਲੰਬੀਆਂ ਮਿਆਦਾਂ ਬਾਰੇ ਗੱਲ ਨਹੀਂ ਕਰ ਰਹੇ ਹਾਂ, ਅਸੀਂ ਦਹਾਕਿਆਂ ਦੀ ਵਰਤੋਂ ਬਾਰੇ ਗੱਲ ਕਰ ਰਹੇ ਹਾਂ।" ਡਾ. ਸੈਂਟੋ ਪਾਦੁਲਾ ਨੇ ਸਮੱਗਰੀ ਵਿਗਿਆਨ ਵਿੱਚ ਪੀਐੱਚਡੀ ਕੀਤੀ ਹੈ ਅਤੇ ਉਹ ਕਲੀਵਲੈਂਡ, ਓਹੀਓ ਵਿੱਚ ਜੌਨ ਗਲੇਨ ਰਿਸਰਚ ਸੈਂਟਰ ਵਿੱਚ ਇੱਕ ਇੰਜੀਨੀਅਰ ਵਜੋਂ ਨਾਸਾ ਲਈ ਕੰਮ ਕਰਦੇ ਹਨ। ਚੰਦਰਮਾ ਲਈ ਤਕਨਾਲੋਜੀ ਵਿਕਸਤ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਇੱਕ ਵੱਡੀ ਚੁਣੌਤੀ ਉੱਥੋਂ ਦੀਆਂ ਵਿਸ਼ਾਲ ਤਾਪਮਾਨ ਸੀਮਾਵਾਂ ਹਨ। ਚੰਦਰਮਾ ਦੇ ਧਰੁਵਾਂ 'ਤੇ ਤਾਪਮਾਨ -230% ਤੋਂ ਘੱਟ ਡਿੱਗ ਸਕਦਾ ਹੈ, ਇਹ ਪੂਰਨ ਜ਼ੀਰੋ ਤੋਂ ਬਹੁਤ ਦੂਰ ਨਹੀਂ ਹੈ, ਜਿੱਥੇ ਪਰਮਾਣੂ ਗਤੀ ਕਰਨਾ ਬੰਦ ਕਰ ਦਿੰਦੇ ਹਨ ਅਤੇ ਇਹ ਟਾਇਰਾਂ ਲਈ ਇੱਕ ਸਮੱਸਿਆ ਹੈ। ਡਾ. ਪਾਦੁਲਾ ਕਹਿੰਦੇ ਹਨ, "ਪਰਮਾਣੂ ਗਤੀ ਤੋਂ ਬਿਨ੍ਹਾਂ ਤੁਹਾਡੇ ਲਈ ਸਮੱਗਰੀ ਨੂੰ ਖੋਲ੍ਹਣ ਅਤੇ ਵਾਪਸ ਲੈ ਕੇ ਆਉਣ ਵਿੱਚ ਮੁਸ਼ਕਲ ਹੁੰਦੀ ਹੈ।" ਟਾਇਰਾਂ ਨੂੰ ਚੱਟਾਨਾਂ ਉੱਤੇ ਜਾਂਦੇ ਸਮੇਂ ਅਤੇ ਫਿਰ ਆਪਣੇ ਅਸਲ ਆਕਾਰ ਵਿੱਚ ਵਾਪਸ ਆਉਣ ਵੇਲੇ ਖੁੱਲ੍ਹਣ ਯੋਗ ਹੋਣਾ ਚਾਹੀਦਾ ਹੈ। ਡਾ. ਪਾਦੁਲਾ ਕਹਿੰਦੇ ਹਨ, "ਜੇ ਅਸੀਂ ਇੱਕ ਟਾਇਰ ਨੂੰ ਸਥਾਈ ਤੌਰ 'ਤੇ ਖੋਲ੍ਹਦੇ ਹਾਂ, ਤਾਂ ਇਹ ਕੁਸ਼ਲਤਾ ਨਾਲ ਨਹੀਂ ਘੁੰਮਦਾ ਅਤੇ ਸਾਨੂੰ ਬਿਜਲੀ ਦੇ ਨੁਕਸਾਨ ਦੀਆਂ ਸਮੱਸਿਆਵਾਂ ਹਨ।" ਨਵੇਂ ਪਹੀਏ ਅਪੋਲੋ ਪੁਲਾੜ ਯਾਤਰੀਆਂ ਵੱਲੋਂ ਵਰਤੋਂ ਕੀਤੇ ਜਾਣ ਵਾਲੇ ਘੱਟ ਭਾਰ ਵਾਲੇ ਰੋਵਰਾਂ ਨਾਲੋਂ ਬਹੁਤ ਜ਼ਿਆਦਾ ਭਾਰ ਵੀ ਚੁੱਕ ਸਕਣਗੇ। ਉਹ ਕਹਿੰਦੇ ਹਨ, "ਅਗਲੇ ਪੁਲਾੜ ਮਿਸ਼ਨਾਂ ਨੂੰ "ਵੱਡੇ ਵਿਗਿਆਨ ਪਲੇਟਫਾਰਮਾਂ ਅਤੇ ਮੋਬਾਈਲ ਨਿਵਾਸ ਸਥਾਨਾਂ ਦੇ ਆਲੇ-ਦੁਆਲੇ ਘੁੰਮਣਾ ਪਵੇਗਾ ਜੋ ਵੱਡੇ ਹੁੰਦੇ ਜਾ ਰਹੇ ਹਨ।" ਅਤੇ ਇਹ ਮੰਗਲ ਗ੍ਰਹਿ 'ਤੇ ਇੱਕ ਹੋਰ ਵੀ ਵੱਡੀ ਸਮੱਸਿਆ ਹੋਵੇਗੀ, ਜਿੱਥੇ ਗੁਰੂਤਾ ਚੰਦਰਮਾ ਨਾਲੋਂ ਦੁੱਗਣੀ ਹੈ।

### ਊਠਾਂ ਦੇ ਪੈਰਾਂ ਦੇ ਤਲਵਿਆਂ ਦਾ ਇੱਕ ਮਾਡਲ

ਅਪੋਲੋ ਦੇ ਚੰਦਰ ਰੋਵਰਾਂ ਨੇ ਇੱਕ ਬੁਣੇ ਹੋਏ ਜਾਲ ਵਿੱਚ ਜ਼ਿੰਕ-ਕੋਟੇਡ ਪਿਆਨੋ ਤਾਰ ਤੋਂ ਬਣੇ ਟਾਇਰਾਂ ਦੀ ਵਰਤੋਂ ਕੀਤੀ, ਜਿਸ ਦੀ ਰੇਂਜ ਲਗਭਗ 21 ਮੀਲ ਹੈ। ਕਿਉਂਕਿ ਬਹੁਤ ਜ਼ਿਆਦਾ ਤਾਪਮਾਨ ਅਤੇ ਬ੍ਰਹਿਮੰਡੀ ਕਿਰਨਾਂ ਰਬੜ ਨੂੰ ਪਿਘਲਾ ਦਿੰਦੀਆਂ ਹਨ ਜਾਂ ਇਸ ਨੂੰ ਸ਼ੀਸ਼ੇ ਦੇ ਟੁਕੜਿਆਂ ਵਿੱਚ ਬਦਲ ਦਿੰਦੀਆਂ ਹਨ, ਇਸ ਲਈ ਹਵਾ ਰਹਿਤ ਸਪੇਸ ਟਾਇਰਾਂ ਲਈ ਧਾਤ ਦੇ ਮਿਸ਼ਰਤ ਮਿਸ਼ਰਣ ਅਤੇ ਉੱਚ-ਪ੍ਰਦਰਸ਼ਨ ਵਾਲੇ ਪਲਾਸਟਿਕ ਮੁੱਖ ਦਾਅਵੇਦਾਰ ਹਨ। ਯੂਰਪੀਅਨ ਸਪੇਸ ਏਜੰਸੀ (ਈਐੱਸਏ) ਦੇ ਰੋਸਾਲਿੰਡ ਫ੍ਰੈਂਕਲਿਨ ਮਿਸ਼ਨ ਦੇ ਟੀਮ ਲੀਡਰ ਪੀਟਰੋ ਬੈਗਲੀਅਨ ਕਹਿੰਦੇ ਹਨ, "ਆਮ ਤੌਰ 'ਤੇ, ਇਨ੍ਹਾਂ ਪਹੀਆਂ ਲਈ ਧਾਤੂ ਜਾਂ ਕਾਰਬਨ ਫਾਈਬਰ-ਅਧਾਰਤ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ।" ਇਸ ਦਾ ਉਦੇਸ਼ 2028 ਤੱਕ ਮੰਗਲ 'ਤੇ ਆਪਣਾ ਰੋਵਰ ਭੇਜਣਾ ਹੈ। ਇੱਕ ਆਸਵੰਦ ਸਮੱਗਰੀ ਨਾਈਟੀਨੋਲ ਹੈ, ਜੋ ਕਿ ਨਿੱਕਲ ਅਤੇ ਟਾਈਟੇਨੀਅਮ ਦਾ ਮਿਸ਼ਰਤ ਮਿਸ਼ਰਣ ਹੈ। ਦਿ ਸਮਾਰਟ ਟਾਇਰ ਕੰਪਨੀ ਦੇ ਮੁੱਖ ਕਾਰਜਕਾਰੀ ਅਰਲ ਪੈਟ੍ਰਿਕ ਕੋਲ ਕਹਿੰਦੇ ਹਨ, "ਇਨ੍ਹਾਂ ਨੂੰ ਵਿਊਜ਼ ਕਰੋ ਅਤੇ ਇਹ ਇੱਕ ਰਬੜ-ਐਕਟਿੰਗ ਧਾਤ (ਰਬੜ ਵਰਗੀ) ਬਣਾਉਂਦਾ ਹੈ ਜੋ ਇਹਨਾਂ ਸਾਰੇ ਵੱਖ-ਵੱਖ ਤਰੀਕਿਆਂ ਨਾਲ ਮੁੜ ਸਕਦੀ ਹੈ ਅਤੇ ਇਹ ਹਮੇਸ਼ਾ ਆਪਣੇ ਮੂਲ ਆਕਾਰ ਵਿੱਚ ਖਿੱਚ ਆਵੇਗਾ।"

ਉਨ੍ਹਾਂ ਨੇ ਨਿਟੀਨੋਲ ਦੇ ਲਚਕਦਾਰ ਗੁਣਾਂ ਨੂੰ "ਤੁਹਾਡੇ ਵੱਲੋਂ ਦੇਖੀ ਗਈ ਸਭ ਤੋਂ ਅਜੀਬ ਚੀਜ਼ਾਂ ਵਿੱਚੋਂ ਇੱਕ" ਕਿਹਾ ਹੈ। ਡਾ. ਪਾਦੁਲਾ ਮੁਤਾਬਕ, ਨਿਟੀਨੋਲ ਸੰਭਾਵੀ ਤੌਰ 'ਤੇ "ਕ੍ਰਾਂਤੀਕਾਰੀ" ਪਦਾਰਥ ਹੈ ਕਿਉਂਕਿ ਮਿਸ਼ਰ ਧਾਤੂ ਅਵਸਥਾ ਬਦਲਣ ਦੇ ਨਾਲ-ਨਾਲ ਊਰਜਾ ਨੂੰ ਸੋਖਦਾ ਹੈ ਅਤੇ ਛੱਡਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਿੱਚ ਹੀਟਿੰਗ ਅਤੇ ਰੇਫ੍ਰਿਜਰੇਸ਼ਨ ਦੇ ਹੱਲ ਵੀ ਹੋ ਸਕਦੇ ਹਨ। ਹਾਲਾਂਕਿ, ਮਿਸ਼ੇਲਿਨ ਵਿਖੇ ਬਾਰਥੇਟ ਸੋਚਦੇ ਹਨ ਕਿ ਉੱਚ-ਪ੍ਰਦਰਸ਼ਨ ਵਾਲੇ ਪਲਾਸਟਿਕ ਦੇ ਨੇੜੇ ਦੀ ਸਮੱਗਰੀ ਉਨ੍ਹਾਂ ਟਾਇਰਾਂ ਲਈ ਵਧੇਰੇ ਢੁਕਵੀਂ ਹੋਵੇਗੀ ਜਿਨ੍ਹਾਂ ਨੂੰ ਚੰਦਰਮਾ 'ਤੇ ਲੰਬੀ ਦੂਰੀ ਤੈਅ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਦੌਰਾਨ ਬ੍ਰਿਜਸਟੋਨ ਨੇ ਊਠਾਂ ਦੇ ਪੈਰਾਂ ਦੇ ਤਲਵਿਆਂ ਦਾ ਇੱਕ ਮਾਡਲ ਬਾਇਓ-ਮਿਮਿਕਰੀ ਦ੍ਰਿਸ਼ਟੀਕੋਣ ਅਪਣਾਇਆ ਹੈ। ਯਾਨਿ ਜਿਵੇਂ ਊਠ ਦਾ ਪੈਰ ਰੇਗਿਸਤਾਨ 'ਚ ਨਹੀਂ ਧੱਸਦਾ ਉੱਝ ਹੀ ਇਹ ਪਹੀਏ ਵੀ ਚੰਦਰਮਾ ਦੇ ਪਥਰੀਲੇ 'ਤੇ ਖੱਡਿਆਂ ਭਰੇ ਸਤ੍ਹਾ 'ਚ ਨਹੀਂ ਧੱਸਦੇ। ਇਸ ਤੋਂ ਪ੍ਰੇਰਿਤ ਹੋ ਕੇ, ਬ੍ਰਿਜਸਟੋਨ ਆਪਣੇ ਚੱਲਣ ਲਾਇਕ ਸਮੱਗਰੀ ਦੀ ਵਰਤੋਂ ਕਰ ਰਿਹਾ ਹੈ, ਜਦਕਿ ਪਹੀਆਂ ਵਿੱਚ ਪਤਲੇ ਧਾਤ ਦੇ ਸਪੋਕ ਹਨ ਜੋ ਮੁੜ ਸਕਦੇ ਹਨ। ਲਚਕਤਾ ਚੰਦਰਮਾ ਮੋਡਿਊਲ ਦੇ ਭਾਰ ਨੂੰ ਇੱਕ ਵੱਡੇ ਸੰਪਰਕ ਖੇਤਰ ਉੱਤੇ ਵੰਡਦੀ ਹੈ, ਇਸ ਲਈ ਇਹ ਚੰਨ ਦੀ ਸਤ੍ਹਾ 'ਤੇ ਚੱਟਾਨ ਅਤੇ ਧੂੜ ਦੇ ਟੁਕੜਿਆਂ ਵਿੱਚ ਫਸੇ ਬਿਨਾਂ ਗੱਡੀ ਚਲਾ ਸਕਦਾ ਹੈ। ਮਿਸ਼ੇਲਿਨ ਅਤੇ ਬ੍ਰਿਜਸਟੋਨ ਦੋਵੇਂ ਵੱਖਰੇ ਸੰਘਾਂ ਦਾ ਹਿੱਸਾ ਹਨ ਜੋ, ਕੈਲੀਫੋਰਨੀਆ ਦੇ ਵੈਂਚੂਰੀ ਐਸਟ੍ਰੋਲੈਬ ਦੇ ਨਾਲ ਮਿਲ ਕੇ, ਇਸ ਮਹੀਨੇ (ਮਈ) ਜੌਨ ਗਲੇਨ ਸੈਂਟਰ ਵਿਖੇ ਨਾਸਾ ਨੂੰ ਆਪਣੀਆਂ ਪ੍ਰਸਤਾਵਿਤ ਟਾਇਰ ਤਕਨਾਲੋਜੀਆਂ ਪੇਸ਼ ਕਰ ਰਹੇ ਹਨ।

ਨਾਸਾ ਇਸ ਸਾਲ ਦੇ ਅੰਤ ਵਿੱਚ ਫ਼ੈਸਲਾ ਲੈ ਸਕਦਾ ਹੈ। ਇਹ ਇੱਕ ਪ੍ਰਸਤਾਵ ਚੁਣ ਸਕਦਾ ਹੈ ਜਾਂ ਉਨ੍ਹਾਂ ਵਿੱਚੋਂ ਕਈ ਤੱਤਾਂ ਨੂੰ ਅਪਣਾ ਸਕਦਾ ਹੈ। ਇਸ ਦੌਰਾਨ, ਮਿਸ਼ੇਲਿਨ ਕਲੇਰਮਾਂਟ ਦੇ ਨੇੜੇ ਇੱਕ ਜਵਾਲਾਮੁਖੀ 'ਤੇ ਇੱਕ ਸੈਂਪਲ ਰੋਵਰ ਚਲਾ ਕੇ ਆਪਣੇ ਟਾਇਰਾਂ ਦੀ ਜਾਂਚ ਕਰ ਰਿਹਾ ਹੈ, ਜਿਸ ਦਾ ਪਾਊਡਰ ਵਾਲਾ ਇਲਾਕਾ ਚੰਦਰਮਾ ਦੀ ਸਤ੍ਹਾ ਵਰਗਾ ਹੈ। ਬ੍ਰਿਜਸਟੋਨ ਪੱਛਮੀ ਜਾਪਾਨ ਦੇ ਟੋਟੋਰੀ ਸੈਂਡ ਟਿੱਬਿਆਂ 'ਤੇ ਵੀ ਅਜਿਹਾ ਹੀ ਕਰ ਰਿਹਾ ਹੈ। ਬਾਰਥੇਟ ਕਹਿੰਦੇ ਹਨ ਕਿ ਈਐੱਸਏ ਇਸ ਸੰਭਾਵਨਾ ਦੀ ਵੀ ਪੜਚੋਲ ਕਰ ਰਿਹਾ ਹੈ ਕਿ ਕੀ ਯੂਰਪ ਹੋਰ ਮਿਸ਼ਨਾਂ ਲਈ ਆਪਣੇ-ਆਪ ਇੱਕ ਰੋਵਰ ਬਣਾ ਸਕਦਾ ਹੈ। ਇਸ ਕੰਮ ਦੇ ਧਰਤੀ 'ਤੇ ਕੁਝ ਉਪਯੋਗੀ ਪ੍ਰਯੋਗ ਹੋ ਸਕਦੇ ਹਨ।

ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਆਪਣੀ ਡਾਕਟਰੇਟ 'ਤੇ ਕੰਮ ਕਰਦੇ ਹੋਏ, ਡਾ. ਕੋਲ ਮੰਗਲ ਗ੍ਰਹਿ ਦੇ ਸੁਪਰ-ਇਲਾਸਟਿਕ ਰੋਵਰ ਟਾਇਰ ਤੋਂ ਕੁਝ ਤਕਨਾਲੋਜੀ ਦਾ ਵਪਾਰੀਕਰਨ ਕਰਨ ਲਈ ਨਾਸਾ ਦੇ ਇੱਕ ਉੱਦਮੀ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸ ਸਾਲ ਇੱਕ ਸ਼ੁਰੂਆਤੀ ਉਤਪਾਦ ਨਿੱਕਲ-ਟਾਈਟੇਨੀਅਮ ਸਾਈਕਲ ਟਾਇਰ ਹੋਵੇਗਾ। ਲਗਭਗ 150 ਡਾਲਰ (ਕਰੀਬ 13000 ਰੁਪਏ) ਪ੍ਰਤੀ ਟਾਇਰ ਦੀ ਕੀਮਤ ਦੇ ਨਾਲ, ਇਹ ਟਾਇਰ ਨਿਯਮਤ ਟਾਇਰਾਂ ਨਾਲੋਂ ਬਹੁਤ ਮਹਿੰਗੇ ਹਨ, ਪਰ ਬਹੁਤ ਟਿਕਾਊ ਹੋਣਗੇ। ਉਹ ਇਸ ਸਾਲ ਮੋਟਰਸਾਈਕਲਾਂ ਲਈ ਟਿਕਾਊ ਟਾਇਰਾਂ 'ਤੇ ਕੰਮ ਕਰਨ ਦੀ ਵੀ ਯੋਜਨਾ ਬਣਾ ਰਿਹਾ ਹੈ, ਜੋ ਕਿ ਕੱਚੀਆਂ ਸੜਕਾਂ ਵਾਲੇ ਖੇਤਰਾਂ ਲਈ ਸਹਾਇਕ ਹੋਣਗੇ। ਇਸ ਸਭ ਦੇ ਲਈ, ਉਨ੍ਹਾਂ ਦਾ "ਸੁਪਨਾ" ਮਨੁੱਖਤਾ ਦੀ ਚੰਦਰਮਾ 'ਤੇ ਵਾਪਸੀ ਵਿੱਚ ਭੂਮਿਕਾ ਨਿਭਾਉਣਾ ਬਾਕੀ ਹੈ। ਉਹ ਕਹਿੰਦੇ ਹਨ, "ਹੁਣ ਮੈਂ ਆਪਣੇ ਬੱਚਿਆਂ ਨੂੰ ਕਹਿ ਸਕਦਾ ਹਾਂ, ਚੰਦਰਮਾ 'ਤੇ ਦੇਖੋ ਡੈਡੀ ਦੇ ਟਾਇਰ ਲੱਗੇ ਹਨ।

# ਪੱਛਮੀ ਬੰਗਾਲ ਦੇ ਸਕੂਲਾਂ 'ਚ ਵੀ ਪੜ੍ਹਾਈ ਜਾ ਰਹੀ ਹੈ ਬੰਦਾ ਸਿੰਘ ਬਹਾਦਰ ਬਾਰੇ ਰਬਿੰਦਰਨਾਥ ਟੈਗੋਰ ਦੀ ਲਿਖੀ ਕਵਿਤਾ

ਪੰਜ ਦਰਿਆਵਾਂ ਕਿਨਾਰੇ, ਕੇਸ ਧਾਰਨ ਕਰ ਕੇ ਸਿੱਖ ਜਥੇਬੰਦ ਹੋ ਗਏ। ਉਹ ਨਿਰਭਉ ਤੇ ਨਿਰਵੈਰ ਸਨ। ਹਜ਼ਾਰਾਂ ਜੈਕਾਰੇ ਗੁਰੂ ਉਸਤਤਿ ਵਿੱਚ ਗੂੰਜਣ ਲੱਗੇ। ਸਿੱਖਾਂ ਦੀ ਨਜ਼ਰ ਨਵੀਂ ਸਵੇਰ ਵੱਲ ਹੋ ਤੁਰੀ। ਜਦੋਂ ਉਹ ਅਲਖ ਨਿਰੰਜਨ ਅਲਾਪਦੇ, ਭਰਮ ਭੁਲੇਖੇ ਟੁੱਟ ਜਾਂਦੇ, ਬੀਰ ਬਾਜੂਆਂ ਵਿੱਚ ਫੜੀਆਂ ਕਿਰਪਾਨਾਂ ਦੀ ਗੂੰਜਾਰ ਪੈਂਦੀ। ਪੰਜਾਬ ਅੱਜ ਤੱਕ ਅਲਖ-ਨਿਰੰਜਨ ਗਾ ਰਿਹਾ ਹੈ।" ਇਹ ਸਤਰਾਂ ਏਸ਼ੀਆ ਦੀ ਨੋਬੇਲ ਪੁਰਸਕਾਰ ਨਾਲ ਸਨਮਾਨਿਤ ਸਭ ਤੋਂ ਪਹਿਲੀ ਹਸਤੀ ਰਬਿੰਦਰ ਨਾਥ ਟੈਗੋਰ ਦੀ ਕਵਿਤਾ ਬੰਦੀ ਬੀਰ ਜਾਂ 'ਬੁੰਦੀ ਬੀਰ' (ਬੰਗਾਲੀ ਉਚਾਰਣ) ਦੇ ਅਨੁਵਾਦ ਦੀਆਂ ਹਨ। ਪੰਜਾਬੀ ਦੇ ਲੇਖਕ ਹਰਪਾਲ ਸਿੰਘ ਪੰਨੂ ਨੇ ਇਹ ਅਨੁਵਾਦ ਪੰਜਾਬੀ ਵਿੱਚ ਕੀਤਾ ਹੈ। ਰਬਿੰਦਰਨਾਥ ਟੈਗੋਰ ਨੇ ਇਹ ਕਵਿਤਾ ਪੰਜਾਬ ਵਿੱਚ ਪਹਿਲਾ ਸਿੱਖ ਰਾਜ ਸਥਾਪਿਤ ਕਰਨ ਵਾਲੇ ਬੰਦਾ ਸਿੰਘ ਬਹਾਦਰ ਬਾਰੇ ਲਿਖੀ ਹੈ।

### ਰਬਿੰਦਰਨਾਥ ਟੈਗੋਰ ਦਾ ਸੰਖੇਪ ਜੀਵਨ

ਰਬਿੰਦਰਨਾਥ ਟੈਗੋਰ ਦਾ ਜਨਮ ਸਾਲ 1861 ਵਿੱਚ ਹੋਇਆ ਸੀ। ਰਬਿੰਦਰਨਾਥ ਟੈਗੋਰ ਇੱਕ ਉੱਘੇ ਦਾਰਸ਼ਨਿਕ, ਲੇਖਕ ਤੇ ਕਵੀ ਸਨ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਬੰਗਾਲੀ ਤੇ ਅੰਗਰੇਜ਼ੀ ਸਾਹਿਤ ਵਿੱਚ ਵੱਡਾ ਯੋਗਦਾਨ ਪਾਇਆ। ਰਬਿੰਦਰਨਾਥ ਟੈਗੋਰ ਨੇ ਨਾ ਸਿਰਫ਼ ਬੰਗਾਲੀ ਸਾਹਿਤ ਨੂੰ ਨਵੀਂ ਦਿਸ਼ਾ ਦਿੱਤੀ ਸਗੋਂ ਭਾਰਤ ਦੀ ਸੱਭਿਆਚਾਰਕ ਤੇ ਸਮਾਜਿਕ ਚੇਤਨਾ ਨੂੰ ਵੀ ਨਵਾਂ ਰੂਪ ਦਿੱਤਾ। 19ਵੀਂ ਸਦੀ ਦੇ ਆਖ਼ਰੀ ਵਿੱਚ ਅਤੇ 20ਵੀਂ ਸਦੀ ਦੀ ਸ਼ੁਰੂਆਤ ਵਿੱਚ ਰਬਿੰਦਰ ਨਾਥ ਟੈਗੋਰ ਨੇ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਕਈ ਹਸਤੀਆਂ ਬਾਰੇ ਆਪਣੀਆਂ ਰਚਨਾਵਾਂ ਲਿਖੀਆਂ। ਇਨ੍ਹਾਂ ਰਚਨਾਵਾਂ ਨੂੰ ਇੱਕ ਕਿਤਾਬ ਦਾ ਰੂਪ ਦਿੱਤਾ ਗਿਆ ਜਿਸ ਦਾ ਨਾਂ 'ਕਥਾ ਕਾਹਿਨੀ' ਸੀ। ਇਹ ਕਿਤਾਬ ਮੂਲ ਰੂਪ ਵਿੱਚ ਬੰਗਾਲੀ ਵਿੱਚ ਲਿਖੀ ਗਈ ਸੀ। ਰਬਿੰਦਰਨਾਥ ਟੈਗੋਰ ਦੀ ਬੰਦਾ ਸਿੰਘ ਬਹਾਦਰ ਬਾਰੇ ਲਿਖੀ ਕਵਿਤਾ, 'ਬੰਦੀ ਬੀਰ' ਵੀ ਇਸੇ ਕਿਤਾਬ ਦਾ ਹਿੱਸਾ ਹੈ।

ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸੌਗਤਾ ਭਾਦੁਰੀ ਕਹਿੰਦੇ ਹਨ ਕਿ 'ਕਥਾ ਓ ਕਾਹਿਨੀ' ਵਿੱਚ ਬੰਦਾ ਸਿੰਘ ਬਹਾਦਰ ਦੇ ਨਾਲ-ਨਾਲ ਮਰਾਠਾ ਤੇ ਰਾਜਪੂਤ ਯੋਧਿਆਂ ਬਾਰੇ ਵੀ ਰਚਨਾਵਾਂ ਹਨ।

ਬੰਦੀ ਬੀਰ ਕਵਿਤਾ ਬੰਗਾਲੀ ਸਾਹਿਤ ਵਿੱਚ ਇੱਕ ਅਹਿਮ ਥਾਂ ਰੱਖਦੀ ਹੈ। ਕਈ ਸਾਹਿਤਕ ਹਸਤੀਆਂ ਵੱਲੋਂ ਇਸ ਕਵਿਤਾ ਦਾ ਹਿੰਦੀ ਤੇ ਅੰਗਰੇਜ਼ੀ ਸਣੇ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾ ਚੁੱਕਿਆ ਹੈ। ਇਹ ਕਵਿਤਾ ਪੱਛਮੀ ਬੰਗਾਲ ਦੇ ਸਕੂਲੀ ਬੱਚਿਆਂ ਦੀਆਂ ਕਿਤਾਬਾਂ ਦਾ ਵੀ ਹਿੱਸਾ ਰਹੀ ਹੈ। ਮੋਨੀਸ਼ ਆਰ ਚੈਟਰਜੀ ਅਮਰੀਕਾ ਦੇ ਹੀ ਦੀ ਯੂਨੀਵਰਸਿਟੀ ਆਫ ਡੇਅਟਨ ਵਿੱਚ ਪ੍ਰੋਫੈਸਰ ਹਨ। ਉਨ੍ਹਾਂ ਨੇ ਬੰਗਾਲੀ ਭਾਸ਼ਾ ਉੱਤੇ ਕਾਫੀ ਕੰਮ ਕੀਤਾ ਹੈ। ਟੈਗੋਰ ਦੀ 'ਬੰਦੀ ਬੀਰ' ਕਵਿਤਾ ਦਾ ਵੀ ਉਨ੍ਹਾਂ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੈ।

'ਬੰਦੀ ਬੀਰ' ਕਵਿਤਾ ਦੀ ਸਾਹਿਤ ਵਿੱਚ ਮਹੱਤਤਾ ਬਾਰੇ ਪ੍ਰੋਫੈਸਰ ਮੋਨੀਸ਼ ਕਹਿੰਦੇ ਹਨ, "1960ਵਿਆਂ ਤੇ 70ਵਿਆਂ ਵਿੱਚ ਮੇਰੇ ਵਰਗੇ ਨੌਜਵਾਨ ਰਬਿੰਦਰਨਾਥ ਟੈਗੋਰ, ਸ਼ਰਤ ਚੰਦਰ ਚੈਟਰਜੀ, ਬੰਕਿਮ ਚੰਦਰ ਚੈਟਰਜੀ ਵਰਗੇ ਲੇਖਕਾਂ ਦੀਆਂ ਰਚਨਾਵਾਂ ਬੜੇ ਜੋਸ਼ ਨਾਲ ਪੜ੍ਹਦੇ ਸੀ।" ਪ੍ਰੋਫੈਸਰ ਮੋਨੀਸ਼ ਕਹਿੰਦੇ ਹਨ, "ਟੈਗੋਰ ਨੇ ਕਈ ਨਾਇਕਾਂ ਬਾਰੇ ਕਵਿਤਾਵਾਂ ਲਿਖੀਆਂ, ਜੋ ਇੱਕ ਸੀਰੀਜ਼ ਦਾ ਹਿੱਸਾ ਸਨ। ਇਨ੍ਹਾਂ ਕਵਿਤਾਵਾਂ ਰਾਹੀਂ ਉਹ ਭਾਰਤ ਦੇ ਮੱਧਕਾਲੀ ਤੇ ਅੰਗਰੇਜ਼ੀ ਰਾਜ ਦੇ ਸਮੇਂ ਦੇ ਮਹਾਨ ਵੀਰਾਂ ਨੂੰ ਯਾਦ ਕਰਦੇ ਤੇ ਸਨਮਾਨਿਤ ਕਰਦੇ ਹਨ।" "ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਮਰਾਠਾ ਨੇਤਾ ਛਤਰਪਤੀ ਸ਼ਿਵਾਜੀ, ਕਈ ਮਹਾਨ ਰਾਜਪੂਤ ਸ਼ਾਸਕ ਤੇ ਯੋਧੇ (ਜਿਵੇਂ ਕਿ ਚਿਤੌੜ ਦੇ ਰਾਣਾ), ਪੰਜਾਬ ਦੇ ਬੰਦਾ ਸਿੰਘ ਬਹਾਦਰ ਤੇ ਮਹਾਭਾਰਤ ਦੇ ਕਰਣ ਵਰਗੇ ਪੁਰਾਤਨ ਨਾਇਕ ਸ਼ਾਮਿਲ ਹਨ।

ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ, 1670 ਨੂੰ ਰਾਜੌਰੀ ਵਿੱਚ ਹੋਇਆ ਸੀ। ਬਹੁਤ ਘੱਟ ਉਮਰ ਵਿੱਚ ਘਰ ਛੱਡ ਕੇ ਉਹ ਬੈਰਾਗੀ ਹੋ ਗਏ ਅਤੇ ਉਨ੍ਹਾਂ ਨੂੰ ਮਾਧੋਦਾਸ ਬੈਰਾਗੀ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਉਹ ਆਪਣੇ ਘਰੋਂ ਨਿਕਲੇ ਅਤੇ ਦੇਸ ਦਾ ਦੌਰਾ ਕਰਦੇ ਹੋਏ ਮਹਾਂਰਾਸ਼ਟਰ ਦੇ ਨਾਂਦੇੜ ਪਹੁੰਚ ਗਏ।

ਨਾਂਦੇੜ ਵਿੱਚ ਉਨ੍ਹਾਂ ਦੀ ਮੁਲਾਕਤ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨਾਲ ਹੋਈ। ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਆਪਣਾ ਬੈਰਾਗੀ ਜੀਵਨ ਤਿਆਗਣ ਤੇ ਪੰਜਾਬ ਦੇ ਲੋਕਾਂ ਨੂੰ ਮੁਗ਼ਲਾਂ ਤੋਂ ਛੁਟਕਾਰਾ ਦਿਵਾਉਣ ਦਾ ਕੰਮ ਸੌਂਪਿਆ। ਬੰਦਾ ਸਿੰਘ ਬਹਾਦਰ ਨੇ ਸਰਹਿੰਦ ਸਣੇ ਪੰਜਾਬ ਦੇ ਕਈ ਹਿੱਸਿਆਂ ਉੱਤੇ ਕਬਜ਼ਾ ਕਰ ਕੇ ਆਪਣਾ ਰਾਜ ਸਥਾਪਿਤ ਕੀਤਾ। ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਵਿਚ ਮੁਗ਼ਲ ਬਾਦਸ਼ਾਹ ਫ਼ਖ਼ਸ਼ੀਅਰ ਦੀ ਹਕੂਮਤ ਨੇ ਸਾਥੀਆਂ ਸਣੇ ਕੋਹ-ਕੋਹ ਕੇ ਮਾਰ ਦਿੱਤਾ ਸੀ।

ਬੰਗਾਲੀ ਭਾਸ਼ਾ ਵਿੱਚ ਲਿਖੀ ਇਸ ਕਵਿਤਾ ਦਾ ਅਸਲੀ ਸਿਰਲੇਖ 'ਬੁੰਦੀ ਬੀਰ' ਹੈ। ਭਾਵੇਂ ਬਾਕੀ ਭਾਸ਼ਾਵਾਂ ਵਿੱਚ ਇਸ ਦੇ ਅਨੁਵਾਦ ਵਿੱਚ ਸਿਰਲੇਖ ਨੂੰ 'ਬੰਦੀ ਬੀਰ' ਵੀ ਲਿਖਿਆ ਗਿਆ ਹੈ। ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਭਾਦੁਰੀ ਕਹਿੰਦੇ ਹਨ ਕਿ



ਬੰਗਲਾ ਭਾਸ਼ਾ ਵਿੱਚ ਕਵਿਤਾ ਦੇ ਸਿਰਲੇਖ ਨੂੰ 'ਬੁੰਦੀ ਬੀਰ' ਕਿਹਾ ਜਾਂਦਾ ਹੈ। ਉਹ ਕਹਿੰਦੇ ਹਨ, "ਬੁੰਦੀ ਦਾ ਅਰਥ ਹੈ ਉਹ ਜਿਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੋਵੇ। ਭਾਵੇਂ ਇਹ ਕਵਿਤਾ ਬੰਦਾ ਸਿੰਘ ਬਹਾਦਰ ਬਾਰੇ ਹੈ ਪਰ ਸਿਰਲੇਖ ਵਿੱਚ ਟੈਗੋਰ ਨੇ ਜ਼ੋਰ ਬੰਦੀ ਹੋਣ ਉੱਤੇ ਦਿੱਤਾ ਹੈ।"

ਬੰਦੀ ਬੀਰ ਕਵਿਤਾ ਦੇ ਸਾਰ ਬਾਰੇ ਪ੍ਰੋਫੈਸਰ ਭਾਦੁਰੀ, ਕਹਿੰਦੇ ਹਨ, "ਇਸ ਕਵਿਤਾ ਵਿੱਚ ਬੰਦਾ ਸਿੰਘ ਬਹਾਦਰ ਦੀ ਮੁਗ਼ਲ ਫੌਜ ਨਾਲ ਹੋਈ ਜੰਗ ਬਾਰੇ ਜ਼ਿਕਰ ਕੀਤਾ ਗਿਆ ਹੈ। ਕਿਵੇਂ ਬੰਦਾ ਸਿੰਘ ਬਹਾਦਰ ਆਖ਼ਰ ਤੱਕ ਜੰਗ ਲੜਦਾ ਹੈ ਤੇ ਆਖ਼ਰ ਵਿੱਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ।" ਰਬਿੰਦਰਨਾਥ ਟੈਗੋਰ ਨੇ ਬੰਦਾ ਸਿੰਘ ਬਹਾਦਰ ਨੂੰ ਦਿੱਲੀ ਲੈ ਕੇ ਆਉਣ ਦੀ ਘਟਨਾ ਨੂੰ ਵਿਸਥਾਰ ਨਾਲ ਆਪਣੀ ਕਵਿਤਾ ਵਿੱਚ ਦੱਸਿਆ ਹੈ। ਉਸ ਵੇਲੇ ਦੇ ਮਾਹੌਲ ਦੀ ਤਸਵੀਰ ਰਬਿੰਦਰਨਾਥ ਟੈਗੋਰ ਦੀ ਕਵਿਤਾ ਵਿੱਚ ਖਿੱਚਦੀ ਹੋਈ ਨਜ਼ਰ ਆਉਂਦੀ ਹੈ। ਮੋਨੀਸ਼ ਕਹਿੰਦੇ ਹਨ, "ਮੈਂ ਮੰਨਦਾ ਹਾਂ ਕਿ ਟੈਗੋਰ ਨੇ ਕਵਿਤਾ ਵਿੱਚ ਬੰਦਾ ਸਿੰਘ ਬਹਾਦਰ ਦੀ ਖ਼ਾਲਸਾ ਨੂੰ ਸੰਗਠਿਤ ਕਰਨ ਦੀ ਤਾਕਤ ਨੂੰ ਦਰਸਾਇਆ। ਉਹ ਕਿਵੇਂ ਲੋਕਾਂ ਨੂੰ ਪ੍ਰੇਰਿਤ ਕਰ ਸਕਦੇ ਸਨ, ਇਹ ਵੀ ਉਨ੍ਹਾਂ ਨੇ ਵਿਖਾਇਆ।"

"ਇਹ ਕਵਿਤਾ ਇੱਕ ਪਿਤਾ ਅਤੇ ਪੁੱਤਰ ਦੇ ਅਟੁੱਟ ਨਾਤੇ ਨੂੰ ਵੀ ਦਰਸਾਉਂਦੀ ਹੈ। ਜਦੋਂ ਕਾਤਲ ਬੰਦਾ ਸਿੰਘ ਦੇ ਛੋਟੇ ਬੱਚੇ ਨੂੰ ਵੀ ਫਾਂਸੀ ਦੇਣ ਲਈ ਲਿਆਉਂਦੇ ਹਨ।" "ਟੈਗੋਰ ਬੰਦਾ ਸਿੰਘ ਦੀ ਬੇਮਿਸਾਲ ਹਿੰਮਤ ਅਤੇ ਸਹਿਣਸ਼ੀਲਤਾ ਨੂੰ ਉੱਚਾ ਚੁੱਕਦੇ ਹਨ। ਉਹ ਲਿਖਦੇ ਹਨ। "ਬਾਦੁਰ ਦੇਹੋ ਛਿਨਰਿਲੋ ਘਾਤੋਕ ਸਨਰਾਸੀ ਕੋਰੀਆ ਦੁਗਧੋ" (ਅਰਥ: ਬਿਨਾਂ ਕਿਸੇ ਸ਼ਿਕਵੇ ਦੇ ਹਰ ਦੁਖ ਤਕਲੀਫ਼ ਝੱਲਦੇ ਹੋਏ ਉਨ੍ਹਾਂ ਨੇ ਆਪਣੀ ਜ਼ਿੰਦਗੀ ਤੱਕ ਕੁਰਬਾਨ ਕਰ ਦਿੱਤੀ।) "ਟੈਗੋਰ ਕਵਿਤਾ ਰਾਹੀਂ ਦੱਸਦੇ ਹਨ ਕਿ ਸਿੱਖਾਂ ਨੇ ਕਿਵੇਂ ਜ਼ੁਲਮ, ਕਬਜ਼ੇ ਅਤੇ ਹਮਲਿਆਂ ਦੇ ਖ਼ਿਲਾਫ਼ ਲੰਬੇ ਸਮੇਂ ਤੱਕ ਵਿਰੋਧ ਕੀਤਾ। ਇਹ ਕਵਿਤਾ ਪੰਜਾਬ ਦੇ ਸਿੱਖਾਂ ਦੀ ਵਿਰਾਸਤ ਅਤੇ ਵਿਰੋਧ ਦੀ ਰੂਹ ਨੂੰ ਸਲਾਮ ਕਰਦੀ ਹੈ।" ਮੋਨੀਸ਼ ਕਹਿੰਦੇ ਹਨ, "ਟੈਗੋਰ ਭਾਰਤ ਦੇ ਵਿਸ਼ਵ ਭਰ ਨੂੰ ਦਿੱਤੇ ਸਾਂਝ ਦੇ ਸੰਦੇਸ਼ 'ਤੇ ਵਿਸ਼ਵਾਸ ਰੱਖਦੇ ਸਨ। ਉਹ ਮਨੁੱਖਤਾ ਦੀ ਏਕਤਾ 'ਤੇ ਆਧਾਰਤ ਆਪਣੇ ਵਿਸ਼ਵਵਾਦੀ ਵਿਚਾਰ ਨੂੰ ਦੁਨੀਆ ਦੇ ਵੱਡੇ ਵਿਦਵਾਨ ਕੇਂਦਰਾਂ ਤੱਕ ਲੈ ਕੇ ਗਏ। ਉਨ੍ਹਾਂ ਨੇ ਆਪਣੇ ਸਮੇਂ ਦੇ ਲਗਭਗ ਸਾਰੇ ਮੁੱਖ ਵਿਅਕਤੀਆਂ ਨਾਲ ਮੁਲਾਕਾਤ ਕੀਤੀ।"

"ਟੈਗੋਰ ਨੇ ਲਗਭਗ ਹਰ ਵਿਸ਼ੇ 'ਤੇ ਲਿਖਿਆ। ਉਹ ਬੰਗਾਲੀ ਸਾਹਿਤ ਨੂੰ ਨਵੇਂ ਰੂਪ, ਨਵੀਆਂ ਦਿਸ਼ਾਵਾਂ ਅਤੇ ਦੁਨੀਆਵੀ ਪੱਧਰ 'ਤੇ ਲੈ ਗਏ।

ਉਨ੍ਹਾਂ ਦੀ ਇਸ ਵੱਡੀ ਸਾਹਿਤਕ ਅਤੇ ਸੰਸਕ੍ਰਿਤਿਕ ਯਾਤਰਾ ਵਿੱਚ ਸਿੱਖਾਂ ਲਈ ਖ਼ਾਸ ਥਾਂ ਸੀ।" "ਉਨ੍ਹਾਂ ਨੇ ਸਿੱਖਾਂ ਬਾਰੇ ਕਈ ਲੇਖ ਅਤੇ ਕਵਿਤਾਵਾਂ ਲਿਖੀਆਂ। ਇਨ੍ਹਾਂ ਵਿੱਚੋਂ ਇੱਕ ਕਹਾਣੀ ਬੰਦਾ ਸਿੰਘ ਬਹਾਦਰ ਦੀ ਸੀ। ਟੈਗੋਰ ਚਾਹੁੰਦੇ ਸਨ ਕਿ ਉਨ੍ਹਾਂ ਦੀ ਵੀਰਤਾ ਦੀ ਮਿਸਾਲ ਬੰਗਾਲ ਦੇ ਉਨ੍ਹਾਂ ਨੌਜਵਾਨਾਂ ਤੱਕ ਪਹੁੰਚੇ ਜੋ ਨਿਆਂ ਲਈ ਸੰਘਰਸ਼ ਕਰ ਰਹੇ ਸਨ।

# ਸੋਨੇ ਦੀ ਕੀਮਤ ਅਸਮਾਨ ਵੱਲ, ਆਮ ਆਦਮੀ ਦੇ ਵੱਸ ਤੋਂ ਬਾਹਰ

ਦੁਨੀਆਂ ਭਰ ਵਿੱਚ ਸੋਨੇ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ। ਭਾਰਤ ਵਿੱਚ ਵੀ 24 ਕੈਰੇਟ ਸੋਨੇ ਦੀ ਕੀਮਤ ਲਗਾਤਾਰ ਵੱਧ ਰਹੀ ਹੈ। ਜਿਸ ਹਿਸਾਬ ਨਾਲ ਸੋਨੇ ਦੀਆਂ ਕੀਮਤਾਂ ਵਧ ਰਹੀਆਂ ਹਨ, ਜ਼ਾਹਿਰ ਹੈ ਕਿ ਹਰ ਪਾਸੇ ਇਸ ਦੀ ਚਰਚਾ ਵੀ ਹੋ ਰਹੀ ਹੈ, ਭਾਵੇਂ ਉਹ ਵੱਡੇ ਨਿਵੇਸ਼ਕ ਹੋਣ ਜਾਂ ਆਮ ਲੋਕ, ਹਰ ਕੋਈ ਸੋਨੇ ਦੀਆਂ ਕੀਮਤਾਂ ਬਾਰੇ ਗੱਲ ਕਰ ਰਿਹਾ ਹੈ। ਅਜਿਹੇ ਵਿੱਚ ਲੋਕਾਂ ਅਤੇ ਨਿਵੇਸ਼ਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸਵਾਲ ਵੀ ਉੱਠ ਰਹੇ ਹਨ। ਕੀ ਇਸ ਸਮੇਂ ਸੋਨੇ 'ਚ ਨਿਵੇਸ਼ ਕਰਨਾ ਚਾਹੀਦਾ ਹੈ? ਕੀ ਇਹ ਫਾਇਦਾ ਦੇਵੇਗਾ ਜਾਂ ਨੁਕਸਾਨ? ਸੋਨੇ ਦੀਆਂ ਕੀਮਤਾਂ ਇੰਨੀਆਂ ਕਿਉਂ ਵਧ ਰਹੀਆਂ ਹਨ? ਕੀ ਸੋਨੇ ਦੀਆਂ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹਿਣਗੀਆਂ ਜਾਂ ਫਿਰ ਡਿੱਗਣਗੀਆਂ ਵੀ? ਇਸ ਰਿਪੋਰਟ ਵਿੱਚ ਅਸੀਂ ਅਜਿਹੇ ਹੀ ਕਈ ਜ਼ਰੂਰੀ ਸਵਾਲਾਂ ਦੇ ਜਵਾਬ ਜਾਣਨ ਦੀ ਕੋਸ਼ਿਸ਼ ਕਰਾਂਗੇ..

ਐਮਾ ਸੀਬੇਨਬੋਰਨ ਨੇ ਮੈਨੂੰ ਇੱਕ ਪੁਰਾਣਾ ਪਲਾਸਟਿਕ ਦਾ ਡੱਬਾ ਦਿਖਾਉਂਦੇ ਹੋਏ ਕਿਹਾ, ਜਿਸ ਵਿੱਚ ਪੁਰਾਣੇ ਗਹਿਣੇ ਭਰੇ ਹੋਏ ਸਨ। ਇਨ੍ਹਾਂ ਵਿੱਚ ਪੁਰਾਣੇ ਗਹਿਣਿਆਂ ਵਿੱਚ ਅੰਗੂਠੀਆਂ, ਆਕਰਸ਼ਕ ਬਰੇਸਲੇਟ, ਹਾਰ ਅਤੇ ਕੰਨਾਂ ਦੀਆਂ ਵਾਲੀਆਂ ਸਨ। ਐਮਾ, ਹੈਟਨ ਗਾਰਡਨ ਮੈਟਲਜ਼ ਦੇ ਰਣਨੀਤੀ ਨਿਰਦੇਸ਼ਕ ਹਨ, ਜੋ ਕਿ ਲੰਡਨ ਦੇ ਸਰਾਫਾ ਬਾਜ਼ਾਰ ਦੀ ਪ੍ਰਮੁੱਖ ਥਾਂ ਮੰਨੇ ਜਾਂਦੇ ਹੈਟਨ ਗਾਰਡਨ ਵਿੱਚ ਸੋਨੇ ਦੀ ਇੱਕ ਡੀਲਰਸ਼ਿਪ (ਬਿਜ਼ਨਸ) ਹੈ। ਸੋਨੇ ਦੀ ਇਹ ਡੀਲਰਸ਼ਿਪ ਇੱਕ ਪਰਿਵਾਰ ਦੁਆਰਾ ਚਲਾਈ ਜਾਂਦੀ ਹੈ। ਜੋ ਚੀਜ਼ਾਂ ਐਮਾ ਨੇ ਦਿਖਾਈਆਂ, ਇਹ ਤਾਂ ਉਨ੍ਹਾਂ ਬਾਕੀ ਦੀਆਂ ਚੀਜ਼ਾਂ ਵਿੱਚੋਂ ਮਹਿਜ਼ ਇੱਕ ਨਮੂਨਾ ਸਨ, ਜੋ ਉਹ ਲਗਭਗ ਰੋਜ਼ਾਨਾ ਵਾਂਗ ਖਰੀਦਦੇ ਹਨ। ਇੱਕ ਤਰ੍ਹਾਂ ਨਾਲ ਇਹ 'ਸੋਨੇ ਦੀ ਟੁੱਟ-ਭੱਜ' ਹੈ', ਜਿਸਨੂੰ ਪਿਘਲਾ ਕੇ ਦੁਬਾਰਾ ਵਰਤਿਆ ਜਾਵੇਗਾ। ਮੇਜ਼ ਉੱਤੇ ਇੱਕ ਵਧੀਆ ਟ੍ਰੇ ਵਿੱਚ ਸੋਨੇ ਦੇ ਸਿੱਕੇ ਅਤੇ ਇੱਟਾਂ ਨੂੰ ਸੁੰਦਰਤਾ ਨਾਲ ਸਜਾਇਆ ਹੋਇਆ ਹੈ। ਸਭ ਤੋਂ ਵੱਡੀ ਸੋਨੇ ਦੀ ਪੱਟੀ ਦਾ ਆਕਾਰ ਅਤੇ ਮੋਟਾਈ ਇੱਕ ਮੋਬਾਈਲ ਫੋਨ ਜਿੰਨਾ ਹੈ। ਇਸਦਾ ਭਾਰ 1 ਕਿਲੋ ਹੈ ਅਤੇ ਇਸਦੀ ਕੀਮਤ 80,000 ਪਾਊਂਡ ਹੈ। ਇਨ੍ਹਾਂ ਸਿੱਕਿਆਂ ਜਾਂ ਬਿਸਕੁਟਾਂ ਵਿੱਚੋਂ ਹਰੇਕ ਵਿੱਚ ਇੱਕ ਔਂਸ 24-ਕੈਰੇਟ ਸੋਨਾ (1 ਔਂਸ ਮਤਲਬ 31.1 ਗ੍ਰਾਮ) ਹੈ, ਅਤੇ ਨਾਲ ਹੀ ਸੋਨੇ ਦੇ ਛੋਟੇ ਸਿੱਕੇ ਵੀ ਹਨ। ਇਹ ਸਾਰੇ ਵਿਕਰੀ ਲਈ ਹਨ। ਹਾਲ ਹੀ ਦੇ ਸਮੇਂ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਸੋਨੇ ਦੀ ਮੰਗ ਵਧੀ ਹੈ।

ਜ਼ੋਈ ਲਿਓਨਜ਼, ਐਮਾ ਦੇ ਭੈਣ ਹਨ ਅਤੇ ਪ੍ਰਬੰਧ ਨਿਰਦੇਸ਼ਕ ਹਨ। ਉਨ੍ਹਾਂ ਨੇ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ। ਹੁਣ ਉਹ ਅਕਸਰ ਸੋਨਾ ਖਰੀਦਣ ਅਤੇ ਵੇਚਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਦੇਖਦੇ ਹਨ। ਬਾਜ਼ਾਰ ਵਿੱਚ ਬਹੁਤ ਹਲਚਲ ਅਤੇ ਭੀੜ-ਭੜੱਕਾ ਹੈ। ਉਨ੍ਹਾਂ ਕਿਹਾ, "ਹਾਲਾਂਕਿ, ਡਰ ਅਤੇ ਚਿੰਤਾ ਵੀ ਹੈ।" "ਸਾਨੂੰ ਇਸ ਬਾਰੇ ਚਿੰਤਾ ਹੈ ਕਿ ਸੋਨੇ ਦੀਆਂ ਕੀਮਤਾਂ ਕਿੱਥੇ ਜਾ ਕੇ ਰੁਕਣਗੀਆਂ। ਜਦੋਂ ਇਸ ਤਰ੍ਹਾਂ ਦੀਆਂ ਭਾਵਨਾਵਾਂ ਮਨ 'ਚ ਆਉਂਦੀਆਂ ਹਨ, ਤਾਂ ਵੱਡੇ ਸੌਦੇ ਹੁੰਦੇ ਹਨ।" ਉਨ੍ਹਾਂ ਤੋਂ ਥੋੜ੍ਹੀ ਦੂਰੀ 'ਤੇ ਹੀ ਸਥਿਤ ਐਮਐਨਆਰ ਜਵੈਲਰਜ਼ ਦੇ ਇੱਕ ਸੇਲਜ਼ਮੈਨ ਵੀ ਇਸ ਗੱਲ ਨਾਲ ਸਹਿਮਤ ਹਨ। ਉਹ ਕਹਿੰਦੇ ਕਿ "ਸੋਨੇ ਦੀ ਮੰਗ ਯਕੀਨੀ ਤੌਰ 'ਤੇ ਵਧੀ ਹੈ।"

### ਸਿਖਰਲੇ ਪੱਧਰ 'ਤੇ ਸੋਨੇ ਦੀਆਂ ਕੀਮਤਾਂ

ਪਿਛਲੇ ਸਾਲ ਸੋਨੇ ਦੀਆਂ ਕੀਮਤਾਂ ਵਿੱਚ 40 ਫੀਸਦੀ ਤੋਂ ਵੀ ਵੱਧ ਦਾ ਵਾਧਾ ਹੋਇਆ ਹੈ। ਅਪ੍ਰੈਲ ਦੇ ਅੰਤ ਵਿੱਚ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਦੀ ਕੀਮਤ 3,500 ਡਾਲਰ ਪ੍ਰਤੀ ਟ੍ਰੌਏ ਔਂਸ ਤੱਕ ਪਹੁੰਚ ਗਈ ਸੀ। (ਟ੍ਰੌਏ ਔਂਸ, ਕੀਮਤੀ ਧਾਤਾਂ ਲਈ ਵਰਤੀ ਜਾਂਦੀ ਮਾਪ ਦੀ ਇੱਕ ਇਕਾਈ ਹੈ - (1 ਟ੍ਰੌਏ ਔਂਸ - 31.10 ਗ੍ਰਾਮ ਹੁੰਦਾ ਹੈ)। ਜਨਵਰੀ 1980 ਵਿੱਚ ਵੀ ਸੋਨੇ ਦੀ ਕੀਮਤ ਬਹੁਤ ਵਧ ਗਈ ਸੀ। ਉਸ ਸਮੇਂ, ਸੋਨੇ ਦੀ ਕੀਮਤ 850 ਡਾਲਰ ਹੋ ਗਈ ਸੀ, ਜੋ ਕਿ ਅੱਜ ਦੇ ਸਮੇਂ ਵਿੱਚ 3,493 ਡਾਲਰ ਹੈ। ਇਸ ਦਾ ਮਤਲਬ ਹੈ, ਕਿ ਇਸ ਵੇਲੇ ਸੋਨੇ ਦੀ ਜੋ ਕੀਮਤ ਹੈ ਉਹ ਹੁਣ ਤੱਕ ਸਭ ਤੋਂ ਉੱਚੇ ਪੱਧਰ 'ਤੇ ਹੈ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਸੋਨੇ ਦੀ ਕੀਮਤ ਦੇ ਰਿਕਾਰਡ ਪੱਧਰ 'ਤੇ ਪਹੁੰਚਣ ਪਿੱਛੇ ਕਈ ਕਾਰਨ ਹਨ। ਸਭ ਤੋਂ ਮਹੱਤਵਪੂਰਨ ਕਾਰਨ ਹੈ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕੀ ਵਪਾਰ ਨੀਤੀ ਵਿੱਚ ਕੀਤੇ ਗਏ ਅਚਾਨਕ ਬਦਲਾਅ। ਇਸ ਨੇ ਦੁਨੀਆਂ ਭਰ ਦੇ ਬਾਜ਼ਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦੇ ਉਲਟ, ਬਹੁਤ ਸਾਰੇ ਲੋਕ ਸੋਨੇ ਨੂੰ ਇੱਕ ਸੁਰੱਖਿਅਤ ਅਤੇ ਠੋਸ ਨਿਵੇਸ਼ ਵਜੋਂ ਦੇਖਦੇ ਹਨ। ਇਸ ਦੇ ਨਾਲ ਹੀ, ਭੂ-ਰਾਜਨੀਤਿਕ ਅਨਿਸ਼ਚਿਤਤਾ ਨੇ ਵੀ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਹੈ। ਅਰਬਪਤੀ ਵਾਰੇਨ ਬਫੇਟ ਨੇ ਇੱਕ ਵਾਰ ਸੋਨੇ ਨੂੰ 'ਬੇਜਾਨ' ਅਤੇ 'ਘੱਟ ਲਾਭਦਾਇਕ ਜਾਂ ਨਾ ਵਧਣ ਵਾਲਾ' ਕਿਹਾ ਸੀ। ਹਾਲਾਂਕਿ, ਵਰਤਮਾਨ ਅਨਿਸ਼ਚਿਤਤਾ ਦੇ ਇਸ ਮਾਹੌਲ ਵਿੱਚ, ਨਿਵੇਸ਼ਕ ਸੋਨੇ ਵੱਲ ਖਿੱਚੇ ਜਾ ਰਹੇ ਹਨ।

ਮਾਈਨਿੰਗ ਇੰਡਸਟਰੀ ਨੇ ਇੱਕ ਵਪਾਰਕ ਸੰਗਠਨ ਹੈਵਰਲਡ ਗੋਲਡ ਕੌਂਸਲ ਦੀ ਸਥਾਪਨਾ ਕੀਤੀ ਹੈ, ਜਿਸ ਦੇ ਇੱਕ ਸੀਨੀਅਰ ਵਿਸ਼ਲੇਸ਼ਕ ਲੇਵਿਸ ਸਟ੍ਰੀਟ ਕਹਿੰਦੇ ਹਨ ਕਿ "ਸਾਡਾ ਮੰਨਣਾ ਹੈ ਕਿ ਮੌਜੂਦਾ ਸਥਿਤੀ ਸੋਨੇ ਦਾ ਇੱਕ ਤੂਫ਼ਾਨ ਹੈ।" ਉਨ੍ਹਾਂ ਕਿਹਾ, "ਇਹ ਸੰਭਾਵੀ ਮੁਦਰਾ-ਸਫੀਤੀ ਦੇ ਵੱਧਦੇ ਪ੍ਰਭਾਵ ਵੱਲ ਧਿਆਨ ਖਿੱਚ ਰਿਹਾ ਹੈ। ਮੰਦੀ ਦੇ ਜੋਖਮ ਵਧ ਰਹੇ ਹਨ। ਤੁਸੀਂ ਦੇਖਿਆ ਹੈ ਕਿ ਹਾਲ ਹੀ ਵਿੱਚ ਕੌਮਾਂਤਰੀ ਮੁਦਰਾ ਫੰਡ (ਆਈਐਮਐਫ) ਨੇ ਆਰਥਿਕ ਵਿਕਾਸ ਵਿੱਚ ਗਿਰਾਵਟ ਦੀ ਭਵਿੱਖਬਾਣੀ ਕੀਤੀ ਹੈ।" ਹਾਲਾਂਕਿ, ਜੋ ਉੱਪਰ ਜਾਂਦਾ ਹੈ ਉਹ ਹੇਠਾਂ ਵੀ ਆ ਸਕਦਾ ਹੈ। ਭਾਵੇਂ ਸੋਨੇ ਨੂੰ ਇੱਕ ਸਥਿਰ ਨਿਵੇਸ਼ ਮੰਨਿਆ ਜਾਂਦਾ ਹੈ, ਪਰ ਇਹ ਕੀਮਤਾਂ ਦੇ ਉਤਰਾਅ-ਚੜ੍ਹਾਅ ਤੋਂ ਮੁਕਤ ਨਹੀਂ ਹੈ। ਦਰਅਸਲ, ਅਤੀਤ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਮਹੱਤਵਪੂਰਨ ਵਾਧੇ ਤੋਂ ਬਾਅਦ ਮਹੱਤਵਪੂਰਨ ਗਿਰਾਵਟ ਆਈ ਹੈ। ਤਾਂ, ਕੀ ਹੁਣ ਦੁਬਾਰਾ ਵੀ ਕੁੱਝ ਅਜਿਹਾ ਹੋ ਸਕਦਾ ਹੈ, ਜਿਸ ਕਾਰਨ ਅੱਜ ਸੋਨੇ ਵਿੱਚ ਨਿਵੇਸ਼ ਕਰਨ ਲਈ ਉਤਸੁਕ ਨਿਵੇਸ਼ਕਾਂ ਨੂੰ ਅੱਗੇ ਜਾ ਕੇ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ?



### ਸੋਨਾ ਇੰਨਾ ਮਹਿੰਗਾ ਕਿਉਂ ਹੋ ਰਿਹਾ ਹੈ?

ਸੋਨਾ ਇੱਕ ਦੁਰਲੱਭ ਧਾਤ ਹੈ, ਇਸ ਲਈ ਇਸਨੂੰ ਸਦੀਆਂ ਤੋਂ ਦੌਲਤ ਇੱਕਠੀ ਕਰਨ ਲਈ ਵਰਤਿਆ ਜਾ ਰਿਹਾ ਹੈ। ਦੁਨੀਆਂ ਭਰ ਵਿੱਚ ਸੋਨੇ ਦੀ ਸਪਲਾਈ ਸੀਮਤ ਹੈ। ਵਰਲਡ ਗੋਲਡ ਕੌਂਸਲ ਦੇ ਅਨੁਸਾਰ, ਦੁਨੀਆਂ ਵਿੱਚ ਹੁਣ ਤੱਕ ਸਿਰਫ 2,16,265 ਟਨ ਸੋਨਾ ਹੀ ਕੱਢਿਆ ਗਿਆ ਹੈ। (ਇਸ ਨਾਲ ਹਰ ਸਾਲ ਲਗਭਗ 3,500 ਟਨ ਸੋਨਾ ਜੁੜਦਾ ਹੈ)। ਇਸਦਾ ਮਤਲਬ ਹੈ ਕਿ ਸੋਨੇ ਨੂੰ ਦੁਨੀਆਂ ਭਰ ਵਿੱਚ ਇੱਕ ਸੁਰੱਖਿਅਤ ਸੰਪਤੀ ਜਾਂ ਨਿਵੇਸ਼ ਵਜੋਂ ਦੇਖਿਆ ਜਾਂਦਾ ਹੈ, ਜੋ ਆਪਣੀ ਕੀਮਤ ਨੂੰ ਬਰਕਰਾਰ ਰੱਖੇਗਾ। ਹਾਲਾਂਕਿ, ਇੱਕ ਨਿਵੇਸ਼ਕ ਦੇ ਤੌਰ 'ਤੇ ਇਸਦੇ ਫਾਇਦੇ ਅਤੇ ਨੁਕਸਾਨ ਦੋਵੇਂ ਹਨ। ਸਟਾਕ ਮਾਰਕੀਟ ਵਿੱਚ ਕੰਪਨੀਆਂ ਦੇ ਸ਼ੇਅਰਾਂ ਦੇ ਉਲਟ, ਸੋਨੇ ਵਿੱਚ ਨਿਵੇਸ਼ ਕਦੇ ਵੀ ਲਾਭਅੰਸ਼ (ਡਿਵੀਡੈਂਡ) ਨਹੀਂ ਦੇਵੇਗਾ। ਇਹ ਇੱਕ ਸਥਿਰ, ਅਨੁਮਾਨਿਤ ਆਮਦਨ ਪ੍ਰਦਾਨ ਨਹੀਂ ਕਰੇਗਾ ਜਿਵੇਂ ਕਿ ਬਾਂਡ ਵਿੱਚ ਨਿਵੇਸ਼ ਨਾਲ ਹੁੰਦਾ ਹੈ। ਇਸ ਤੋਂ ਇਲਾਵਾ, ਉਦਯੋਗਿਕ ਖੇਤਰ ਵਿੱਚ ਇਸਦੀ ਵਰਤੋਂ ਮੁਕਾਬਲਤਨ ਸੀਮਤ ਹੈ। ਹਾਲਾਂਕਿ, ਸੋਨੇ ਦੇ ਮਾਲਕ ਹੋਣ ਦਾ ਫਾਇਦਾ ਇਹ ਹੈ ਕਿ ਇਹ ਇੱਕ ਭੌਤਿਕ ਉਤਪਾਦ ਹੈ ਜੋ ਬੈਂਕਿੰਗ ਪ੍ਰਣਾਲੀ ਤੋਂ ਬਾਹਰ ਮੌਜੂਦ ਹੈ।

### ਸੋਨਾ ਇੱਕ ਸਥਿਰ ਅਤੇ ਸੁਰੱਖਿਅਤ ਜਾਇਦਾਦ

ਸੋਨੇ ਨੂੰ ਮਹਿੰਗਾਈ ਦੇ ਵਿਰੁੱਧ ਵੀ ਜਾਇਦਾਦ ਜਾਂ ਸੰਪਤੀ ਦੀ ਸੁਰੱਖਿਆ ਲਈ ਇੱਕ ਸਾਧਨ ਵਜੋਂ ਵਰਤਿਆ ਜਾਂਦਾ ਹੈ। ਕਿਉਂਕਿ ਮੁਦਰਾ ਦੀ ਕੀਮਤ ਹੌਲੀ-ਹੌਲੀ ਘਟਦੀ ਜਾਂਦੀ ਹੈ, ਪਰ ਸੋਨੇ ਦੀ ਕੀਮਤ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੁੰਦਾ। ਏਜੇ ਬੇਲ ਨਾਮਕ ਸਟਾਕ ਬ੍ਰੋਕਿੰਗ ਫਰਮ ਦੇ ਨਿਵੇਸ਼ ਨਿਰਦੇਸ਼ਕ, ਰਸ ਮੋਲਡ ਕਹਿੰਦੇ ਹਨ, "ਦੁਨੀਆਂ ਭਰ ਦੇ ਦੇਸ਼ਾਂ ਵਿੱਚ ਸਿਖਰਲੇ ਬੈਂਕ (ਜਿਵੇਂ ਸਾਡਾ ਰਿਜ਼ਰਵ ਬੈਂਕ) ਮੁਦਰਾ ਛਾਪਦੇ ਹਨ। ਪਰ ਇਹ ਬੈਂਕ ਮੁਦਰਾ ਦੀ ਤਰ੍ਹਾਂ ਸੋਨਾ ਨਹੀਂ ਛਾਪ ਸਕਦੇ। ਨਾਲ ਹੀ, ਇਹ ਕੋਈ ਅਜਿਹੀ ਚੀਜ਼ ਨਹੀਂ ਹੈ ਜਿਸਨੂੰ ਹੱਥ ਦੀ ਸਫਾਈ ਜਾਂ ਜਾਦੂ ਵਾਂਗ ਹਵਾ ਵਿੱਚੋਂ ਪੈਦਾ ਕੀਤਾ ਜਾ ਸਕੇ।" ਉਹ ਅੱਗੇ ਕਹਿੰਦੇ ਹਨ, "ਹਾਲ ਹੀ ਦੇ ਸਮੇਂ ਵਿੱਚ, ਸਰਕਾਰਾਂ ਨੇ ਆਰਥਿਕ ਸੰਕਟਾਂ ਨੂੰ ਦੂਰ ਕਰਨ ਲਈ ਕਈ ਤਰ੍ਹਾਂ ਦੇ ਉਪਾਅ ਅਤੇ ਨੀਤੀਗਤ ਕਦਮ ਚੁੱਕੇ ਹਨ।" "ਇਸ ਵਿੱਚ ਵਿਆਜ ਦਰਾਂ ਨੂੰ ਘਟਾਉਣਾ, ਪੈਸੇ ਦੀ ਸਪਲਾਈ ਵਧਾਉਣਾ, ਮੁਦਰਾ ਨੀਤੀ ਰਾਹੀਂ ਬਾਜ਼ਾਰ ਵਿੱਚ ਪੈਸੇ ਦੀ ਉਪਲਬਧਤਾ ਵਧਾਉਣਾ, ਅਤੇ ਮੁਦਰਾ ਜਾਂ ਪੈਸਾ ਛਾਪਣ ਵਰਗੇ ਉਪਾਅ ਸ਼ਾਮਲ ਹਨ।" "ਇਸ ਸਭ ਵਿੱਚ, ਸੋਨੇ ਨੂੰ ਇੱਕ ਸਥਿਰ ਅਤੇ ਸੁਰੱਖਿਅਤ ਸੰਪਤੀ ਵਜੋਂ ਦੇਖਿਆ ਜਾਂਦਾ ਹੈ ਅਤੇ ਇਸ ਨੂੰ ਜਾਇਦਾਦ ਨੂੰ ਸਟੋਰ ਕਰਨ ਦੇ ਇੱਕ ਸਾਧਨ ਵਜੋਂ ਦੇਖਿਆ ਜਾਂਦਾ ਹੈ।"

ਹਾਲ ਹੀ ਦੇ ਸਮੇਂ ਵਿੱਚ, ਅਖੌਤੀ ਐਕਸਚੇਂਜ-ਟ੍ਰੇਡਡ ਫੰਡਾਂ ਰਾਹੀਂ ਸੋਨੇ ਦੀ ਮੰਗ ਵਿੱਚ ਕਾਫ਼ੀ ਵਾਧਾ ਹੋਇਆ ਹੈ। ਇਹ ਨਿਵੇਸ਼ ਦੇ ਸਾਧਨ ਹਨ, ਜੋ ਖ਼ੁਦ ਸੋਨੇ ਵਰਗੀ ਸੰਪਤੀ ਰੱਖਦੇ ਹਨ, ਜਦਕਿ ਨਿਵੇਸ਼ਕ ਇਸ ਫੰਡ ਵਿੱਚ ਸ਼ੇਅਰ ਖਰੀਦ ਅਤੇ ਵੇਚ ਸਕਦੇ ਹਨ। ਇਹ ਐਕਸਚੇਂਜ-ਟ੍ਰੇਡੇਡ ਫੰਡ ਵੱਡੇ ਸੰਸਥਾਗਤ ਨਿਵੇਸ਼ਕਾਂ ਵਿੱਚ ਪ੍ਰਸਿੱਧ ਹਨ। ਇਨ੍ਹਾਂ ਨਿਵੇਸ਼ਕਾਂ ਦੁਆਰਾ ਕੀਤੇ ਗਏ ਨਿਵੇਸ਼ਾਂ ਨੇ ਇਨ੍ਹਾਂ ਫੰਡਾਂ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ। ਜਨਵਰੀ 1980 ਵਿੱਚ ਤਤਕਾਲੀ ਸੋਵੀਅਤ ਸੰਘ ਦੇ ਅਫਗਾਨਿਸਤਾਨ 'ਤੇ ਹਮਲੇ ਤੋਂ ਬਾਅਦ, ਸੋਨੇ ਦੀ ਕੀਮਤ ਰਿਕਾਰਡ ਉਚਾਈ 'ਤੇ ਪਹੁੰਚ ਗਈ ਸੀ। ਕੱਚੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਸਨ, ਵਿਕਸਤ ਦੇਸ਼ਾਂ ਵਿੱਚ ਮਹਿੰਗਾਈ ਵਧ ਰਹੀ ਸੀ ਅਤੇ ਨਿਵੇਸ਼ਕ ਆਪਣੀ ਜਾਇਦਾਦ ਦੀ ਰੱਖਿਆ ਕਰਨਾ ਚਾਹੁੰਦੇ ਸਨ। ਇਸ ਲਈ ਉਹ ਸੋਨੇ ਵਿੱਚ ਨਿਵੇਸ਼ ਕਰ ਰਹੇ ਸਨ। ਵਿਸ਼ਵਵਿਆਪੀ ਵਿੱਤੀ ਸੰਕਟ ਤੋਂ ਬਾਅਦ ਵੀ, ਸੋਨੇ ਦੀ ਕੀਮਤ ਵਿੱਚ ਕਾਫ਼ੀ ਵਾਧਾ ਹੋਇਆ ਸੀ। ਇਸ ਲਈ, 2011 ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਮੁੜ ਉਛਾਲ ਆਇਆ। ਵਰਤਮਾਨ ਵਿੱਚ ਟਰੰਪ ਸਰਕਾਰ ਦੇ ਫੈਸਲਿਆਂ ਨਾਲ ਬਾਜ਼ਾਰ ਵਿੱਚ ਜੋ ਹਲਚਲ ਹੋਈ ਹੈ, ਉਸ ਕਾਰਨ ਹਾਲ ਹੀ ਦੇ ਸਮੇਂ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ।

### ਟਰੰਪ ਦਾ ਅਸਰ

ਸੋਨੇ ਦੀਆਂ ਕੀਮਤਾਂ ਵਿੱਚ ਸਭ ਤੋਂ ਤਾਜ਼ਾ ਵਾਧਾ ਉਦੋਂ ਹੋਇਆ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵੇਲ 'ਤੇ ਔਨਲਾਈਨ ਜ਼ੁਬਾਨੀ ਹਮਲਾ ਬੋਲਿਆ। ਟਰੰਪ ਨੇ ਤੁਰੰਤ ਵਿਆਜ ਦਰਾਂ ਵਿੱਚ ਕਟੌਤੀ ਦੀ ਮੰਗ ਕਰਦਿਆਂ, ਜੇਰੋਮ ਪਾਵੇਲ ਨੂੰ ਵਿਆਜ ਦਰਾਂ ਨੂੰ ਘਟਾਉਣ ਵਿੱਚ ਅਸਫਲ ਰਹਿਣ ਲਈ "ਵੱਡਾ ਨੁਕਸਾਨ" ਕਰਨ ਵਾਲਾ ਕਿਹਾ। ਕੁਝ ਲੋਕਾਂ ਨੇ ਟਰੰਪ ਦੇ ਇਸ ਬਿਆਨ ਨੂੰ ਅਮਰੀਕਾ ਦੇ ਕੇਂਦਰੀ ਬੈਂਕ, ਫੈਡਰਲ ਰਿਜ਼ਰਵ ਦੀ ਖੁਦਮੁਖਤਿਆਰੀ 'ਤੇ ਹਮਲੇ ਵਜੋਂ ਦੇਖਿਆ। ਨਤੀਜੇ ਵਜੋਂ, ਸਟਾਕ ਮਾਰਕੀਟ ਡਿੱਗ ਗਈ। ਡਾਲਰ ਦਾ ਮੁੱਲ ਹੋਰ ਪ੍ਰਮੁੱਖ ਵਿਸ਼ਵ ਮੁਦਰਾਵਾਂ ਦੇ ਮੁਕਾਬਲੇ ਡਿੱਗ ਗਿਆ ਅਤੇ ਸੋਨੇ ਦੀ ਕੀਮਤ ਹਾਲ ਹੀ ਦੇ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈ। ਹਾਲਾਂਕਿ, ਸੋਨੇ ਦੀਆਂ ਅਜੋਕੀਆਂ ਵਧੀਆਂ ਕੀਮਤਾਂ ਨੂੰ ਮਹਿਜ਼ ਟਰੰਪ ਫੈਕਟਰ ਦੁਆਰਾ ਸਮਝਣਾ ਠੀਕ ਨਹੀਂ।

ਸਾਲ 2022 ਦੇ ਅਖੀਰ ਤੋਂ ਸੋਨੇ ਦੀ ਕੀਮਤ ਤੇਜ਼ੀ ਨਾਲ ਵਧ ਰਹੀ ਹੈ। ਲੂਈਸ ਸਟ੍ਰੀਟ ਦੇ ਅਨੁਸਾਰ, ਇਸਦਾ ਇੱਕ ਮੁਖ ਕਾਰਨ ਕੇਂਦਰੀ ਬੈਂਕ ਹਨ। ਲੂਈਸ ਮੁਤਾਬਕ, "(ਉਹ) ਪਿਛਲੇ 15 ਸਾਲਾਂ ਤੋਂ ਆਪਣੇ ਅਧਿਕਾਰਤ ਭੰਡਾਰਾਂ ਵਿੱਚ ਵਾਧਾ ਕਰਨ ਲਈ ਸੋਨੇ ਦੇ ਪੱਕੇ ਖਰੀਦਦਾਰ ਰਹੇ ਹਨ। ਪਰ ਪਿਛਲੇ ਤਿੰਨ ਸਾਲਾਂ ਵਿੱਚ ਇਹ ਖਰੀਦਦਾਰੀ ਬਹੁਤ ਤੇਜ਼ ਹੋਈ ਹੈ।" ਕੇਂਦਰੀ ਬੈਂਕਾਂ ਨੇ 2022 ਤੋਂ ਬਾਅਦ ਹਰ ਸਾਲ ਸਮੂਹਿਕ ਤੌਰ 'ਤੇ 1,000 ਟਨ ਤੋਂ ਵੱਧ ਸੋਨਾ ਖਰੀਦਿਆ ਹੈ, ਜੋ ਕਿ 2010 ਤੋਂ 2021 ਦਰਮਿਆਨ ਔਸਤਨ 481 ਟਨ ਪ੍ਰਤੀ ਸਾਲ ਸੀ। ਪੋਲੈਂਡ, ਤੁਰਕੀ, ਭਾਰਤ, ਅਜ਼ਰਬਾਈਜਾਨ ਅਤੇ ਚੀਨ ਪਿਛਲੇ ਸਾਲ ਸੋਨੇ ਦੇ ਪ੍ਰਮੁੱਖ ਖਰੀਦਦਾਰਾਂ ਵਿੱਚ ਸ਼ਾਮਲ ਸਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਵਧਦੀ ਆਰਥਿਕ ਅਤੇ ਭੂਗੋਲਿਕ ਤੌਰ 'ਤੇ ਰਾਜਨੀਤਿਕ ਅਨਿਸ਼ਚਿਤਤਾ ਦੇ ਸਮੇਂ ਵਿੱਚ ਕੇਂਦਰੀ ਬੈਂਕ ਖੁਦ ਆਪਣੇ ਭੰਡਾਰਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋਣ।

ਗੋਲਡਮੈਨ ਸਾਕਸ ਵਿਖੇ ਗਲੋਬਲ ਕਮੋਡਿਟੀਜ਼ ਰਿਸਰਚ ਦੇ ਸਹਿ-ਮੁਖੀ, ਡਾਨ ਸਟਰੂਵੇਨ ਕਹਿੰਦੇ ਹਨ ਕਿ "2022 ਵਿੱਚ ਯੂਕਰੇਨ ਹਮਲੇ ਦੇ ਸੰਦਰਭ ਵਿੱਚ ਰੂਸੀ ਸੈਂਟਰਲ ਬੈਂਕ ਦੇ ਰਿਜ਼ਰਵ ਫ੍ਰੀਜ਼ ਹੋ ਗਏ ਸਨ, ਜਿਸ ਨਾਲ ਦੁਨੀਆਂ ਭਰ ਦੇ ਗਲੋਬਲ ਸੈਂਟਰਲ ਬੈਂਕਾਂ ਦੇ ਰਿਜ਼ਰਵ ਮੈਨੇਜਰਾਂ ਨੂੰ ਅਹਿਸਾਸ ਹੋਇਆ ਕਿ 'ਸ਼ਾਇਦ ਸਾਡੇ ਰਿਜ਼ਰਵ ਵੀ ਸੁਰੱਖਿਅਤ ਨਹੀਂ ਹਨ, ਕਿਵੇਂ ਰਹੇਗਾ ਜੇਕਰ ਅਸੀਂ ਸੋਨਾ ਖਰੀਦ ਕੇ ਆਪਣੇ ਹੀ ਵਾਲਟ ਵਿੱਚ ਰੱਖੀਏ।'" "ਅਤੇ ਇਸੇ ਲਈ ਅਸੀਂ ਕੇਂਦਰੀ ਬੈਂਕਾਂ ਤੋਂ ਸੋਨੇ ਦੀ ਮੰਗ ਵਿੱਚ ਪੰਜ ਗੁਣਾ ਵਾਧਾ ਦੇਖਿਆ ਹੈ।

ਨਿਵੇਸ਼ ਫਰਮ ਪੈਨਮੂਰ ਲਿਬਰਮ ਦੇ ਮੁੱਖ ਅਰਥ ਸ਼ਾਸਤਰੀ ਅਤੇ ਖੋਜ ਮੁਖੀ ਸਾਈਮਨ ਫ੍ਰੈਂਚ ਦਾ ਵੀ ਮੰਨਣਾ ਹੈ ਕਿ ਕੇਂਦਰੀ ਬੈਂਕਾਂ ਲਈ ਡਾਲਰ-ਅਧਾਰਤ ਬੈਂਕਿੰਗ ਪ੍ਰਣਾਲੀਆਂ ਤੋਂ ਆਜ਼ਾਦੀ ਇੱਕ ਵੱਡਾ ਕਾਰਕ ਰਹੀ ਹੈ। ਉਹ ਕਹਿੰਦੇ ਹਨ, "ਚੀਨ ਨੂੰ ਦੇਖੋ, ਰੂਸ ਨੂੰ ਵੀ, ਉਨ੍ਹਾਂ ਦਾ ਸੈਂਟਰਲ ਬੈਂਕ ਸੋਨੇ ਦਾ ਇੱਕ ਵੱਡਾ ਖਰੀਦਦਾਰ ਹੈ, ਅਤੇ ਤੁਰਕੀ ਵੀ।" ਉਹ ਕਹਿੰਦੇ ਹਨ, "ਅਜਿਹੇ ਬਹੁਤ ਸਾਰੇ ਦੇਸ਼ ਹਨ ਜੋ ਡਾਲਰ ਪ੍ਰਣਾਲੀ ਅਤੇ ਸੰਭਾਵੀ ਤੌਰ 'ਤੇ ਯੂਰੋ ਪ੍ਰਣਾਲੀ ਨੂੰ ਵੀ ਹਥਿਆਰ ਵਜੋਂ ਵਰਤੇ ਜਾਣ ਦੇ ਵਿਚਾਰ ਤੋਂ ਡਰਦੇ ਹਨ।" "ਜੇਕਰ ਉਹ ਦੇਸ਼ ਆਪਣੇ ਆਪ ਨੂੰ ਅਮਰੀਕਾ ਜਾਂ ਪੱਛਮੀ ਦ੍ਰਿਸ਼ਟੀਕੋਣ ਨਾਲ, ਕੂਟਨੀਤਕ ਆਧਾਰ 'ਤੇ ਜਾਂ ਫੌਜੀ ਆਧਾਰ 'ਤੇ ਨਹੀਂ ਜੋੜ ਰਹੇ ਹਨ... ਤਾਂ ਉਨ੍ਹਾਂ ਲਈ ਇਹ ਬਹੁਤ ਲਾਭਦਾਇਕ ਜਾਪਦਾ ਹੈ ਕਿ ਉਨ੍ਹਾਂ ਦੇ ਕੇਂਦਰੀ ਬੈਂਕ ਵਿੱਚ ਇੱਕ ਅਜਿਹੀ ਜਾਇਦਾਦ ਹੋਵੇ ਜੋ ਉਨ੍ਹਾਂ ਦੇ ਫੌਜੀ ਜਾਂ ਰਾਜਨੀਤਿਕ ਦੁਸ਼ਮਣਾਂ ਦੁਆਰਾ ਨਿਯੰਤਰਿਤ ਨਹੀਂ ਨਾ ਹੋਵੇ।" ਸੋਨੇ ਦੀਆਂ ਵਧ ਰਹੀਆਂ ਕੀਮਤਾਂ ਪਿੱਛੇ ਇੱਕ ਹੋਰ ਕਾਰਕ ਹੈ - ਫੋਮੋ ਭਾਵ ਫਿਅਰ ਆਫ਼ ਮਿਸਿੰਗ ਆਊਟ ਜਾਂ ਗੁਆਚਣ ਦਾ ਡਰ। ਜ਼ੋਈ ਲਿਓਨਸ ਦਾ ਮੰਨਣਾ ਹੈ ਕਿ ਹੈਟਨ ਗਾਰਡਨ ਵਿੱਚ ਫੋਮੋ ਦਾ ਹੀ ਮਾਮਲਾ ਹੈ। ਉਹ ਕਹਿੰਦੇ ਹਨ, ".ਲੋਕ ਸੁਨਹਿਰੀ ਮੌਕੇ ਦਾ ਲਾਭ ਲੈਣਾ ਚਾਹੁੰਦੇ ਹਨ ਅਤੇ ਇਸ ਦੇ ਲਈ ਉਹ ਭੌਤਿਕ ਸੋਨਾ ਖਰੀਦ ਰਹੇ ਹਨ।

### ਸੋਨੇ 'ਚ ਨਿਵੇਸ਼ ਸੁਰੱਖਿਅਤ ਹੈ?

ਹੁਣ, ਵੱਡਾ ਸਵਾਲ ਇਹ ਹੈ ਕਿ ਅੱਗੇ ਕੀ ਹੋਵੇਗਾ? ਕੁਝ ਮਾਹਰਾਂ ਦਾ ਮੰਨਣਾ ਹੈ ਕਿ ਸੋਨੇ ਦੀ ਕੀਮਤ ਵਿੱਚ ਉਛਾਲ ਆਉਂਦਾ ਰਹੇਗਾ, ਜਿਸ ਪਿੱਛੇ ਅਮਰੀਕਾ ਦੀਆਂ ਅਣਪਛਾਤੀਆਂ ਨੀਤੀਆਂ, ਮਹਿੰਗਾਈ ਦਾ ਦਬਾਅ ਅਤੇ ਕੇਂਦਰੀ ਬੈਂਕ ਦੀ ਖਰੀਦਦਾਰੀ ਮੁੱਖ ਕਾਰਨ ਹਨ। ਦਰਅਸਲ ਗੋਲਡਮੈਨ ਸਾਕਸ ਨੇ ਭਵਿੱਖਬਾਣੀ ਕੀਤੀ ਹੈ ਕਿ 2025 ਦੇ ਅੰਤ ਤੱਕ ਸੋਨਾ 3,700 ਡਾਲਰ ਪ੍ਰਤੀ ਔਂਸ ਅਤੇ 2026 ਦੇ ਮੱਧ ਤੱਕ 4,000 ਡਾਲਰ ਤੱਕ ਪਹੁੰਚ ਜਾਵੇਗਾ। ਪਰ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਮੰਦੀ ਜਾਂ ਵਪਾਰ ਯੁੱਧ ਦੇ ਵਧਣ ਦੀ ਸਥਿਤੀ ਵਿੱਚ ਇਹ ਇਸੇ ਸਾਲ ਦੇ ਅੰਤ ਵਿੱਚ 4,500 ਡਾਲਰ ਤੱਕ ਵੀ ਪਹੁੰਚ ਸਕਦਾ ਹੈ। ਡਾਨ ਸਟਰੂਵੇਨ ਦੱਸਦੇ ਹਨ, "ਅਮਰੀਕੀ ਸਟਾਕ ਮਾਰਕੀਟ ਸੋਨੇ ਦੇ ਬਾਜ਼ਾਰ ਨਾਲੋਂ 200 ਗੁਣਾ ਵੱਡੀ ਹੈ, ਇਸ ਲਈ ਵੱਡੇ ਸਟਾਕ ਮਾਰਕੀਟ ਜਾਂ ਵੱਡੇ ਬਾਂਡ ਮਾਰਕੀਟ ਤੋਂ ਇੱਕ ਛੋਟੀ ਜਿਹੀ ਵੀ ਹਲਚਲ ਦਾ ਮਤਲਬ ਹੈ - ਸੋਨੇ ਦੇ ਛੋਟੇ ਜਿਹੇ ਬਾਜ਼ਾਰ ਵਿੱਚ ਵੱਡਾ ਵਾਧਾ।"

ਦੂਜੇ ਸ਼ਬਦਾਂ ਵਿੱਚ, ਸੋਨੇ ਨੂੰ ਉੱਪਰ ਵੱਲ ਲਿਜਾਣ ਲਈ ਪ੍ਰਮੁੱਖ ਨਿਵੇਸ਼ ਬਾਜ਼ਾਰਾਂ ਵਿੱਚ ਬਹੁਤ ਜ਼ਿਆਦਾ ਗੜਬੜ ਦੀ ਲੋੜ ਨਹੀਂ ਪਵੇਗੀ। ਸਗੋਂ ਨਿੱਕੀ-ਮੋਟੀ ਹਲਚਲ ਨਾਲ ਹੀ ਇਸਦੀਆਂ ਕੀਮਤਾਂ ਉਪਰ ਵੱਲ ਨੂੰ ਚਲੀਆਂ ਜਾਣਗੀਆਂ। ਫਿਰ ਵੀ ਕੁਝ ਲੋਕ ਇਸ ਗੱਲ ਬਾਰੇ ਚਿੰਤਤ ਹਨ ਕਿ ਸੋਨੇ ਦੀ ਕੀਮਤ ਇੰਨੀ ਤੇਜ਼ੀ ਨਾਲ ਵਧ ਗਈ ਹੈ, ਕਿ ਇਸ ਨਾਲ ਬਾਜ਼ਾਰ 'ਚ ਇੱਕ ਪ੍ਰਕਾਰ ਦਾ ਬੁਲਬੁਲਾ ਬਣ ਗਿਆ ਹੈ ਅਤੇ ਬੁਲਬੁਲੇ ਕਦੇ ਵੀ ਫਟ ਸਕਦੇ ਹਨ। ਉਦਾਹਰਣ ਵਜੋਂ, 1980 ਵਿੱਚ ਸੋਨੇ ਦੀ ਕੀਮਤ ਵਿੱਚ ਨਾਟਕੀ ਵਾਧੇ ਤੋਂ ਬਾਅਦ ਇੱਕ ਮਹੱਤਵਪੂਰਨ ਸੁਧਾਰ ਵੀ ਹੋਇਆ ਸੀ, ਜੋ ਵਾਧੇ ਦੇ ਬਰਾਬਰ ਹੀ ਸੀ। ਉਸ ਵੇਲੇ, ਜਨਵਰੀ ਦੇ ਅਖੀਰ ਵਿੱਚ ਸੋਨੇ ਦੀ ਕੀਮਤ 850 ਡਾਲਰ ਤੋਂ ਘਟ ਕੇ ਅਪ੍ਰੈਲ ਦੇ ਸ਼ੁਰੂ ਵਿੱਚ ਸਿਰਫ਼ 485 ਡਾਲਰ ਰਹਿ ਗਈ ਸੀ। ਫਿਰ ਉਸ ਤੋਂ ਅਗਲੇ ਸਾਲ ਜੂਨ ਦੇ ਅੱਧ ਤੱਕ, ਇਹ ਸਿਰਫ਼ 297 ਡਾਲਰ ਹੋ ਗਈ ਸੀ। ਭਾਵ, ਸੋਨੇ ਦੇ ਸਿਖਰਲੇ ਮੁੱਲ ਤੋਂ 65 ਫੀਸਦੀ ਦੀ ਗਿਰਾਵਟ। ਇਸੇ ਤਰ੍ਹਾਂ, ਸਾਲ 2011 ਵਿੱਚ ਜਦੋਂ ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ੀ ਆਈ ਸੀ, ਉਸ ਵੇਲੇ ਵੀ ਇੱਕ ਤੇਜ਼ ਗਿਰਾਵਟ ਆਈ ਅਤੇ ਫਿਰ ਅਸਥਿਰਤਾ ਦਾ ਦੌਰ ਆਇਆ। ਚਾਰ ਮਹੀਨਿਆਂ ਦੇ ਅੰਦਰ ਇਹ 18 ਫੀਸਦੀ ਘਟ ਗਿਆ। ਕੁਝ ਸਮੇਂ ਲਈ ਸਿਖ਼ਰ 'ਤੇ ਰਹਿਣ ਤੋਂ ਬਾਅਦ, ਇਹ ਡਿੱਗਦਾ ਰਿਹਾ ਅਤੇ 2013 ਦੇ ਮੱਧ ਵਿੱਚ ਇੱਕ ਹੇਠਲੇ ਬਿੰਦੂ 'ਤੇ ਪਹੁੰਚ ਗਿਆ ਜੋ ਇਸਦੇ ਉੱਚਤਮ ਬਿੰਦੂ ਤੋਂ 35 ਫੀਸਦੀ ਹੇਠਾਂ ਸੀ।

ਮੌਰਨਿੰਗਸਟਾਰ ਦੇ ਇੱਕ ਉਦਯੋਗ ਮਾਹਰ, ਜੌਨ ਮਿਲਜ਼ ਮਾਰਚ ਵਿੱਚ ਉਸ ਵੇਲੇ ਸੁਰਖੀਆਂ ਵਿੱਚ ਆਏ ਜਦੋਂ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅਗਲੇ ਕੁਝ ਸਾਲਾਂ ਵਿੱਚ ਇੱਕ ਔਂਸ ਸੋਨੇ ਦੀ ਕੀਮਤ 1,820 ਡਾਲਰ ਤੱਕ ਘਟ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਮਾਈਨਿੰਗ ਫਰਮਾਂ ਆਪਣਾ ਉਤਪਾਦਨ ਵਧਾਉਣਗੀਆਂ ਅਤੇ ਹੋਰ ਰੀਸਾਈਕਲ ਕੀਤਾ ਗਿਆ ਸੋਨਾ ਬਾਜ਼ਾਰ ਵਿੱਚ ਆਵੇਗਾ, ਸਪਲਾਈ ਵਧੇਗੀ। ਉਸੇ ਸਮੇਂ ਕੇਂਦਰੀ ਬੈਂਕ ਵੀ ਆਪਣੀ ਖਰੀਦਦਾਰੀ ਨੂੰ ਘਟ ਕਰ ਦੇਣਗੇ, ਜਦਕਿ ਮੰਗ ਨੂੰ ਉਤੇਜਿਤ ਕਰਨ ਵਾਲੇ ਹੋਰ ਦਬਾਅ ਵੀ ਘੱਟ ਹੋ ਜਾਣਗੇ, ਜਿਸ ਨਾਲ ਕੀਮਤਾਂ ਹੇਠਾਂ ਆਉਣਗੀਆਂ। ਪਰ ਡਾਨ ਸਟਰੂਵੇਨ ਇਸ ਨਾਲ ਸਹਿਮਤ ਨਹੀਂ ਹਨ। ਉਹ ਮੰਨਦੇ ਹਨ ਕਿ ਥੋੜ੍ਹੇ ਸਮੇਂ ਲਈ ਗਿਰਾਵਟ ਆ ਸਕਦੀ ਹੈ, ਪਰ ਕੀਮਤਾਂ ਆਮ ਤੌਰ 'ਤੇ ਵਧਦੀਆਂ ਰਹਿਣਗੀਆਂ। ਉਨ੍ਹਾਂ ਮੁਤਾਬਕ, "ਜੇਕਰ ਅਸੀਂ ਯੂਕਰੇਨ ਸ਼ਾਂਤੀ ਸਮਝੌਤਾ ਚਾਹੁੰਦੇ ਹਾਂ ਜਾਂ ਤੇਜ਼ੀ ਨਾਲ ਵਪਾਰ ਵਿੱਚ ਕਮੀ ਲਿਆਉਣਾ ਚਾਹੁੰਦੇ ਹਾਂ, ਤਾਂ ਮੈਨੂੰ ਲੱਗਦਾ ਹੈ ਕਿ ਹੇਜ ਫੰਡ ਆਪਣੇ ਕੁਝ ਪੈਸੇ ਸੋਨੇ ਵਿੱਚੋਂ ਕੱਢਣ ਅਤੇ ਇਸਨੂੰ ਜੋਖਮ ਭਰੇ ਵਿਕਲਪਾਂ ਜਿਵੇਂ ਕਿ ਸਟਾਕ ਮਾਰਕਿਟ ਵਿੱਚ ਲਗਾਉਣ ਬਾਰੇ ਵਿਚਾਰ ਕਰਨਗੇ।"

ਉਹ ਕਹਿੰਦੇ ਹਨ, "ਇਸ ਲਈ ਤੁਸੀਂ ਅਸਥਾਈ ਗਿਰਾਵਟ ਦੇਖ ਸਕਦੇ ਹੋ। ਪਰ ਸਾਨੂੰ ਪੂਰਾ ਭਰੋਸਾ ਹੈ ਕਿ ਇਸ ਬਹੁਤ ਹੀ ਅਨਿਸ਼ਚਿਤ ਭੂ-ਰਾਜਨੀਤਿਕ ਸਥਿਤੀ

(ਬਾਕੀ ਅਗਲੇ ਸਫੇ 'ਤੇ)

# ਭੇਦਭਰੀ ਬਿਮਾਰੀ ਜਿਸ ਕਾਰਨ 18 ਬੱਚਿਆਂ ਦੀਆਂ ਅੱਖਾਂ ਕੱਢਣੀਆਂ ਪਈਆਂ

ਜੇਕਰ ਤੁਹਾਡੇ ਬੱਚੇ ਦੀਆਂ ਅੱਖਾਂ ਕਾਲੀਆਂ ਹੋਣ ਦੀ ਬਜਾਏ ਚਿੱਟੀਆਂ ਦਿਖਾਈ ਦਿੰਦੀਆਂ ਹਨ, ਅੱਖਾਂ ਸੁੰਗੜ ਜਾਂਦੀਆਂ ਹਨ, ਜਾਂ ਬੱਚਾ ਕਮਜ਼ੋਰ ਨਜ਼ਰ ਦੀ ਸ਼ਿਕਾਇਤ ਕਰਦਾ ਹੈ, ਤਾਂ ਤੁਹਾਨੂੰ ਤੁਰੰਤ ਅੱਖਾਂ ਦੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਹ ਲੱਛਣ ਰੈਟੀਨੋਬਲਾਸਟੋਮਾ ਦੇ ਹੋ ਸਕਦੇ ਹਨ। ਰੈਟੀਨੋਬਲਾਸਟੋਮਾ ਅੱਖ ਦੇ ਰੈਟੀਨਾ ਦਾ ਕੈਂਸਰ ਹੈ। ਇਹ ਬਿਮਾਰੀ ਜਨਮ ਤੋਂ ਲੈ ਕੇ 8 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਦੇਖੀ ਜਾਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਇਸ ਦਾ ਪਤਾ ਲੱਗ ਜਾਵੇ ਤਾਂ ਬੱਚੇ ਦੀਆਂ ਅੱਖਾਂ, ਨਜ਼ਰ ਅਤੇ ਜਾਨ ਬਚਾਈ ਜਾ ਸਕਦੀ ਹੈ। ਲੈਂਸੇਟ ਵੈੱਬਸਾਈਟ ਦੇ ਅਨੁਸਾਰ, ਇਹ ਬਿਮਾਰੀ ਚੀਨ ਦੇ ਮੁਕਾਬਲੇ ਭਾਰਤ ਦੇ ਬੱਚਿਆਂ ਵਿੱਚ ਦੁੱਗਣੀ ਅਤੇ ਅਮਰੀਕਾ ਵਿੱਚ ਛੇ ਗੁਣਾ ਜ਼ਿਆਦਾ ਪਾਈ ਜਾਂਦੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਹ ਬਿਮਾਰੀ ਖ਼ਾਨਦਾਨੀ ਹੈ। ਸਾਲ 2024 ਵਿੱਚ, ਇਕੱਲੇ ਅਹਿਮਦਾਬਾਦ ਸਿਵਲ ਹਸਪਤਾਲ ਵਿੱਚ ਰੈਟੀਨੋਬਲਾਸਟੋਮਾ ਬਿਮਾਰੀ ਕਾਰਨ 18 ਬੱਚਿਆਂ ਦੀਆਂ ਅੱਖਾਂ ਕੱਢਣੀਆਂ ਪੈਣਗੀਆਂ।

ਅੱਠ ਸਾਲਾ ਫਰਾਹ ਦੇ ਪਿਤਾ ਮੁਸਤਫ਼ਾ ਮਸਕਤੀ ਕਹਿੰਦੇ ਹਨ, "ਮੇਰੀ ਧੀ ਨੂੰ ਮੋਤੀਆਬਿੰਦ ਦਾ ਕੈਂਸਰ ਸੀ ਜੋ ਉਸ ਦੀ ਅੱਖ ਤੱਕ ਫੈਲ ਗਿਆ ਸੀ। ਲੇਜ਼ਰ ਅਤੇ ਕੀਮੋਥੈਰੇਪੀ ਨਾਲ ਕੋਈ ਫ਼ਰਕ ਨਹੀਂ ਪਿਆ। ਉਸ ਦੀ ਜਾਨ ਬਚਾਉਣ ਲਈ ਉਸ ਦੀ ਅੱਖ ਕੱਢਣ ਤੋਂ ਇਲਾਵਾ ਕੋਈ ਬਦਲ ਨਹੀਂ ਸੀ।" "ਡਾਕਟਰਾਂ ਨੇ ਆਪ੍ਰੇਸ਼ਨ ਕਰ ਕੇ ਪਹਿਲਾਂ ਇੱਕ ਅੱਖ ਕੱਢ ਦਿੱਤੀ। ਉਹ ਦੂਜੀ ਅੱਖ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਹ ਵੀ ਅਸਫ਼ਲ ਰਹੀ ਅਤੇ ਕੁਝ ਸਮੇਂ ਬਾਅਦ, ਉਸ ਦੀ ਦੂਜੀ ਅੱਖ ਨੂੰ ਵੀ ਕੱਢਣਾ ਪਿਆ। ਮੇਰੀ ਧੀ ਨੇ ਆਪਣੀ ਨਜ਼ਰ ਗੁਆ ਦਿੱਤੀ, ਪਰ ਅਪਣਾ ਆਤਮਵਿਸ਼ਵਾਸ ਨਹੀਂ ਗੁਆਇਆ।" ਮੱਧ ਗੁਜਰਾਤ ਦੇ ਵਸਨੀਕ ਮੁਸਤਫ਼ਾਭਾਈ ਮਸਕਤੀ ਦੇ ਅਨੁਸਾਰ ਜਦੋਂ ਫਰਾਹ ਤਿੰਨ ਸਾਲ ਦੀ ਸੀ, ਤਾਂ ਉਸ ਨੂੰ ਰੈਟੀਨੋਬਲਾਸਟੋਮਾ (ਰੈਟੀਨਾ ਦਾ ਕੈਂਸਰ) ਹੋਣ ਬਾਰੇ ਪਤਾ ਲੱਗਿਆ ਸੀ। ਇਸ ਬਿਮਾਰੀ ਕਾਰਨ ਫਰਾਹ ਦੀਆਂ ਦੋਵੇਂ ਅੱਖਾਂ ਸਰਜਰੀ ਰਾਹੀਂ ਕੱਢ ਦਿੱਤੀਆਂ ਹਨ। ਫਰਾਹ ਫਿਲਹਾਲ ਨੇਤਰਹੀਣ ਬੱਚਿਆਂ ਦੇ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹ ਰਹੀ ਹੈ। ਫਰਾਹ ਪੜ੍ਹਾਈ ਕਰ ਕੇ ਡਾਕਟਰ ਬਣਨਾ ਚਾਹੁੰਦੀ ਹੈ। ਫਰਾਹ ਦੇ ਪਿਤਾ ਮੁਸਤਫ਼ਾਭਾਈ ਮਸਕਤੀ ਨੇ ਦੱਸਿਆ, "ਮੇਰੀ ਧੀ ਦੀ ਅੱਖ ਵਿੱਚ ਚਿੱਟੇ ਮੋਤੀ ਵਰਗੀ ਕੋਈ ਚੀਜ਼ ਚਮਕ ਰਹੀ ਸੀ। ਅਸੀਂ ਉਸ ਨੂੰ ਚੈਕਅੱਪ ਲਈ ਆਨੰਦ ਵਿੱਚ ਇੱਕ ਅੱਖਾਂ ਦੇ ਡਾਕਟਰ ਕੋਲ ਲੈ ਗਏ। "ਡਾਕਟਰ ਨੇ ਉਸ ਦੀਆਂ ਅੱਖਾਂ ਨੂੰ ਦੇਖ ਕੇ ਹੀ ਸਮਝ ਲਿਆ। ਉਨ੍ਹਾਂ ਨੇ ਮੈਨੂੰ ਆਪਣੀ ਧੀ ਦੀ ਅੱਖ ਦਾ ਐੱਮਆਰਆਈ ਕਰਵਾਉਣ ਲਈ ਕਿਹਾ।"

"ਜਦੋਂ ਮੈਨੂੰ ਪਤਾ ਲੱਗਾ ਕਿ ਮੇਰੀ ਧੀ ਨੂੰ ਅੱਖ ਦਾ ਕੈਂਸਰ ਹੈ, ਤਾਂ ਅਜਿਹਾ ਲੱਗਾ ਜਿਵੇਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੋਵੇ। ਸਾਡੇ ਡਾਕਟਰ ਦੀ ਸਲਾਹ 'ਤੇ, ਅਸੀਂ ਇਲਾਜ ਲਈ ਅਹਿਮਦਾਬਾਦ ਸਿਵਲ ਹਸਪਤਾਲ ਆਏ। ਸਿਵਲ ਹਸਪਤਾਲ ਦਾ ਨਾਮ ਸੁਣ ਕੇ ਅਸੀਂ ਥੋੜ੍ਹੇ ਜਿਹੇ ਚਿੰਤਤ ਹੋਏ ਕਿ ਇੱਥੇ ਪ੍ਰਬੰਧ ਕਿਹੋ ਜਿਹੇ ਹੋਣਗੇ, ਪਰ ਅੱਖਾਂ ਦੇ ਹਸਪਤਾਲ ਦਾ ਸਟਾਫ ਬਹੁਤ ਮਦਦਗਾਰ ਹੈ।

### ਮਾਂ ਦੀ ਚੌਕਸੀ ਨੇ ਦੋ ਪੁੱਤਰਾਂ ਦੀਆਂ ਅੱਖਾਂ ਬਚਾਈਆਂ

ਮੂਲ ਰੂਪ ਵਿੱਚ ਬਿਹਾਰ ਦੇ ਨਿਵਾਸੀ ਅਤੇ 25 ਸਾਲਾਂ ਤੋਂ ਦੱਖਣੀ ਗੁਜਰਾਤ ਦੇ ਉਦਯੋਗਿਕ ਸ਼ਹਿਰ ਵਿੱਚ ਰਹਿ ਰਹੇ ਰਾਜੇਸ਼ ਸਿੰਘ ਦੇ ਦੋ ਪੁੱਤਰਾਂ ਨੂੰ ਰੈਟੀਨੋਬਲਾਸਟੋਮਾ ਦਾ ਪਤਾ ਲੱਗਿਆ ਹੈ। ਸਮੇਂ ਸਿਰ ਇਲਾਜ ਹੋਣ ਕਾਰਨ, ਉਨ੍ਹਾਂ ਦੇ ਦੋਵੇਂ ਪੁੱਤਰਾਂ ਦੀਆਂ ਅੱਖਾਂ ਬਚ ਗਈਆਂ। ਕਿਉਂਕਿ ਉਨ੍ਹਾਂ ਦਾ ਦਿਉਰ ਬਿਮਾਰ ਸੀ, ਇਸ ਲਈ ਰਾਜੇਸ਼ ਦੀ ਪਤਨੀ ਨੇ ਬੱਚੇ ਦੀਆਂ ਅੱਖਾਂ ਵਿੱਚੋਂ ਪਾਣੀ ਆਉਣ ਦੇ ਲੱਛਣ ਨੂੰ ਗੰਭੀਰਤਾ ਨਾਲ ਲਿਆ ਅਤੇ ਡਾਕਟਰ ਕੋਲ ਗਈ, ਜਿੱਥੇ ਬਿਮਾਰੀ ਦਾ ਜਲਦੀ ਪਤਾ ਲੱਗ ਗਿਆ। ਰਾਕੇਸ਼ ਅਤੇ ਮਹੇਸ਼ ਦੇ ਪਿਤਾ ਰਾਜੇਸ਼ ਸਿੰਘ ਨੇ ਕਿਹਾ, "ਇਹ ਅਕਤੂਬਰ 2014 ਦੀ ਗੱਲ ਹੈ। ਮੈਂ ਬਿਹਾਰ ਦੇ ਆਪਣੇ ਪਿੰਡ ਗਿਆ ਹੋਇਆ ਸੀ। ਮੇਰੀ ਪਤਨੀ ਉੱਥੇ ਸੀ। ਮੇਰਾ ਛੋਟਾ ਪੁੱਤਰ ਰਾਕੇਸ਼ 6 ਮਹੀਨਿਆਂ ਦਾ ਸੀ।" "ਮੇਰੀ ਪਤਨੀ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਰਾਕੇਸ਼ ਦੀਆਂ ਅੱਖਾਂ ਵਿੱਚ ਪਾਣੀ ਅਤੇ ਲਾਲ ਸਨ। ਕਿਰਪਾ ਕਰਕੇ ਘਰ ਆ ਜਾਓ। ਸ਼ੁਰੂ ਵਿੱਚ, ਮੈਂ



ਸੋਚਿਆ ਕਿ ਇਹ ਛੋਟੇ ਬੱਚਿਆਂ ਨਾਲ ਅਜਿਹਾ ਹੁੰਦਾ ਹੋਵੇਗਾ।" "ਹਾਲਾਂਕਿ, ਮੇਰੇ ਸਾਲੇ ਨੂੰ ਇਹ ਬਿਮਾਰੀ ਬਚਪਨ ਵਿੱਚ ਸੀ, ਇਸ ਲਈ ਮੇਰੀ ਪਤਨੀ ਨੂੰ ਮੇਰੇ ਪੁੱਤਰ ਦੀਆਂ ਅੱਖਾਂ ਵਿੱਚੋਂ ਪਾਣੀ ਆਉਣ ਨੂੰ ਬਹੁਤ ਗੰਭੀਰਤਾ ਨਾਲ ਲਿਆ ਗਿਆ। ਅਸੀਂ ਆਪਣੇ ਨਜ਼ਦੀਕੀ ਹਸਪਤਾਲ ਗਏ। ਡਾਕਟਰ ਨੇ ਪਤਾ ਲਗਾਇਆ ਕਿ ਤੁਹਾਡੇ ਪੁੱਤਰ ਨੂੰ ਰੈਟਿਨਲ ਕੈਂਸਰ ਹੈ।" "ਡਾਕਟਰ ਨੇ ਸਾਨੂੰ ਇਲਾਜ ਲਈ ਅਹਿਮਦਾਬਾਦ ਆਉਣ ਦੀ ਸਲਾਹ ਦਿੱਤੀ। ਡਾਕਟਰ ਦੀ ਸਲਾਹ ਸਾਡੇ ਲਈ ਵਰਦਾਨ ਸਾਬਤ ਹੋਈ। ਅਹਿਮਦਾਬਾਦ ਸਿਵਲ ਆਈ ਹਸਪਤਾਲ ਦੇ ਸਟਾਫ ਨੇ ਵੀ ਸਾਡਾ ਪੂਰਾ ਸਾਥ ਦਿੱਤਾ।"

ਰਾਜੇਸ਼ ਸਿੰਘ ਨੇ ਅੱਗੇ ਕਿਹਾ, "ਸਿਰਫ਼ ਮੇਰੇ ਛੋਟੇ ਪੁੱਤਰ ਵਿੱਚ ਲੱਛਣ ਦਿਖਾਈ ਦਿੱਤੇ। ਮੇਰੇ ਵੱਡੇ ਪੁੱਤਰ ਅਤੇ ਧੀ ਦੀਆਂ ਅੱਖਾਂ ਵਿੱਚ ਕੋਈ ਲੱਛਣ ਨਹੀਂ ਦਿਖਾਈ ਦਿੱਤੇ। ਡਾਕਟਰ ਨੇ ਮੈਨੂੰ ਆਪਣੇ ਵੱਡੇ ਪੁੱਤਰ ਅਤੇ ਧੀ ਦੀਆਂ ਅੱਖਾਂ ਦੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ।" "ਜਦੋਂ ਮੈਂ ਆਪਣੇ ਪੁੱਤਰ ਅਤੇ ਧੀ ਦੀਆਂ ਅੱਖਾਂ ਦੀ ਜਾਂਚ ਕਰਵਾ ਰਿਹਾ ਸੀ, ਤਾਂ ਮੇਰੇ ਵੱਡੇ ਪੁੱਤਰ ਨੂੰ ਵੀ ਅੱਖਾਂ ਦੇ ਕੈਂਸਰ ਦਾ ਪਤਾ ਲੱਗਿਆ। ਹਾਲਾਂਕਿ, ਕਿਉਂਕਿ ਇਸ ਦਾ ਸਮੇਂ ਸਿਰ ਪਤਾ ਲੱਗ ਗਿਆ, ਇਸ ਲਈ ਉਸ ਦਾ ਇਲਾਜ ਵੀ ਸ਼ੁਰੂ ਕਰ ਦਿੱਤਾ ਗਿਆ।"

ਰਾਜੇਸ਼ ਸਿੰਘ ਕਹਿੰਦੇ ਹਨ, "ਮੇਰੇ ਦੋਵੇਂ ਪੁੱਤਰਾਂ ਨੂੰ ਲੇਜ਼ਰ ਅਤੇ ਕੀਮੋਥੈਰੇਪੀ ਦਿੱਤੀ ਗਈ। ਮੇਰੇ ਛੋਟੇ ਪੁੱਤਰ ਦੀ ਇੱਕ ਅੱਖ ਵਿੱਚ ਥੋੜ੍ਹੀ ਜਿਹੀ ਧੁੰਦਲੀ ਨਜ਼ਰ ਹੈ, ਪਰ ਉਸ ਦੀ ਦੂਜੀ ਅੱਖ ਪੂਰੀ ਤਰ੍ਹਾਂ ਤੰਦਰੁਸਤ ਹੈ।" "ਜਦਕਿ ਵੱਡੇ ਪੁੱਤਰ ਦੀਆਂ ਦੋਵੇਂ ਅੱਖਾਂ ਸਿਹਤਮੰਦ ਹਨ। ਮੇਰੀ ਪਤਨੀ ਅਤੇ ਡਾਕਟਰਾਂ ਦੇ ਸਮੇਂ ਸਿਰ ਦਖ਼ਲ ਕਾਰਨ, ਮੇਰੇ ਦੋਵੇਂ ਪੁੱਤਰਾਂ ਦੀਆਂ ਅੱਖਾਂ ਬਚ ਗਈਆਂ।" "ਮੇਰਾ ਛੋਟਾ ਪੁੱਤਰ 11 ਸਾਲ ਦਾ ਹੈ ਅਤੇ ਮੇਰਾ ਵੱਡਾ ਪੁੱਤਰ 15 ਸਾਲ ਦਾ ਹੈ। ਅਸੀਂ ਉਨ੍ਹਾਂ ਦੀਆਂ ਅੱਖਾਂ ਦੀ ਨਿਯਮਿਤ ਤੌਰ 'ਤੇ ਜਾਂਚ ਕਰਵਾਉਂਦੇ ਹਾਂ, ਪਹਿਲਾਂ ਅਸੀਂ ਹਰ ਛੇ ਮਹੀਨਿਆਂ ਬਾਅਦ ਉਨ੍ਹਾਂ ਦੀ ਜਾਂਚ ਕਰਵਾਉਂਦੇ ਸੀ। ਹੁਣ ਅਸੀਂ ਹਰ ਸਾਲ ਉਨ੍ਹਾਂ ਦੀ ਜਾਂਚ ਕਰਵਾਉਂਦੇ ਹਾਂ।

### ਰੈਟੀਨੋਬਲਾਸਟੋਮਾ ਬਿਮਾਰੀ ਕੀ ਹੈ?

ਅਹਿਮਦਾਬਾਦ ਸਿਵਲ ਹਸਪਤਾਲ ਦੇ ਅੱਖਾਂ ਦੇ ਮਾਹਰ ਡਾ. ਵਿਲਹੇਲਮੀਨਾ ਅੰਸਾਰੀ ਨੇ ਕਿਹਾ, "ਰੇਟੀਨੋਬਲਾਸਟੋਮਾ ਅੱਖ ਦੇ ਰੈਟੀਨਾ ਦਾ ਕੈਂਸਰ ਹੈ, ਜੋ ਜਨਮ ਤੋਂ ਲੈ ਕੇ 8 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਦੇਖਿਆ ਜਾਂਦਾ ਹੈ।" "ਪਹਿਲਾਂ, ਇਸ ਬਿਮਾਰੀ ਦੇ ਲੱਛਣ ਚਾਰ ਸਾਲ ਬਾਅਦ ਦਿਖਾਈ ਦਿੰਦੇ ਸਨ। ਹਾਲਾਂਕਿ, ਹੁਣ ਲੱਛਣ ਪਹਿਲਾਂ ਦਿਖਾਈ ਦੇਣ ਲੱਗ ਪਏ ਹਨ। ਵਰਤਮਾਨ ਵਿੱਚ, ਸਾਡੇ ਕੋਲ ਇੱਕ ਮਹੀਨੇ ਦਾ ਬੱਚਾ ਹੈ ਜਿਸ ਨੂੰ ਰੈਟੀਨੋਬਲਾਸਟੋਮਾ ਹੈ।" ਡਾ. ਅੰਸਾਰੀ ਕਹਿੰਦੇ ਹਨ, "ਇਸ ਬਿਮਾਰੀ ਦੀ ਕੁੰਜੀ ਇਹ ਹੈ ਕਿ ਜਲਦੀ ਪਤਾ ਲੱਗਣ ਨਾਲ ਬੱਚੇ ਦੀ ਨਜ਼ਰ ਬਚ ਜਾਂਦੀ ਹੈ ਅਤੇ ਬੱਚੇ ਦੀ ਜਾਨ ਬਚ ਜਾਂਦੀ ਹੈ।"

ਡਾ. ਵਿਲਹੇਲਮੀਨਾ ਅੰਸਾਰੀ ਅੱਗੇ ਦੱਸਦੇ ਹਨ, "ਇਹ ਬਿਮਾਰੀ ਖ਼ਾਨਦਾਨੀ ਹੁੰਦੀ ਹੈ। ਜੇਕਰ ਕਿਸੇ ਬੱਚੇ ਨੂੰ ਇਹ ਹੈ, ਤਾਂ ਸੰਭਾਵਨਾ ਹੈ ਕਿ ਉਸ ਦੇ ਭੈਣ-ਭਰਾ ਨੂੰ ਵੀ ਇਹ ਬਿਮਾਰੀ ਹੋਵੇਗੀ, ਇਸ ਲਈ ਜੇਕਰ ਇਹ ਬਿਮਾਰੀ ਕਿਸੇ ਬੱਚੇ ਵਿੱਚ ਪਾਈ ਜਾਂਦੀ ਹੈ ਤਾਂ ਜੇਕਰ ਉਸ ਦੇ ਹੋਰ ਭੈਣ-ਭਰਾ ਵੀ ਛੋਟੇ ਹਨ, ਤਾਂ ਉਨ੍ਹਾਂ ਦੀਆਂ ਅੱਖਾਂ ਦੀ ਵੀ ਜਾਂਚ ਕਰਵਾਉਣੀ ਚਾਹੀਦੀ ਹੈ।" "ਇਸ ਦੇ ਨਾਲ ਹੀ ਜੇਕਰ ਮਾਤਾ-ਪਿਤਾ ਦੂਜੇ ਬੱਚੇ ਦੀ ਪਲਾਨਿੰਗ ਕਰ ਰਹੇ ਹਨ ਤਾਂ ਮਾਂ ਦੇ ਗਰਭ ਵਿੱਚ ਪਲ ਰਹੇ ਭਰੂਣ ਦੀ ਜੈਨੇਟਿਕ ਪ੍ਰੋਫਾਇਲ ਰਿਪੋਰਟ ਮਿਲਣ ਨਾਲ ਇਸ ਬਿਮਾਰੀ ਦਾ ਪਤਾ ਲੱਗ ਸਕਦਾ ਹੈ।" "ਇਸ ਤੋਂ ਇਲਾਵਾ, ਜੇਕਰ ਕਿਸੇ ਦੇ ਪਰਿਵਾਰ ਵਿੱਚ ਕਿਸੇ ਖ਼ੂਨ ਦੇ ਰਿਸ਼ਤੇਦਾਰ ਨੂੰ ਇਹ ਬਿਮਾਰੀ ਹੈ, ਤਾਂ ਗਰਭਵਤੀ ਔਰਤ ਦੀ ਜੈਨੇਟਿਕ ਪ੍ਰੋਫਾਈਲ ਰਿਪੋਰਟ ਬਣਾਈ ਜਾ ਸਕਦੀ ਹੈ। ਇਸ ਤੋਂ ਪਤਾ ਲੱਗ ਸਕਦਾ ਹੈ ਕਿ ਜੀਨ ਮਿਊਟੇਸ਼ਨ ਹੈ ਜਾਂ ਨਹੀਂ।" "ਜੇਕਰ ਇਹ ਪਤਾ ਲੱਗਦਾ ਹੈ ਕਿ ਭਰੂਣ ਵਿੱਚ ਜੀਨ ਮਿਊਟੇਸ਼ਨ ਹੋਇਆ ਹੈ, ਤਾਂ ਗਰਭ ਵਿੱਚ ਪਲ਼ ਰਹੇ ਬੱਚੇ ਦਾ ਸ਼ੁਰੂ ਤੋਂ ਹੀ ਇਲਾਜ ਕੀਤਾ ਜਾ ਸਕਦਾ ਹੈ, ਜਿਸ ਨਾਲ ਬੱਚੇ ਦੀ ਨਜ਼ਰ ਅਤੇ ਅੱਖਾਂ ਨੂੰ ਬਚਾਇਆ ਜਾ ਸਕਦਾ ਹੈ।

### ਰੈਟੀਨੋਬਲਾਸਟੋਮਾ ਦੇ ਲੱਛਣ

ਡਾ. ਅੰਸਾਰੀ ਕਹਿੰਦੇ ਹਨ, "ਬੱਚੇ ਦੀਆਂ ਅੱਖਾਂ ਕਾਲੀਆਂ ਹੋਣ ਦੀ ਬਜਾਏ ਚਿੱਟੀਆਂ ਦਿਖਾਈ ਦੇ ਸਕਦੀਆਂ ਹਨ, ਬੱਚਾ ਘੱਟ ਜਾਂ ਧੁੰਦਲੀ ਨਜ਼ਰ ਦੀ ਸ਼ਿਕਾਇਤ ਕਰ ਸਕਦਾ ਹੈ, ਬੱਚੇ ਦੀਆਂ ਅੱਖਾਂ ਟੇਢੀਆਂ ਹੋ ਸਕਦੀਆਂ ਹਨ ਜਾਂ ਕੁਝ ਮਾਮਲਿਆਂ ਵਿੱਚ, ਬੱਚੇ ਦੀਆਂ ਅੱਖਾਂ ਖੁੱਲ੍ਹੀਆਂ ਹੋ ਸਕਦੀਆਂ ਹਨ।" "ਜੇਕਰ ਇਹਨਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦਿੰਦੇ ਹਨ, ਤਾਂ ਤੁਰੰਤ ਅੱਖਾਂ ਦੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।" ਇਲਾਜ ਬਾਰੇ ਗੱਲ ਕਰਦੇ ਹੋਏ ਡਾ। ਵਿਲਹੇਲਮੀਨਾ ਅੰਸਾਰੀ ਕਹਿੰਦੇ ਹਨ, "ਜੇਕਰ ਸ਼ੁਰੂਆਤੀ ਪੜਾਅ ਵਿੱਚ ਟਿਊਮਰ ਛੋਟਾ ਹੈ, ਤਾਂ ਇਸਦਾ ਇਲਾਜ ਲੇਜ਼ਰ ਨਾਲ ਕੀਤਾ ਜਾ ਸਕਦਾ ਹੈ। ਜੇਕਰ ਲੇਜ਼ਰ ਨਾਲ ਕੋਈ ਫ਼ਰਕ ਨਹੀਂ ਪੈਂਦਾ ਜਾਂ ਟਿਊਮਰ ਵੱਡਾ ਹੈ, ਤਾਂ ਕੀਮੋਥੈਰੇਪੀ ਦਿੱਤੀ ਜਾਂਦੀ ਹੈ।"

"ਜੇਕਰ ਕੀਮੋਥੈਰੇਪੀ ਨਾਲ ਵੀ ਸਥਿਤੀ ਵਿੱਚ ਸੁਧਾਰ ਨਹੀਂ ਹੁੰਦਾ ਹੈ, ਤਾਂ ਬੱਚੇ ਦੀ ਅੱਖ ਨੂੰ ਸਰਜਰੀ ਰਾਹੀਂ ਹਟਾਉਣਾ ਪੈਂਦਾ ਹੈ। ਕੁਝ ਮਾਮਲਿਆਂ ਵਿੱਚ, ਇੱਕ ਅੱਖ ਕੱਢਣੀ ਪੈਂਦੀ ਹੈ। ਕੁਝ ਮਾਮਲਿਆਂ ਵਿੱਚ ਜੇਕਰ ਕੈਂਸਰ ਫੈਲ ਗਿਆ ਹੈ, ਤਾਂ ਦੋਵੇਂ ਅੱਖਾਂ ਕੱਢਣੀਆਂ ਪੈਂਦੀਆਂ ਹਨ।" ਡਾ. ਅੰਸਾਰੀ ਅੱਗੇ ਕਹਿੰਦੇ ਹਨ, "ਜੇਕਰ ਸਮੇਂ ਸਿਰ ਪਤਾ ਲੱਗ ਜਾਵੇ, ਤਾਂ ਇਲਾਜ ਦੁਆਰਾ ਅੱਖ ਨੂੰ ਬਚਾਇਆ ਜਾ ਸਕਦਾ ਹੈ। ਜੇਕਰ ਇਹ ਬਹੁਤ ਗੰਭੀਰ ਸਥਿਤੀ ਵਿੱਚ ਪਹੁੰਚ ਜਾਂਦੀ ਹੈ, ਤਾਂ ਅਜਿਹੀ ਸਥਿਤੀ ਵਿੱਚ, ਬੱਚੇ ਦੀ ਜਾਨ ਬਚਾਉਣ ਲਈ ਅੱਖ ਨੂੰ ਕੱਢਣਾ ਪੈਂਦਾ ਹੈ।" "ਇੱਕ ਵਾਰ ਅੱਖ ਹਟਾ ਦੇਣ ਤੋਂ ਬਾਅਦ, ਦਾਨ ਕੀਤੀ ਅੱਖ ਨੂੰ ਵੀ ਦੁਬਾਰਾ ਟ੍ਰਾਂਸਪਲਾਂਟ ਨਹੀਂ ਕੀਤਾ ਜਾ ਸਕਦਾ।" "ਅੱਖ ਦੇ ਸਾਕਟ ਨੂੰ ਦਿਖਾਈ ਦੇਣ ਤੋਂ ਰੋਕਣ ਲਈ ਇੱਕ ਨਕਲੀ ਅੱਖ ਪਾ ਜਾਣੀ ਚਾਹੀਦੀ ਹੈ। ਨਾਲ ਹੀ, ਜਿਨ੍ਹਾਂ ਦੀ ਇੱਕ ਅੱਖ ਕੱਢੀ ਗਈ ਹੈ, ਉਨ੍ਹਾਂ ਨੂੰ ਦੂਜੀ ਅੱਖ ਦਾ ਵੀ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਬੱਚੇ ਨੂੰ 21 ਸਾਲ ਦੀ ਉਮਰ ਤੱਕ ਹਰ ਛੇ ਮਹੀਨਿਆਂ ਵਿੱਚ ਨਿਯਮਤ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

### ਹਰ ਸਾਲ ਕਿੰਨੇ ਬੱਚਿਆਂ ਨੂੰ ਇਸ ਬਿਮਾਰੀ ਦਾ ਪਤਾ ਲੱਗਦਾ ਹੈ?

ਵਿਲਹੇਲਮੀਨਾ ਅੰਸਾਰੀ ਕਹਿੰਦੇ ਹਨ, "ਭਾਰਤ ਵਿੱਚ, ਹਰ 1.5 ਲੱਖ ਜਨਮਾਂ ਵਿੱਚੋਂ ਇੱਕ ਬੱਚਾ ਇਸ ਬਿਮਾਰੀ ਤੋਂ ਪੀੜਤ ਹੈ।" ਡਾ. ਅੰਸਾਰੀ ਕਹਿੰਦੇ ਹਨ, "ਸਾਲ 2024 ਵਿੱਚ ਸਾਡੇ ਹਸਪਤਾਲ ਵਿੱਚ ਰੈਟੀਨੋਬਲਾਸਟੋਮਾ ਕਾਰਨ 18 ਬੱਚਿਆਂ ਦੀਆਂ ਅੱਖਾਂ ਕੱਢਣ ਦੀ ਸਰਜਰੀ ਹੋਈ। ਸਾਲ ਵਿੱਚ ਕੁੱਲ 45 ਬੱਚੇ ਆਏ, ਜਿਨ੍ਹਾਂ ਦਾ ਜਲਦੀ ਪਤਾ ਲੱਗ ਗਿਆ। ਇਲਾਜ ਨੇ ਉਨ੍ਹਾਂ ਦੀ ਨਜ਼ਰ ਅਤੇ ਅੱਖਾਂ ਨੂੰ ਬਚਾਇਆ।"

ਲੈਂਸੇਟ ਗਲੋਬਲ ਵੈੱਬਸਾਈਟ 'ਤੇ ਪ੍ਰਕਾਸ਼ਿਤ ਇੱਕ ਜਰਨਲ ਲੇਖ ਦੇ ਅਨੁਸਾਰ, ਭਾਰਤ ਵਿੱਚ ਰੈਟੀਨੋਬਲਾਸਟੋਮਾ ਦੇ ਸਭ ਤੋਂ ਵੱਧ ਮਾਮਲੇ ਹਨ। ਲੈਂਸੇਟ ਜਰਨਲ ਦੇ ਅਨੁਸਾਰ, ਇਹ ਬਿਮਾਰੀ ਭਾਰਤ ਵਿੱਚ ਹਰ ਸਾਲ ਲਗਭਗ 2000 ਬੱਚਿਆਂ ਵਿੱਚ ਦੇਖੀ ਜਾਂਦੀ ਹੈ। ਭਾਰਤ ਵਿੱਚ ਚੀਨ ਨਾਲੋਂ 50 ਫੀਸਦ ਵੱਧ ਮਾਮਲੇ ਹਨ। ਇਹ ਬਿਮਾਰੀ ਅਮਰੀਕਾ ਨਾਲੋਂ 6 ਗੁਣਾ ਜ਼ਿਆਦਾ ਬੱਚਿਆਂ ਵਿੱਚ ਪਾਈ ਜਾਂਦੀ ਹੈ। ਘੱਟ ਆਮਦਨ ਵਾਲੇ ਦੇਸ਼ਾਂ ਵਿੱਚ, ਸਮੇਂ ਸਿਰ ਨਿਦਾਨ ਦੀ ਘਾਟ ਕਾਰਨ ਇਹ ਬਿਮਾਰੀ ਇੱਕ ਉੱਨਤ ਪੜਾਅ 'ਤੇ ਪਹੁੰਚ ਜਾਂਦੀ ਹੈ।

(ਰੈਟੀਨੋਬਲਾਸਟੋਮਾ ਵਾਲੇ ਬੱਚਿਆਂ ਦੇ ਨਾਮ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪਛਾਣ ਨੂੰ ਰੱਖਿਆ ਲਈ ਬਦਲਿਆ ਗਿਆ ਹੈ ਕਿਉਂਕਿ ਉਹ ਨਾਬਾਲਗ ਹਨ।)

# ਰੱਖਿਆ ਮੋਰਚੇ ’ਤੇ ਆਤਮ ਨਿਰਭਰ ਮੁਲਕ ਹੀ ਅੱਗੇ ਵਧ ਸਕਦੇ ਨੇ

(ਸਫਾ 15 ਦੀ ਬਾਕੀ)

ਕਰੋੜ ਰੁਪਏ ਦੇ ਰੱਖਿਆ ਉਤਪਾਦਨ ਅਤੇ 50,000 ਕਰੋੜ ਰੁਪਏ ਦੇ ਉਤਪਾਦਾਂ ਦੀ ਬਰਾਮਦ ਦਾ ਹੈ।

ਸਪੱਸ਼ਟ ਹੈ ਕਿ ਭਾਰਤ ਨਾ ਸਿਰਫ਼ ਆਪਣੀ ਰੱਖਿਆ ਪ੍ਰਤੀ ਵਚਨਬੱਧ ਹੈ, ਬਲਕਿ ਉਹ ਵਿਸ਼ਵ ਨੂੰ ਕਿਫ਼ਾਇਤੀ ਦਰਾਂ ’ਤੇ ਅਸਰਦਾਰ ਰੱਖਿਆ ਸਮੱਗਰੀ ਉਪਲੱਬਧ ਕਰਵਾਉਣ ਦੀ ਦਿਸ਼ਾ ’ਚ ਵੀ ਅੱਗੇ ਵਧ ਰਿਹਾ ਹੈ। ਰੱਖਿਆ ਉਤਪਾਦਨ ’ਚ ਆ ਰਹੀ ਤੇਜ਼ੀ ਦੇ ਪਿੱਛੇ ਵੱਡੇ ਸੁਧਾਰਾਂ ਦੀ ਮਹੱਤਵਪੂਰਨ ਭੂਮਿਕਾ ਹੈ। ਰੱਖਿਆ ਉਤਪਾਦਨ ਨੂੰ ਰਫ਼ਤਾਰ ਪ੍ਰਦਾਨ ਕਰਨ ਲਈ ਉੱਤਰ ਪ੍ਰਦੇਸ਼ ਤੇ ਤਾਮਿਲਨਾਡੂ ’ਚ ਡਿਫੈਂਸ ਕਾਰੀਡੋਰ ਬਣਾਏ ਗਏ ਹਨ। ਸਟਾਰਟਅਪ ਪ੍ਰੋਤਸਾਹਿਤ ਕਰਨ ’ਚ ਆਈਡੀਈਐਕਸ ਦੀ ਕਾਮਯਾਬੀ ਵੀ ਜ਼ਿਕਰਯੋਗ ਹੈ।

ਸਵਦੇਸ਼ੀਕਰਨ ਲਈ ਸ੍ਰਿਜਨ ਜਿਹੀ ਪਹਿਲ ਨੂੰ ਅਮਲ ’ਚ ਲਿਆਉਣ ਦੇ ਨਾਲ ਹੀ ਜਨਤਕ-ਨਿੱਜੀ ਹਿੱਸੇਦਾਰੀ ਨੂੰ ਪਰਵਾਨ ਚੜ੍ਹਾਉਣਾ ਵੀ ਕਾਰਗਰ ਰਿਹਾ ਹੈ। ਕੁੱਲ ਰੱਖਿਆ ਉਤਪਾਦਨ ’ਚ ਨਿੱਜੀ ਖੇਤਰ ਦਾ ਯੋਗਦਾਨ ਹੁਣ 21 ਫ਼ੀਸਦੀ ਤੋਂ ਵੱਧ ਹੋ ਗਿਆ ਹੈ, ਜਿਸ ’ਚ ਛੋਟੀਆਂ ਅਤੇ ਦਰਮਿਆਨੀਆਂ ਕੰਪਨੀਆਂ ਤੇ ਲਾਇਸੈਂਸ ਹਾਸਲ ਕੰਪਨੀਆਂ ਸਪਲਾਈ ਚੇਨ ਦੀ ਰੀੜ੍ਹ ਬਣੀਆਂ ਹੋਈਆਂ ਹਨ। ਨਵੀਨਤਾ ਹੁਣ ਸਿਰਫ਼ ਪੱਛਮ ਦਾ ਏਕਾਧਿਕਾਰ ਨਹੀਂ। ਭਾਰਤੀ ਲੈਬਾਰਟਰੀਆਂ ’ਚ ਨਵੀਤਨਾ ਨੂੰ ਸਾਕਾਰ ਰੂਪ ਦੇ ਕੇ ਰਣਭੂਮੀ ’ਚ ਉਸ ਦੀ ਅਸਰਦਾਰ ਪਰਖ ਵੀ ਹੋ ਰਹੀ ਹੈ।



ਆਪ੍ਰੇਸ਼ਨ ਸਿੰਧੂਰ ਇਨ੍ਹਾਂ ਕਲਪਨਾਵਾਂ ਦਾ ਵਿਵਹਾਰਿਕ ਨਤੀਜਾ ਰਿਹਾ। ਭਾਰਤ ਦਾ ਸੁਨੇਹਾ ਹੈ ਕਿ ਉਹ ਮਦਦ ਦੀ ਉਡੀਕ ਨਾ ਕਰ ਕੇ ਆਪਣੀ ਸਮਰੱਥਾ ਖ਼ੁਦ ਵਿਕਸਿਤ ਕਰੇਗਾ।

ਅੱਜ ਜਦ ਦੇਸ਼ਾਂ ਦੀਆਂ ਆਸਥਾਵਾਂ ਬਦਲ ਕੇ ਨਵੇਂ ਸਮੂਹ ਬਣ ਰਹੇ ਹਨ ਤੇ ਨਿਰਭਰਤਾ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ, ਤਦ ਆਪ੍ਰੇਸ਼ਨ ਸਿੰਧੂਰ ਆਤਮਨਿਰਭਰਤਾ ਦਾ ਐਲਾਨ ਵੀ ਕਰ ਰਿਹਾ ਹੈ।

# ਸੋਨੇ ਦੀ ਕੀਮਤ ਅਸਮਾਨ ਵੱਲ, ਆਮ ਆਦਮੀ ਦੇ ਵੱਸ ਤੋਂ ਬਾਹਰ

(ਸਫਾ 17 ਦੀ ਬਾਕੀ)

ਵਿੱਚ, ਜਿੱਥੇ ਕੇਂਦਰੀ ਬੈਂਕ ਸੁਰੱਖਿਅਤ ਰਿਜ਼ਰਵ ਹੋਲਡਿੰਗ ਚਾਹੁੰਦੇ ਹਨ, ਉਹ ਵਧੇਰੇ ਉੱਚੀ ਮੰਗ ਨਾ ਸਹੀ ਪਰ ਮੱਧਮ ਮੰਗ ਤਾਂ ਜਾਰੀ ਰੱਖਣਗੇ। ਰਸ ਮੋਲਡ ਦਾ ਮੰਨਣਾ ਹੈ ਕਿ ਘੱਟੋ-ਘੱਟ, ਉੱਪਰ ਵੱਲ ਰੁਝਾਨ ਵਿੱਚ ਹਲਕੀ ਢਿੱਲ ਆਵੇਗੀ। ਉਹ ਕਹਿੰਦੇ ਹਨ, "ਇਹ ਦੇਖਦੇ ਹੋਏ ਕਿ ਇਸਦਾ ਇੰਨਾ ਸ਼ਾਨਦਾਰ ਦੌਰ ਰਿਹਾ ਹੈ, ਇਹ ਉਮੀਦ ਕਰਨਾ ਤਰਕਸੰਗਤ ਹੋਵੇਗਾ ਕਿ ਇਸਨੂੰ ਕਿਸੇ ਪੜਾਅ 'ਤੇ ਸਾਹ ਲੈਣ ਲਈ ਵਿਰਾਮ ਮਿਲੇਗਾ।" ਪਰ ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਜੇਕਰ ਇੱਕ ਤੇਜ਼ ਆਰਥਿਕ ਮੰਦੀ ਆਉਂਦੀ ਹੈ ਅਤੇ ਵਿਆਜ ਦਰਾਂ ਵਿੱਚ ਕਟੌਤੀ ਕੀਤੀ ਜਾਂਦੀ ਹੈ, ਤਾਂ ਸੋਨੇ ਦੀ ਕੀਮਤ ਲੰਬੇ ਸਮੇਂ ਲਈ ਵਧ ਸਕਦੀ ਹੈ। ਨਿਵੇਸ਼ਕ ਇਸ ਗੱਲ ਨੂੰ ਲੈ ਕੇ ਵੀ ਸਮੀਖਿਆ ਕਰ ਰਹੇ ਹਨ ਕਿ ਕੀ ਸੋਨੇ ਦੀ ਹਾਲੀਆ ਰਿਕਾਰਡ ਕੀਮਤ ਇਸਦੇ ਸਿਖਰਲੇ ਪੱਧਰ ਤੋਂ ਪਹਿਲਾਂ ਸਿਰਫ਼ ਇੱਕ ਪੜਾਅਵਾਰ ਵਾਧਾ ਹੈ।

ਪੈਨਮੂਰ ਲਿਬਰਮ ਵਿਖੇ ਸਾਈਮਨ ਫ੍ਰੈਂਚ ਦਾ ਮੰਨਣਾ ਹੈ ਕਿ ਹੋ ਸਕਦਾ ਹੈ ਕਿ ਇਸ ਦੀਆਂ ਕੀਮਤਾਂ ਦਾ ਸਿਖਰ ਹੁਣ ਬਹੁਤ ਨੇੜੇ ਹੋਵੇ ਅਤੇ ਸੰਭਾਵਨਾ ਹੈ ਕਿ ਵੱਡੇ ਪੈਸੇ ਕਮਾਉਣ ਦੀ ਉਮੀਦ ਵਿੱਚ ਜੋ ਲੋਕ ਬਾਜ਼ਾਰ 'ਚ ਉਤਰੇ ਹੋਏ ਹਨ, ਉਹ ਨਿਰਾਸ਼ ਹੋਣ।

ਹੋਰ ਮਾਹਿਰ ਚੇਤਾਵਨੀ ਦਿੰਦੇ ਹਨ ਕਿ ਹਾਲ ਹੀ ਵਿੱਚ ਸੋਨੇ ਨੂੰ ਲੈ ਕੇ ਹੋ ਰਹੇ ਪ੍ਰਚਾਰ ਅਤੇ ਸੁਰਖੀਆਂ ਨਾਲ ਪ੍ਰਭਾਵਿਤ ਹੋ ਕੇ ਜੋ ਲੋਕ ਸੋਨਾ ਖਰੀਦ ਰਹੇ ਹਨ, ਜੇਕਰ ਬਾਜ਼ਾਰ ਉਲਟ ਗਿਆ ਤਾਂ ਉਨ੍ਹਾਂ ਨੂੰ ਨੁਕਸਾਨ ਹੋ ਸਕਦਾ ਹੈ। ਹਰਗ੍ਰੀਵਜ਼ ਲੈਂਸਡਾਊਨ ਵਿਖੇ ਪੈਸੇ ਅਤੇ ਬਾਜ਼ਾਰਾਂ ਸਬੰਧੀ ਮੁਖੀ, ਸੁਸਾਨਾਹ ਸਟ੍ਰੀਟਰ ਵੀ ਇਸੇ ਗੱਲ ਨਾਲ ਸਹਿਮਤੀ ਜਤਾਉਂਦੇ ਹੋਏ ਕਹਿੰਦੇ ਹਨ ਕਿ "ਥੋੜ੍ਹੇ ਸਮੇਂ ਦੀਆਂ ਅਟਕਲਾਂ ਉਲਟਾ ਅਸਰ ਪਾ ਸਕਦੀਆਂ ਹਨ।" ਉਹ ਕਹਿੰਦੇ ਹਨ, "ਸੋਨੇ ਵਿੱਚ ਨਿਵੇਸ਼ ਕਰਨ ਬਾਰੇ ਵਿਚਾਰ ਕਰਨ ਵਾਲੇ ਨਿਵੇਸ਼ਕਾਂ ਨੂੰ ਇੱਕ ਵਿਭਿੰਨ ਪੋਰਟਫੋਲੀ ਦੇ ਹਿੱਸੇ ਵਜੋਂ ਅਜਿਹਾ ਕਰਨਾ ਚਾਹੀਦਾ ਹੈ – ਉਨ੍ਹਾਂ ਨੂੰ ਆਪਣਾ ਸਾਰਾ ਨਿਵੇਸ਼ ਸੋਨੇ ਵਿੱਚ ਨਹੀਂ ਕਰਨਾ ਚਾਹੀਦਾ।

# ਕੈਥੋਲਿਕ ਚਰਚ ਕੋਲ ਕਿੰਨੀ ਦੌਲਤ ਹੈ ਅਤੇ ਇਹ ਕਿੱਥੋਂ ਆਉਂਦੀ ਹੈ?

ਇੱਕ ਕਹਾਵਤ ਹੈ ਕਿ ਕੈਥੋਲਿਕ ਚਰਚ ਦੀਆਂ ਸੰਪਤੀਆਂ ਦੀ ਕੀਮਤ ਸ਼ਰਧਾ ਦੇ ਰਹੱਸਾਂ ਵਿੱਚੋਂ ਇੱਕ ਹੈ ਯਾਨੀ ਇੱਕ ਅਜਿਹਾ ਰਾਜ਼ ਹੈ ਜਿਸ ਨੂੰ ਸੰਸਥਾ ਨੇ ਸਦੀਆਂ ਤੋਂ ਸੰਭਾਲ ਕੇ ਰੱਖਿਆ ਹੋਇਆ ਹੈ। ਚਰਚ ਕਈ ਸ਼ਾਖਾਵਾਂ ਜਾਂ ਡਾਇ ਸਿਸ (ਬਿਸ਼ਪ ਅਧੀਨ ਆਉਂਦਾ ਕਈ ਚਰਚਾਂ ਦਾ ਖੇਤਰ) ਵਿੱਚ ਵੰਡਿਆ ਹੋਇਆ ਹੈ ਜਿਨ੍ਹਾਂ ਵਿੱਚ ਹਰੇਕ ਦਾ ਵਿੱਤੀ ਲੇਖਾ-ਜੋਖਾ ਆਪਣਾ ਹੁੰਦਾ ਹੈ। ਦੁਨੀਆਂ ਦੇ 1.4 ਅਰਬ ਕੈਥੋਲਿਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਚਰਚ ਦੀ ਸੰਪਤੀ ਦਾ ਸਮੁੱਚਾ ਅੰਕੜਾ ਪ੍ਰਾਪਤ ਕਰਨਾ ਜੇ ਅਸੰਭਵ ਨਹੀਂ ਤਾਂ ਇੱਕ ਔਖਾ ਕੰਮ ਜ਼ਰੂਰ ਹੈ। ਪਰ, ਸਭ ਤੋਂ ਪਹਿਲਾਂ ਗੱਲ ਕਰਦੇ ਹਾਂ 'ਹੋਲੀ ਸੀ' ਦੀ ਜੋ ਵੈਟੀਕਨ ਵਿੱਚ ਧਾਰਮਿਕ ਸੰਗਠਨ ਦੇ ਕੇਂਦਰ ਵਿੱਚ ਸਥਿਤ ਅਧਿਆਤਮਿਕ ਅਤੇ ਪ੍ਰਬੰਧਕੀ ਅਥਾਰਟੀ ਹੈ।

**'ਹੋਲੀ ਸੀ'**

ਚਰਚ ਦੀ ਮਜ਼ਬੂਤ ਅੰਦਰੂਨੀ ਗੁਪਤਤਾ ਦੇ ਕਾਰਨ, ਪਿਛਲੇ ਕੁਝ ਸਾਲਾਂ ਵਿੱਚ 'ਹੋਲੀ ਸੀ' ਦੀ ਸੰਪਤੀ ਬਾਰੇ ਅਟਕਲਾਂ ਵਧਦੀਆਂ ਹੀ ਜਾ ਰਹੀਆਂ ਹਨ। ਪਰ ਆਪਣੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ ਪੋਪ ਫਰਾਂਸਿਸ, ਜਿਨ੍ਹਾਂ ਦਾ 21 ਅਪ੍ਰੈਲ ਨੂੰ ਦੇਹਾਂਤ ਹੋ ਗਿਆ ਸੀ, ਉਹ ਬਦਲਾਅ ਅਤੇ ਜ਼ਿਆਦਾ ਵਿੱਤੀ ਪਾਰਦਰਸ਼ਤਾ ਲਈ ਜ਼ੋਰ ਦਿੰਦੇ ਰਹੇ। ਇਸ ਦੀ ਇੱਕ ਉਦਾਹਰਨ 2021 ਵਿੱਚ 'ਐਡਮਿਨਿਸਟ੍ਰੇਸ਼ਨ ਆਫ਼ ਦਿ ਪੈਟਰੀਮੋਨੀ ਆਫ਼ ਦਿ ਅਪੋਸਟੋਲਿਕ ਸੀਜ਼' (ਏਪੀਐੱਸਏ) ਦੇ ਪਿਛਲੇ ਸਾਲ ਦੇ ਵਿੱਤੀ ਵਿਵਰਣ ਦਾ ਪ੍ਰਕਾਸ਼ਨ ਹੈ, ਜੋ ਹੁਣ ਇੱਕ ਸਾਲਾਨਾ ਪ੍ਰਥਾ ਬਣ ਗਿਆ ਹੈ। 1967 ਵਿੱਚ ਏਪੀਐੱਸਏ ਦੀ ਸਥਾਪਨਾ ਤੋਂ ਬਾਅਦ ਇਹ ਪਹਿਲੀ ਵਾਰ ਸੀ ਜਦੋਂ ਇਹ ਅੰਕੜੇ ਸਾਹਮਣੇ ਆਏ। ਏਪੀਐੱਸਏ ਦੀ ਤਾਜ਼ਾ ਰਿਪੋਰਟ ਅਨੁਸਾਰ, 2023 ਵਿੱਚ ਵੈਟੀਕਨ ਦੁਆਰਾ ਸੰਚਾਲਿਤ ਚਰਚ ਦੀ ਸ਼ਾਖਾ ਨੂੰ ਕੁੱਲ 52 ਮਿਲੀਅਨ ਡਾਲਰ ਤੋਂ ਵੱਧ ਦਾ ਮੁਨਾਫਾ ਹੋਇਆ ਅਤੇ ਪਿਛਲੇ ਸਾਲ ਦੇ ਮੁਕਾਬਲੇ ਜਾਇਦਾਦ ਵਿੱਚ ਲਗਭਗ 8 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਰੋਮ ਸਥਿਤ ਮਾਰਕੀਟ, ਕਲਚਰ ਅਤੇ ਐਥਿਕਸ ਰਿਸਰਚ ਸੈਂਟਰ (ਐੱਮਸੀਈ) ਦੇ ਅਨੁਸਾਰ, ਕੁੱਲ ਜਾਇਦਾਦ ਦਾ ਖੁਲਾਸਾ ਨਹੀਂ ਕੀਤਾ ਗਿਆ, ਪਰ ਤਾਜ਼ਾ ਅਨੁਮਾਨਿਤ ਅੰਕੜਾ ਲਗਭਗ 1 ਬਿਲੀਅਨ ਡਾਲਰ ਹੈ।

ਇਹ ਕੀਮਤ ਧਰਮ ਕਾਰਜ ਸੰਸਥਾਨ (ਇੰਸਟੀਚਿਊਟ ਫਾਰ ਦਿ ਵਰਕਸ ਆਫ਼ ਰਿਲੀਜਨ-ਆਈਓਆਰ) ਜਿਸ ਨੂੰ ਵੈਟੀਕਨ ਬੈਂਕ ਵਜੋਂ ਵੀ ਜਾਣਿਆ ਜਾਂਦਾ ਹੈ, ਦੁਆਰਾ ਪ੍ਰਬੰਧਿਤ ਸਾਰੀਆਂ ਸੰਪਤੀਆਂ ਨੂੰ ਦਰਸਾਉਂਦੀ ਹੈ। ਇਸ ਲਈ ਇਸ ਵਿੱਚ ਬਹੁਤ ਸਾਰੀਆਂ ਇਮਾਰਤਾਂ ਅਤੇ ਬਹੁਤ ਸਾਰੀ ਜ਼ਮੀਨ ਸ਼ਾਮਲ ਨਹੀਂ ਹੈ। ਏਪੀਐੱਸਏ ਦਾ ਕਹਿਣਾ ਹੈ ਕਿ ਚਰਚ 5,000 ਤੋਂ ਵੱਧ ਸੰਪਤੀਆਂ ਦੇ ਪ੍ਰਬੰਧਨ ਤੋਂ ਵੀ ਆਮਦਨ ਹਾਸਲ ਕਰਦਾ ਹੈ, ਜਿਨ੍ਹਾਂ ਵਿੱਚੋਂ ਪੰਜਵਾਂ ਹਿੱਸਾ ਕਿਰਾਏ 'ਤੇ ਦਿੱਤਾ ਜਾਂਦਾ ਹੈ। ਏਪੀਐੱਸਏ ਮੁਤਾਬਕ ਇਸ ਨਾਲ 8.4 ਕਰੋੜ ਡਾਲਰ ਦੀ ਸੰਚਾਲਨ ਆਮਦਨ ਅਤੇ ਤਕਰੀਬਨ 4 ਕਰੋੜ ਡਾਲਰ ਦਾ ਸ਼ੁੱਧ ਸਾਲਾਨਾ ਲਾਭ ਪ੍ਰਾਪਤ ਹੁੰਦਾ ਹੈ। ਇਹ ਸਾਰੇ ਅੰਕੜੇ ਵੈਟੀਕਨ ਦੀ ਵਿੱਤੀ ਪ੍ਰਣਾਲੀ ਨਾਲ ਸਬੰਧਤ ਹਨ ਅਤੇ ਇਸ ਵਿੱਚ ਦੁਨੀਆਂ ਭਰ ਵਿੱਚ ਮੌਜੂਦ ਕੈਥੋਲਿਕ ਚਰਚ ਦੀਆਂ ਹੋਰ ਸ਼ਾਖਾਵਾਂ ਸ਼ਾਮਲ ਨਹੀਂ ਹਨ। ਕਿਉਂਕਿ ਕੈਥੋਲਿਕ ਚਰਚ ਦੇ ਵਿੱਤ ਵਿਕੇਂਦਰੀਕ੍ਰਿਤ ਹਨ ਅਤੇ ਹਰੇਕ ਡਾਇਓਸਿਸ (ਬਿਸ਼ਪ ਦੇ ਅਧੀਨ ਆਉਣ ਵਾਲਾ ਚਰਚਾਂ ਦਾ ਸਮੂਹ) ਆਪਣੇ ਬਜਟ ਦਾ ਪ੍ਰਬੰਧਨ ਖ਼ੁਦ ਕਰਦਾ ਹੈ, ਇਸ ਲਈ ਦੁਨੀਆਂ ਭਰ ਵਿੱਚ ਕੁੱਲ ਸੰਪਤੀਆਂ ਅਤੇ ਆਮਦਨ ਬਹੁਤ ਜ਼ਿਆਦਾ ਹੈ ਅਤੇ ਸ਼ਾਇਦ ਇਹ ਗਣਨਾ ਤੋਂ ਵੀ ਪਰੇ ਹੈ। ਸਾਓ ਪਾਓਲੋ ਦੀ ਪੋਂਟੀਫਿਕਲ ਕੈਥੋਲਿਕ ਯੂਨੀਵਰਸਿਟੀ (ਪੀਯੂਸੀ-ਐੱਸਪੀ) ਦੇ ਸਮਾਜਿਕ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਫਰਨਾਂਡੋ ਅਲਟੇਮੇਅਰ ਜੂਨੀਅਰ ਕਹਿੰਦੇ ਹਨ, "ਸੰਪੂਰਨ ਕੈਥੋਲਿਕ ਚਰਚ ਦੀਆਂ ਸੰਪਤੀਆਂ ਦਾ ਅੰਦਾਜ਼ਾ ਲਗਾਉਣਾ ਵਿਵਹਾਰਕ ਤੌਰ 'ਤੇ ਅਸੰਭਵ ਹੈ।"

ਪੈਰਿਸ ਸਥਿਤ ਧਰਮ ਅਤੇ ਨਿਰਪੱਖਤਾ ਅਧਿਐਨ ਸੰਸਥਾਨ (ਇੰਸਟੀਚਿਊਟ ਫਾਰ ਦਿ ਸਟੱਡੀ ਆਫ਼ ਰਿਲੀਜਨਜ਼ ਐਂਡ ਸੈਕੂਲਰਿਜ਼ਮ-ਆਈਆਰਈਐੱਲ) ਦੇ ਮੁਤਾਬਕ ਵਿਸ਼ਵ ਪੱਧਰ 'ਤੇ ਚਰਚ ਦੀਆਂ ਵੱਖ-ਵੱਖ ਸ਼ਾਖਾਵਾਂ ਕੋਲ 71 ਤੋਂ 81 ਮਿਲੀਅਨ ਹੈਕਟੇਅਰ ਜ਼ਮੀਨ ਹੈ, ਇਸ ਲਈ ਚਰਚ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਜ਼ਮੀਨ ਮਾਲਕਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਚਰਚ ਦੀਆਂ ਜਾਇਦਾਦਾਂ ਵਿੱਚ ਗਿਰਜਾਘਰ, ਸਕੂਲ, ਹਸਪਤਾਲ, ਮੱਠ ਅਤੇ ਹੋਰ ਜਾਇਦਾਦਾਂ ਸ਼ਾਮਲ ਹਨ।

**ਕੈਥੋਲਿਕ ਚਰਚ ਦੀ ਕਿਸਮਤ ਦਾ ਉਦੇ**

ਜੇਕਰ ਕੈਥੋਲਿਕ ਚਰਚ ਆਪਣੇ ਹੀ ਕੈਨਨ ਕਾਨੂੰਨ ਦੀ ਪਾਲਣਾ ਕਰਦਾ ਹੈ, ਤਾਂ ਇਹ ਸਥਿਤੀ ਕਿਵੇਂ ਪੈਦਾ ਹੋਈ? ਰੂਲ ਬੁੱਕ ਵਿੱਚ ਇਹ ਕਿਹਾ ਗਿਆ ਹੈ ਕਿ ਚਰਚ ਦਾ ਉਦੇਸ਼ ਦੌਲਤ ਇਕੱਠੀ ਕਰਨਾ ਜਾਂ ਮੁਨਾਫ਼ਾ ਕਮ-ਾਉਣਾ ਨਹੀਂ ਹੋਣਾ ਚਾਹੀਦਾ। ਜਿਵੇਂ ਡੀ ਸੂਜ਼ਾ ਨੇ 'ਚਰਚ ਦੇ ਇਤਿਹਾਸ' ਵਿੱਚ ਲਿਖਿਆ ਹੈ ਕਿ ਚਰਚ ਨੇ ਚੌਥੀ ਸਦੀ ਵਿੱਚ ਸਮਰਾਟ ਕਾਂਸਟੈਂਟਾਈਨ (272-337 ਈ।) ਨਾਲ ਮਾਲ ਅਤੇ ਦੌਲਤ ਇਕੱਠੀ ਕਰਨੀ ਸ਼ੁਰੂ ਕੀਤੀ, ਜਿਨ੍ਹਾਂ ਨੇ ਕੈਥੋਲਿਕ ਧਰਮ ਨੂੰ ਰੋਮਨ ਸਾਮਰਾਜ ਦਾ ਅਧਿਕਾਰਤ ਧਰਮ ਬਣਾ ਦਿੱਤਾ। ਇਤਿਹਾਸਕਾਰ ਦਾ ਕਹਿਣਾ ਹੈ ਕਿ ਉਸ ਸਮੇਂ ਈਸਾਈ ਲੋਕ ਨਿਮਰਤਾ ਨਾਲ ਰਹਿੰਦੇ ਸਨ ਅਤੇ ਆਪਣੇ ਘਰਾਂ ਜਾਂ ਕਬਰਸਤਾਨਾਂ ਵਿੱਚ ਹੀ ਸੇਵਾਵਾਂ ਦਿੰਦੇ ਸਨ। ਡੀ ਸੂਜ਼ਾ ਅੱਗੇ ਕਹਿੰਦੇ ਹਨ, "ਇਨ੍ਹਾਂ ਘਟਨਾਵਾਂ ਨੇ ਈਸਾਈ ਧਰਮ ਅਤੇ ਰੋਮਨ ਸਾਮਰਾਜ ਦੇ ਇਤਿਹਾਸ ਨੂੰ ਮੌਲਿਕ ਰੂਪ ਤੋਂ ਬਦਲ ਦਿੱਤਾ।" "ਅੱਤਿਆਚਾਰ ਤੋਂ ਬਾਅਦ, ਚਰਚ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋ ਗਿਆ ਅਤੇ ਅਨੇਕ ਜਾਇਦਾਦਾਂ ਦਾ ਮਾਲਕ ਬਣ ਗਿਆ।" ਪਰ, ਇਸ ਨਾਲ ਰੋਮਨ ਸਾਮਰਾਜ ਦੇ ਪਤਵੰਤੇ ਵਿਅਕਤੀਆਂ ਦੇ ਬਰਾਬਰ ਧਨ-ਦੌਲਤ ਪ੍ਰਾਪਤ ਹੋਈ।



**ਬੇਸ਼ੁਮਾਰ ਦੌਲਤ**

ਕਾਂਸਟੈਂਟਾਈਨ ਅਤੇ ਰੋਮਨ ਸਾਮਰਾਜ ਦੇ ਕਈ ਹੋਰ ਆਗੂਆਂ ਨੇ ਚਰਚ ਨੂੰ ਸੋਨੇ ਅਤੇ ਚਾਂਦੀ ਤੋਂ ਇਲਾਵਾ ਮਹਿਲ, ਜਾਇਦਾਦਾਂ, ਜ਼ਮੀਨਾਂ ਅਤੇ ਇੱਥੋਂ ਤੱਕ ਕਿ ਥਰਮਲ ਇਸ਼ਨਾਨ ਗ੍ਰਹਿ ਵੀ ਦਾਨ ਵਿੱਚ ਦਿੱਤੇ। ਉਸ ਸਮੇਂ ਤੋਂ ਹੀ ਦਾਨ ਦੀ ਵਿਵਸਥਾ ਸਥਾਪਿਤ ਹੋ ਗਈ। ਅੱਜ, ਚਰਚ ਨੇ ਅਨਮੋਲ ਕਾਰਜਾਂ, ਹਰ ਸਾਲ ਲੱਖਾਂ ਸੈਲਾਨੀਆਂ ਦੀ ਆਮਦ ਵਾਲੇ ਅਜਾਇਬ ਘਰ ਅਤੇ ਵਿੱਤੀ ਬਾਜ਼ਾਰ ਵਿੱਚ ਨਿਵੇਸ਼ ਵਧਾ ਦਿੱਤਾ ਹੈ। ਕੈਥੋਲਿਕ ਸੱਤਾ ਦੇ ਕੇਂਦਰ ਵਿੱਚ ਵੈਟੀਕਨ ਸਿਟੀ ਹੈ। ਸਰਕਾਰ ਇੱਕ ਪੂਰਨ ਰਾਜਤੰਤਰ ਹੈ ਜਿਸ ਦਾ ਸੰਚਾਲਨ ਪੋਪ ਵੱਲੋਂ ਕੀਤਾ ਜਾਂਦਾ ਹੈ। 'ਪੋਪ' ਰੋਮ ਦੇ ਬਿਸ਼ਪ ਨੂੰ ਕਿਹਾ ਜਾਂਦਾ ਹੈ।

**ਸੈਰ-ਸਪਾਟਾ ਆਮਦਨ ਦਾ ਇੱਕ ਹੋਰ ਸਰੋਤ ਹੈ**

ਧਾਰਮਿਕ ਅਤੇ ਇਤਿਹਾਸਕ ਇਮਾਰਤਾਂ: ਅਪੋਸਟੋਲਿਕ ਪੈਲੇਸ, ਸੇਂਟ ਪੀਟਰਜ਼ ਮਹਿਲ, ਮਹਿਲ ਦੇ ਨਾਲ ਲੱਗਦੀਆਂ ਇਮਾਰਤਾਂ, ਡੋਮਸ ਵੈਟੀਕਾਨੇ (ਪਹਿਲਾਂ ਇਸ ਦਾ ਨਾਂ ਕਾਸਾ ਸੈਂਟਾ ਮਾਰਟਾ ਸੀ) ਅਜਾਇਬ ਘਰ ਅਤੇ ਗੈਲਰੀਆਂ: 15 ਅਜਾਇਬ ਘਰ, ਜਿਨ੍ਹਾਂ ਵਿੱਚ ਸਿਸਟਾਈਨ ਚੈਪਲ, ਰਾਫੇਲ ਚੈਪਲ, ਪਿਨਾਕੋਟੇਕਾ ਵੈਟੀਕਾਨਾ, ਮਿਸ਼ਨਰੀ ਐਥਨੋਲੋਜੀਕਲ ਮਿਊਜ਼ੀਅਮ ਅਤੇ ਇਤਿਹਾਸਕ ਮਿਊਜ਼ੀਅਮ ਸ਼ਾਮਲ ਹਨ।

ਲਾਇਬ੍ਰੇਰੀਆਂ ਅਤੇ ਪੁਰਾਲੇਖ: ਵੈਟੀਕਨ ਅਪੋਸਟੋਲਿਕ ਲਾਇਬ੍ਰੇਰੀ, ਅਪੋਸਟੋਲਿਕ ਪੁਰਾਲੇਖ, ਲਾਇਬ੍ਰੇਰੀਆ ਐਡੀਟਰਿਸ ਵੈਟੀਕਾਨਾ

ਮੀਡੀਆ ਅਤੇ ਸੰਚਾਰ ਦੇ ਸਾਧਨ: ਵੈਟੀਕਨ ਰੇਡੀ , ਲ' ਸਰਵੇਟੋਰੇ, ਰੋਮਾਨੋ ਅਖ਼ਬਾਰ, ਵੈਟੀਕਨ ਮੀਡੀਆ, ਵੈਟੀਕਨ ਟੈਲੀਵਿਜ਼ਨ ਸੈਂਟਰ

ਹੋਰ ਸੰਸਥਾਵਾਂ: ਵੈਟੀਕਨ ਬੈਂਕ, ਵੈਟੀਕਨ ਆਬਜ਼ਰਵੇਟਰੀ

**ਵੈਟੀਕਨ ਦੀਆਂ ਮੁੱਖ ਸੰਪਤੀਆਂ**

ਵੈਟੀਕਨ ਕੋਲ ਆਪਣੇ ਖੇਤਰ ਤੋਂ ਬਾਹਰ 12 ਮੁੱਖ ਜਾਇਦਾਦਾਂ ਹਨ, ਜਿਨ੍ਹਾਂ ਵਿੱਚ ਸੇਂਟ ਜੌਨ ਲੈਟਰਨ ਦੇ ਮਹਿਲ, ਸੇਂਟ ਪਾਲ ਆਊਟਸਾਈਡ ਦਿ ਵਾਲਜ਼, ਸੇਂਟ ਮੈਰੀ ਮੇਜਰ, ਸੇਂਟ ਐਨ ਦਾ ਪੈਰਿਸ਼, ਵੱਖ-ਵੱਖ ਡਾਇਕਾਸਟ੍ਰੀ ਦਫ਼ਤਰ ਅਤੇ ਕੈਸਟਲ ਗੰਡੋਲਫੋ ਵਿਖੇ ਪੋਪ ਦਾ ਗਰਮੀਆਂ ਦਾ ਨਿਵਾਸ ਸ਼ਾਮਲ ਹਨ। ਇਹ 'ਪੀਟਰਜ਼ ਪੈਂਸ' ਨਾਮਕ ਪ੍ਰਣਾਲੀ ਰਾਹੀਂ ਵਿਸ਼ਵਵਿਆਪੀ ਸਵੈ-ਇੱਛੁਕ ਦਾਨ ਵੀ ਪ੍ਰਾਪਤ ਕਰਦਾ ਹੈ, ਜੋ ਸਮਾਜਿਕ ਪਹਿਲਕਦਮੀਆਂ, ਵੈਟੀਕਨ ਸੰਚਾਲਨ, ਸੈਰ-ਸਪਾਟਾ ਅਤੇ ਅਜਾਇਬ ਘਰ ਦੀ ਦੇਖਭਾਲ ਕਰਦਾ ਹੈ। ਮਾਲੀਆ ਸਰੋਤਾਂ ਵਿੱਚ ਵੈਟੀਕਨ ਅਜਾਇਬ ਘਰ, ਸਿਸਟਾਈਨ ਚੈਪਲ, ਯਾਦਗਾਰੀ ਸਟੈਂਪਾਂ ਅਤੇ ਸਿੱਕਿਆਂ ਦੀ ਵਿਕਰੀ, ਵੈਟੀਕਨ ਬੈਂਕ ਅਤੇ ਏਪੀਐੱਸਏ ਵਰਗੇ ਅਦਾਰੇ ਸ਼ਾਮਲ ਹਨ, ਜੋ ਬਹੁਤ ਸਾਰੀਆਂ ਸੰਪਤੀਆਂ ਦਾ ਪ੍ਰਬੰਧਨ ਕਰਦੇ ਹਨ।

**ਬੇਨੀਟੋ ਮੁਸੋਲਿਨੀ**

ਇਸ ਦੌਲਤ ਦਾ ਬਹੁਤਾ ਹਿੱਸਾ ਇਟਲੀ ਦੇ ਤਾਨਾਸ਼ਾਹ ਬੇਨੀਟੋ ਮੁਸੋਲਿਨੀ ਤੋਂ ਆਇਆ ਸੀ। ਇਤਾਲਵੀ ਇਤਿਹਾਸਕਾਰ ਅਤੇ ਸੈਂਟ'ਏਗਿਡਿਓਜੀ ਐਂਡਰੀਆ ਰਿਕਾਰਡੀ ਸਮੁਦਾਏ ਦੇ ਸੰਸਥਾਪਕ ਦਾ ਕਹਿਣਾ ਹੈ ਕਿ 1929 ਵਿੱਚ ਮੁਸੋਲਿਨੀ ਨੇ 'ਹੋਲੀ ਸੀ' ਦੇ ਖ਼ਜ਼ਾਨੇ ਵਿੱਚ 1.75 ਬਿਲੀਅਨ ਇਤਾਲਵੀ ਲੀਰਾ (ਉਸ ਸਮੇਂ ਲਗਭਗ 91.3 ਮਿਲੀਅਨ ਡਾਲਰ) ਜਮ੍ਹਾ ਕਰਵਾਏ ਸਨ। ਇਹ ਲੈਟਰਨ ਸੰਧੀ ਦਾ ਹਿੱਸਾ ਸੀ, ਜਿਸ ਨੂੰ ਸੁਲ੍ਹਾ ਸੰਧੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਪੈਸਾ ਇਤਾਲਵੀ ਏਕੀਕਰਨ ਦੌਰਾਨ ਵਿਸ਼ੇਸ਼ ਕਰਕੇ 1860 ਅਤੇ 1870 ਦੇ ਵਿਚਕਾਰ ਜ਼ਬਤ ਕੀਤੀਆਂ ਗਈਆਂ ਕੈਥੋਲਿਕ ਚਰਚਾਂ ਦੀਆਂ ਜਾਇਦਾਦਾਂ ਦੀ ਭਰਪਾਈ ਲਈ ਸੀ। ਲਗਭਗ ਇੱਕ ਚੌਥਾਈ ਧਨ ਰਾਸ਼ੀ ਦੀ ਵਰਤੋਂ ਪੋਪ ਪਾਈਅਸ ਯੀ ਦੁਆਰਾ ਆਧੁਨਿਕ ਵੈਟੀਕਨ ਰਾਜ ਦੀ ਸਥਾਪਨਾ, ਹੋਲੀ ਸੀ ਇਮਾਰਤਾਂ ਦੇ ਨਿਰਮਾਣ ਅਤੇ ਵੈਟੀਕਨ ਕਰਮਚਾਰੀਆਂ ਲਈ ਰਿਹਾਇਸ਼ ਉਪਲੱਬਧ ਕਰਾਉਣ ਲਈ ਕੀਤੀ ਗਈ। ਬਾਕੀ ਰਾਸ਼ੀ ਨੂੰ ਜੋਖਮ ਘੱਟ ਕਰਨ ਲਈ ਵਿਭਿੰਨ ਰਣਨੀਤੀਆਂ ਨਾਲ ਨਿਵੇਸ਼ ਕੀਤਾ ਗਿਆ ਸੀ। ਅੱਜ, ਏਪੀਐੱਸਏ ਕੋਲ ਇਟਲੀ, ਯੂਕੇ, ਫਰਾਂਸ ਅਤੇ ਸਵਿਟਜ਼ਰਲੈਂਡ ਵਿੱਚ ਜਾਇਦਾਦਾਂ ਹਨ।

**ਇਮਾਰਤਾਂ ਅਤੇ ਜ਼ਮੀਨ**

ਏਪੀਐੱਸਏ ਦਾ ਕਹਿਣਾ ਹੈ ਕਿ ਵਰਤਮਾਨ ਵਿੱਚ ਜ਼ਮੀਨ ਜਾਇਦਾਦ ਦੀਆਂ ਸੰਪਤੀਆਂ ਲਗਭਗ 1.77 ਬਿਲੀਅਨ ਯੂਰੋ (1.9 ਬਿਲੀਅਨ ਡਾਲਰ) ਦੇ ਨਿਵੇਸ਼ ਪੋਰਟਫੋਲੀਓ ਦੇ ਪ੍ਰਬੰਧਨ ਦੇ ਨਾਲ ਵੈਟੀਕਨ ਦੀ ਪ੍ਰਬੰਧਕੀ ਸੰਸਥਾ ਰੋਮਨ ਕੁਰੀਆ ਦੇ ਰੱਖ-ਰਖਾਅ ਲਈ ਆਮਦਨ ਪੈਦਾ ਕਰਦੀਆਂ ਹਨ। 2019 ਵਿੱਚ ਪੋਪ ਫਰਾਂਸਿਸ ਨੇ ਪੂੰਜੀ ਦੇ ਮੁੱਲ ਨੂੰ ਘਟਣ ਤੋਂ ਰੋਕਣ ਦੇ ਤਰੀਕੇ ਵਜੋਂ ਨਿਵੇਸ਼ ਦਾ ਬਚਾਅ ਕੀਤਾ। ਉਨ੍ਹਾਂ ਦਾ ਕਹਿਣਾ ਸੀ, "ਤਾਂ ਕਿ ਇਸ ਨੂੰ ਬਣਾਈ ਰੱਖਿਆ ਜਾ ਸਕੇ ਜਾਂ ਥੋੜ੍ਹਾ ਵਾਧਾ ਮਿਲ ਸਕੇ।" ਰਿਕਾਰਡੀ ਨੇ ਇਤਾਲਵੀ ਅਖ਼ਬਾਰ 'ਕੋਰੀਏਰੇ ਡੇਲਾ ਸੇਰਾ' ਨੂੰ ਦੱਸਿਆ ਕਿ ਇਹ ਪ੍ਰਸੰਗਿਕ ਹੈ ਕਿਉਂਕਿ ਹੋਲੀ ਸੀ, ਵੈਟੀਕਨ ਰਾਜ ਦੁਆਰਾ ਸਮਰਥਤ ਹੋਣ ਦੇ ਬਾਵਜੂਦ, ਆਪਣੇ ਆਪ ਵਿੱਚ ਇੱਕ ਰਾਜ ਨਹੀਂ ਹੈ। ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਰਿਲੀਜੀਅਸ ਫਾਈਨੈਂਸ (ਆਈਐੱਚਈਐੱਫਆਰ) ਦੇ ਅਨੁਸਾਰ, ਇਹ ਕੋਈ ਟੈਕਸ ਨਹੀਂ ਦਿੰਦਾ ਅਤੇ ਕੋਈ ਜਨਤਕ ਕਰਜ਼ਾ ਵੀ ਘੋਸ਼ਿਤ ਨਹੀਂ ਕਰਦਾ। ਇਸ ਦਾ ਖਰਚ ਆਪਣੀਆਂ ਜਾਇਦਾਦਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਅਤੇ ਸਭ ਤੋਂ ਵੱਧ ਪੈਰੋਕਾਰਾਂ ਤੋਂ ਪ੍ਰਾਪਤ ਦਾਨ ਨਾਲ ਚੱਲਦਾ ਹੈ। ਹਾਲਾਂਕਿ, ਆਈ ਐੱਚ ਈ ਐੱਫ ਆਰ ਦਾ ਕਹਿਣਾ ਹੈ ਕਿ ਵੈਟੀਕਨ ਦੇ ਸਾਲਾਨਾ ਮਾਲੀਏ ਅਤੇ ਖਰਚਿਆਂ ਨੂੰ ਕਾਫ਼ੀ ਘੱਟ ਦਰਸਾਇਆ ਗਿਆ ਹੈ, ਅਤੇ ਇਸ ਦੀ ਕੁੱਲ ਜਾਇਦਾਦ ਪਹਿਲਾਂ ਐਲਾਨੀ ਗਈ ਰਾਸ਼ੀ ਤੋਂ ਦੁੱਗਣੀ (ਲਗਭਗ 4 ਬਿਲੀਅਨ ਡਾਲਰ) ਹੈ।

**ਸਭ ਤੋਂ ਅਮੀਰ ਡਾਇਓਸਿਸ**

ਜਰਮਨੀ ਵਿੱਚ ਕੋਲੋਨ ਦਾ ਆਰਚਡਾਇਓਸਿਸ ਦੁਨੀਆਂ ਦੀਆਂ ਸਭ ਤੋਂ ਅਮੀਰ ਸ਼ਾਖਾਵਾਂ ਵਿੱਚੋਂ ਇੱਕ ਹੈ। ਇਸ ਦੀ ਆਮਦਨ ਮੁੱਖ ਤੌਰ 'ਤੇ 'ਕਿਰਚੇਨਸਟਿਊਅਰ' ਦੇ ਕਾਰਨ ਹੁੰਦੀ ਹੈ ਜੋ ਕੈਥੋਲਿਕ ਚਰਚ ਸਮੇਤ ਰਾਜ-ਮਾਨਤਾ ਪ੍ਰਾਪਤ ਧਾਰਮਿਕ ਭਾਈਚਾਰਿਆਂ ਦੇ ਰਜਿਸਟਰਡ ਮੈਂਬਰਾਂ ਤੋਂ ਸਿੱਧਾ ਵਸੂਲਿਆ ਜਾਣ ਵਾਲਾ ਟੈਕਸ ਹੈ। 2023 ਵਿੱਚ ਚਰਚ ਨੂੰ ਇਸ ਟੈਕਸ ਤੋਂ ਲਗਭਗ 7.4 ਬਿਲੀਅਨ ਡਾਲਰ ਪ੍ਰਾਪਤ ਹੋਏ। ਆਈਐੱਚਈਐੱਫਆਰ ਦੇ ਅਨੁਸਾਰ, ਇਹ ਪਿਛਲੇ ਸਾਲ ਨਾਲੋਂ ਲਗਭਗ 5% ਘੱਟ ਹੈ, ਜਦੋਂ 7.77 ਬਿਲੀਅਨ ਡਾਲਰ ਇਕੱਠੇ ਕੀਤੇ ਗਏ ਸਨ। ਕਾਫ਼ੀ ਆਮਦਨ ਹੋਣ ਦੇ ਬਾਵਜੂਦ, ਜਰਮਨੀ ਵਿੱਚ ਚਰਚ ਨੂੰ ਆਮਦਨ ਵਿੱਚ ਆਈ ਗਿਰਾਵਟ ਤੋਂ ਚਿੰਤਾ ਹੈ ਕਿਉਂਕਿ ਰਜਿਸਟਰਡ ਪੈਰੋਕਾਰਾਂ ਦੀ ਗਿਣਤੀ ਘਟ ਰਹੀ ਹੈ।

ਇਹ ਗਿਰਾਵਟ ਅੰਸ਼ਕ ਤੌਰ 'ਤੇ ਇਸ ਦੇ ਅਕਸ ਨੂੰ ਲੱਗੀ ਠੇਸ ਕਾਰਨ ਆਈ ਹੈ ਕਿਉਂਕਿ 2013 ਵਿੱਚ ਬਿਸ਼ਪ ਫ੍ਰਾਂਜ਼-ਪੀਟਰ ਟੇਬਾਰਟਜ਼ ਵੈਨ ਐਲਸਟ ਨਾਲ ਸਬੰਧਤ ਘੁਟਾਲਾ ਉਜਾਗਰ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਬਿਸ਼ਪ ਦੇ ਮਹਿਲ ਦੇ ਨਿਰਮਾਣ ਅਤੇ ਰੱਖ-ਰਖਾਅ ਦੀ ਲਾਗਤ ਪੰਜ ਸਾਲਾਂ ਦੀ ਮਿਆਦ ਵਿੱਚ 5.7 ਮਿਲੀਅਨ ਡਾਲਰ ਤੋਂ ਵਧ ਕੇ ਲਗਭਗ 35 ਮਿਲੀਅਨ ਡਾਲਰ ਹੋ ਗਈ ਹੈ। ਮੀਡੀਆ ਦੇ ਦਬਾਅ ਦੇ ਜਵਾਬ ਵਿੱਚ ਜਰਮਨੀ ਦੇ 27 ਡਾਇਓਸਿਸਾਂ ਵਿੱਚੋਂ ਅੱਧਿਆਂ ਨੇ ਆਪਣੀਆਂ ਜਾਇਦਾਦਾਂ ਦਾ ਖੁਲਾਸਾ ਕੀਤਾ, ਜਿਨ੍ਹਾਂ ਵਿੱਚ ਦਸ ਬੈਂਕ, ਬੀਮਾ ਕੰਪਨੀਆਂ, 70 ਹੋਟਲ, ਪ੍ਰਾਪਰਟੀ ਫਰਮਾਂ ਅਤੇ ਮੀਡੀਆ ਆਉਟਲੈਟ ਸ਼ਾਮਲ ਹਨ।

**ਅਮਰੀਕਾ ਵਿੱਚ ਚਰਚ**

ਸੰਯੁਕਤ ਰਾਜ ਅਮਰੀਕਾ ਵਿੱਚ ਸਥਿਤ ਚਰਚ ਵੈਟੀਕਨ ਨੂੰ ਵੱਡਾ ਯੋਗਦਾਨ ਪਾਉਂਦੇ ਹਨ। ਇਸ ਕੋਲ ਵਿਸ਼ਾਲ ਸੰਪਤੀਆਂ ਹਨ, ਜਿਨ੍ਹਾਂ ਵਿੱਚ ਇੰਡੀਆਨਾ ਵਿੱਚ ਨੋਟਰੇ ਡੈਮ (ਜਿਸ ਦੀ ਰਿਕਾਰਡ ਆਮਦਨ 1.76 ਬਿਲੀਅਨ ਡਾਲਰ ਹੈ) ਅਤੇ ਵਾਸ਼ਿੰਗਟਨ ਡੀਸੀ ਵਿੱਚ ਜਾਰਜਟਾਊਨ (ਜਿਸ ਦੀ ਰਿਕਾਰਡ ਆਮਦਨ 1.92 ਬਿਲੀਅਨ ਡਾਲਰ ਹੈ) ਵਰਗੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ ਨਾਲ-ਨਾਲ ਹਸਪਤਾਲ ਅਤੇ ਸਕੂਲ ਵੀ ਸ਼ਾਮਲ ਹਨ।

## ਪਾਕਿਸਤਾਨ 'ਚ ਪਾਣੀ ਲਈ ਹੰਗਾਮਾ, ਸਿੰਧ 'ਚ ਗ੍ਰਹਿ ਮੰਤਰੀ ਦਾ ਸਾੜਿਆ ਘਰ

ਨਵੀਂ ਦਿੱਲੀ- ਭਾਰਤ ਨੇ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਨੂੰ ਰੋਕ ਦਿੱਤਾ। ਦੂਜੇ ਪਾਸੇ ਪਾਕਿਸਤਾਨ ਵਿੱਚ ਸਿੰਧੂ ਨਦੀ ਦੇ ਪਾਣੀ ਲਈ ਅੰਦੋਲਨ ਜਾਰੀ ਹੈ। ਸਿੰਧ ਸੂਬੇ ਵਿੱਚ ਸਿੰਧੂ ਨਦੀ 'ਤੇ ਵਿਵਾਦਪੂਰਨ ਨਹਿਰਾਂ ਦੇ ਨਿਰਮਾਣ ਵਿਰੁੱਧ ਵਿਰੋਧ ਪ੍ਰਦਰਸ਼ਨ ਹੋਰ ਹਿੰਸਕ ਹੋ ਗਏ। ਪਾਕਿਸਤਾਨੀ ਅਖਬਾਰ ਡਾਨ ਅਨੁਸਾਰ ਨੌਸ਼ਹਿਰੋ ਫਿਰੋਜ਼ ਜ਼ਿਲ੍ਹੇ ਦੇ ਮੋਰੋ ਤਾਲੁਕਾ ਵਿੱਚ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਭਿਆਨਕ ਝੜਪ ਹੋਈ। ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੁਲਿਸ ਨੇ ਲਾਠੀਚਾਰਜ ਕੀਤਾ। ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਗੋਲੀਆਂ ਵੀ ਚਲਾਈਆਂ ਗਈਆਂ। ਪੁਲਿਸ ਦੇ ਲਾਠੀਚਾਰਜ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐਸਪੀ) ਸਮੇਤ ਕਈ ਹੋਰ ਜ਼ਖਮੀ ਹੋ ਗਏ।



ਇਸ ਤੋਂ ਬਾਅਦ ਪ੍ਰਦਰਸ਼ਨਕਾਰੀ ਹਿੰਸਕ ਹੋ ਗਏ ਅਤੇ ਦੋ ਟ੍ਰੇਲਰਾਂ ਨੂੰ ਅੱਗ ਲਗਾ ਦਿੱਤੀ। ਉਨ੍ਹਾਂ ਨੇ ਸਿੰਧ ਦੇ ਗ੍ਰਹਿ ਮੰਤਰੀ ਜ਼ਿਆਉਲ ਹਸਨ ਲੰਜਾਰ ਦੇ ਘਰ ਵਿੱਚ ਵੀ ਦਾਖਲ ਹੋ ਕੇ ਭੰਨਤੋੜ ਕੀਤੀ ਅਤੇ ਕਈ ਹਿੱਸਿਆਂ ਨੂੰ ਅੱਗ ਲਗਾ ਦਿੱਤੀ, ਜਦੋਂ ਕਿ ਕੁਝ ਮੋਟਰ ਸਾਈਕਲਾਂ ਨੂੰ ਵੀ ਸਾੜ ਦਿੱਤਾ ਗਿਆ। ਪ੍ਰਦਰਸ਼ਨਕਾਰੀ ਹਥਿਆਰਾਂ ਨਾਲ ਗ੍ਰਹਿ ਮੰਤਰੀ ਦੇ ਘਰ ਪਹੁੰਚ ਗਏ ਹਨ।

ਇਸ ਕਾਰਨ ਮੋਰੋ ਵੱਲ ਜਾਣ ਵਾਲੀ ਸੜਕ 'ਤੇ ਆਵਾਜਾਈ ਠੱਪ ਰਹੀ। ਇਸ ਦੌਰਾਨ ਇੱਕ ਪੁਲਿਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਬੇਨਜ਼ੀਰਾਬਾਦ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਪਰਵੇਜ਼ ਚਾਂਦੀ ਅਤੇ ਨੌਸ਼ਹਿਰੋ ਫਿਰੋਜ਼ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਸੰਘਰ ਮਲਿਕ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਨੂੰ ਕਾਬੂ ਕਰਨ ਲਈ ਵੱਖ-ਵੱਖ ਪੁਲਿਸ ਥਾਣਿਆਂ ਦੇ ਕਰਮਚਾਰੀਆਂ ਨੂੰ ਬੁਲਾਇਆ ਗਿਆ।

ਇੱਕ ਬਿਆਨ ਵਿੱਚ ਪੀਪੀਪੀ ਸਿੰਧ ਦੇ ਸੂਚਨਾ ਸਕੱਤਰ ਅਜ਼ੀਜ਼ ਧਮਰਾ ਨੇ ਇਸ ਘਟਨਾ ਦੀ ਨਿੰਦਾ ਕੀਤੀ, ਇਸ ਨੂੰ ਅੱਤਵਾਦੀ ਗਤੀਵਿਧੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਵਿਰੋਧ ਪ੍ਰਦਰਸ਼ਨਾਂ 'ਤੇ ਕੋਈ ਪਾਬੰਦੀ ਨਹੀਂ ਹੈ ਪਰ ਇੱਕ ਰਾਜਨੀਤਿਕ ਵਿਰੋਧੀ ਦੇ ਘਰ 'ਤੇ ਹਮਲਾ ਕਰਨਾ ਇੱਕ ਸਾਜ਼ਿਸ਼ ਜਾਪਦੀ ਹੈ। ਸਿੰਧ ਦੇ ਗ੍ਰਹਿ ਮੰਤਰੀ ਨੇ ਵੀ ਇੱਕ ਬਿਆਨ ਜਾਰੀ ਕਰਕੇ ਨੌਸ਼ਹਿਰੋ ਫਿਰੋਜ਼ ਦੇ ਐਸਐਸਪੀ ਨੂੰ ਘਟਨਾ ਦੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

# ਰੁਸਤਮ-ਏ-ਹਿੰਦ ਪਹਿਲਵਾਨ ਗਾਮਾ

ਅੱਜ ਅਸੀਂ ਇਕ ਅਜਿਹੇ ਪਹਿਲਵਾਨ ਦੀ ਗੱਲ ਕਰਨ ਜਾ ਰਹੇ ਹਾਂ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਨੂੰ ਕੁਸ਼ਤੀ ਦੇ ਅਖਾੜੇ ਵਿਚ ਪੂਰੀ ਦੁਨੀਆ 'ਚ ਕੋਈ ਵੀ ਹਰਾ ਨਹੀਂ ਸੀ ਸਕਿਆ। ਆਪਣੇ 50 ਸਾਲਾਂ ਦੇ ਪਹਿਲਵਾਨੀ ਦੇ ਸਫ਼ਰ ਵਿਚ ਉਹ ਹਮੇਸ਼ਾ ਹੀ ਅਜਿੱਤ ਰਿਹਾ।

ਪੂਰੀ ਦੁਨੀਆ 'ਚ ਪਹਿਲਵਾਨੀ ਦੇ ਖੇਤਰ ਵਿਚ ਆਪਣਾ ਲੋਹਾ ਮਨਵਾਉਣ ਵਾਲੇ ਇਸ ਗਾਮਾ ਪਹਿਲਵਾਨ ਨੂੰ ਬੇਸ਼ੱਕ ਭਾਰਤ ਤੇ ਪਾਕਿਸਤਾਨ ਦੇ ਜ਼ਿਆਦਾਤਰ ਲੋਕ ਭੁੱਲ ਚੁੱਕੇ ਸਨ ਪਰ 62 ਸਾਲਾਂ ਬਾਅਦ 22 ਮਈ 2022 ਨੂੰ ਗੂਗਲ ਦੇ ਸਰਚ ਇੰਜਨ ਨੇ ਡੂਡਲ ਬਣਾ ਕੇ ਭਾਰਤ ਦੇ ਇਸ ਪਹਿਲਵਾਨ 'ਦਿ ਗ੍ਰੇਟ ਗਾਮਾ' ਨੂੰ ਸਨਮਾਨਤ ਕਰ ਕੇ ਦੁਨੀਆ ਭਰ ਵਿਚ ਉਸ ਦੇ ਜ਼ੋਰ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਸਨ।

ਦਰਅਸਲ, ਉਸ ਦਿਨ ਗਾਮਾ ਪਹਿਲਵਾਨ ਦਾ 144ਵਾਂ ਜਨਮ ਦਿਨ ਵੀ ਸੀ ਜਿਉਂ ਹੀ ਗੂਗਲ ਨੇ ਉਸ ਬਾਰੇ ਜਾਣਕਾਰੀ ਸਾਂਝੀ ਕੀਤੀ ਤਾਂ ਹਰ ਕੋਈ ਉਸ ਦੇ ਬਾਰੇ ਜਾਣਨ ਲਈ ਉਤਸੁਕ ਸੀ ਕਿ ਕਿਸੇ ਵੇਲੇ ਕੁਸ਼ਤੀ ਦੀ ਦੁਨੀਆ 'ਚ ਗਾਮਾ ਪਹਿਲਵਾਨ ਦਾ ਕੀ ਦਬਦਬਾ ਰਿਹਾ ਹੈ।



ਗ਼ੁਲਾਮ ਮੁਹੰਮਦ ਉਰਫ਼ ਗਾਮਾ ਪਹਿਲਵਾਨ ਦਾ ਜਨਮ 22 ਮਈ 1878 ਨੂੰ ਅੰਮ੍ਰਿਤਸਰ ਵਿਖੇ ਇਕ ਕਸ਼ਮੀਰੀ ਬੱਟ ਪਰਿਵਾਰ ਵਿਚ ਪਿਤਾ ਮੁਹੰਮਦ ਅਜ਼ੀਜ਼ ਬਖ਼ਸ਼ ਦੇ ਘਰ ਹੋਇਆ ਸੀ। ਸਦਾ ਜੇਤੂ ਰਹਿਣ ਵਾਲਾ ਗਾਮਾ ਪਹਿਲਵਾਨ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦਾ ਦਾਦਾ ਸਹੁਰਾ, ਭਾਵ ਕੁਲਸੂਮ ਨਵਾਜ਼ ਸ਼ਰੀਫ ਦਾ ਦਾਦਾ ਸੀ।

ਸ਼ੁਰੂ ਵਿਚ ਗਾਮੇ ਪਹਿਲਵਾਨ ਨੂੰ ਦੱਤੀਆ ਦੇ ਮਹਾਰਾਜੇ ਨੇ ਆਪਣੀ ਰਿਆਸਤ ਵਿਚ ਕੁਸ਼ਤੀ ਦੀ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਸੀ। ਮਹਿਜ਼ 10 ਸਾਲ ਦੀ ਉਮਰ ਵਿਚ ਉਸ ਨੇ ਜੋਧਪੁਰ ਵਿਖੇ ਹੋਏ ਇਕ ਮੁਕਾਬਲੇ 'ਚ ਦੇਸ਼ ਦੇ ਨਾਮੀ ਪਹਿਲਵਾਨਾਂ ਨਾਲ ਆਪਣੇ ਖੇਡ ਹੁਨਰ ਦਾ ਪ੍ਰਦਰਸ਼ਨ ਕੀਤਾ।

ਰਹੀਮ ਬਖ਼ਸ਼ ਨਾਲ ਬਰਾਬਰੀ 'ਤੇ ਰਹੇ ਤਿੰਨ ਮੁਕਾਬਲਿਆਂ ਤੋਂ ਬਾਅਦ ਗਾਮੇ ਨੇ ਇਸ ਰੁਸਤਮ ਨੂੰ ਵੀ ਹਰਾ ਦਿੱਤਾ ਅਤੇ ਸੰਨ 1910 ਤੱਕ ਉਸ ਨੇ ਭਾਰਤ ਦੇ ਲਗਪਗ ਸਾਰੇ ਨਾਮੀ ਪਹਿਲਵਾਨਾਂ ਨੂੰ ਹਰਾਉਣ ਦਾ ਵੱਡਾ ਕਾਰਨਾਮਾ ਕੀਤਾ। ਇਸੇ ਵਰ੍ਹੇ ਉਸ ਨੇ ਇੰਗਲੈਂਡ ਵਿਖੇ ਹੋਏ ਕੁਸ਼ਤੀ ਮੁਕਾਬਲੇ ਵਿਚ ਸਮੁੱਚੇ ਭਾਰ ਵਰਗਾਂ ਦੇ ਪਹਿਲਵਾਨਾਂ ਨੂੰ ਮੁਕਾਬਲੇ ਲਈ ਖੁੱਲ੍ਹੀ ਚੁਣੌਤੀ ਦਿੱਤੀ। ਪਹਿਲਾਂ ਤਾਂ ਸਾਰੇ ਪਹਿਲਵਾਨਾਂ ਨੇ ਇਸ ਨੂੰ ਇਕ ਮਜ਼ਾਕ ਸਮਝਿਆ ਪਰ ਗਾਮੇ ਵੱਲੋਂ ਦੁਬਾਰਾ ਐਲਾਨ ਕੀਤੇ ਜਾਣ 'ਤੇ ਅਮਰੀਕੀ ਪਹਿਲਵਾਨ ਬੈਂਜਾਮਿਨ ਰੋਲਰ ਨੇ ਉਸ ਦੀ ਚੁਣੌਤੀ ਸਵੀਕਾਰ ਕੀਤੀ।

ਬੈਂਜਾਮਿਨ ਇਹ ਕੁਸ਼ਤੀ ਹਾਰ ਗਿਆ ਤੇ ਗਾਮੇ ਨੂੰ ਮੁਕਾਬਲੇ ਦੇ ਅਗਲੇ ਪੜਾਅ 'ਚ ਦਾਖ਼ਲਾ ਮਿਲ ਗਿਆ। ਇਸ ਪੜਾਅ ਵਿਚ ਉਸ ਦਾ ਮੁਕਾਬਲਾ ਵਿਸ਼ਵ ਚੈਂਪੀਅਨ ਸਟੈਨਿਸਲਸ ਜਬਿਸਕੋ ਨਾਲ ਹੋਇਆ ਤੇ ਤਿੰਨ ਘੰਟੇ ਦੇ ਸਖ਼ਤ ਮੁਕਾਬਲੇ ਤੋਂ ਬਾਅਦ ਜਬਿਸਕੋ ਹਾਰ ਗਿਆ।

ਇਸ ਵੱਡੀ ਜਿੱਤ ਤੋਂ ਬਾਅਦ ਜਦੋਂ ਗਾਮਾ ਭਾਰਤ ਪਰਤਿਆ ਤਾਂ ਇਲਾਹਾਬਾਦ ਵਿਖੇ ਇਕ ਵਾਰ ਫਿਰ ਉਸ ਦਾ ਮੁਕਾਬਲਾ ਰਹੀਮ ਬਖ਼ਸ਼ ਸੁਲਤਾਨੀ ਵਾਲੇ ਨਾਲ ਹੋਇਆ ਅਤੇ ਰਹੀਮ ਬਖ਼ਸ਼ ਨੂੰ ਹਰਾ ਕੇ ਗਾਮਾ 'ਰੁਸਤਮ-ਏ-ਹਿੰਦ' ਬਣ ਗਿਆ। ਸੰਨ 1928 ਵਿਚ ਜਬਿਸਕੋ ਮੁੜ ਪਟਿਆਲਾ ਆਇਆ ਅਤੇ ਉਸ ਨੂੰ ਇਕ ਵਾਰ ਫਿਰ ਗਾਮੇ ਪਾਸੋਂ ਹਾਰ ਦਾ ਸਾਹਮਣਾ ਕਰਨਾ ਪਿਆ। ਦੱਸਿਆ ਜਾਂਦਾ ਹੈ ਕਿ ਗਾਮਾ ਪਹਿਲਵਾਨ ਇਕ ਦਿਨ ਵਿਚ 6 ਦੇਸੀ ਮੁਰਗੇ, 10 ਲੀਟਰ ਦੁੱਧ, ਅੱਧਾ ਕਿੱਲੋ ਘਿਓ, ਬਦਾਮ ਦਾ ਸ਼ਰਬਤ ਤੇ ਕੁਝ ਰੋਟੀਆਂ ਖਾਂਦਾ ਸੀ।

ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ ਗਾਮਾ ਮੋਹਿਨੀ ਰੋਡ, ਲਾਹੌਰ ਵਿਖੇ ਜਾ ਵਸਿਆ। ਇਹ ਇਲਾਕਾ ਹਿੰਦੂ ਬਹੁ-ਗਿਣਤੀ ਵਸਨੀਕਾਂ ਦਾ ਸੀ। ਹੱਲਿਆਂ ਵੇਲੇ ਜਦ ਹਿੰਦੂ ਪਰਿਵਾਰਾਂ ਨੂੰ ਲੁੱਟਣ ਲਈ ਦੰਗਾਕਾਰੀ ਆਏ ਤਾਂ ਗਾਮਾ ਸਾਰਿਆਂ ਤੋਂ ਅੱਗੇ ਜਾ ਖਲੋਇਆ ਅਤੇ ਉਸ ਨੇ ਬਹੁਤ ਸਾਰੇ ਨਿਰਦੋਸ਼ ਲੋਕਾਂ ਦੀ ਜਾਨ ਬਚਾਈ। ਦੱਸਦੇ ਹਨ ਕਿ ਉਸ ਨੇ ਹਿੰਸਾ ਕਰਨ ਵਾਲੇ ਮੁਖੀ ਦੀ ਚੰਗੀ ਕੁਟਾਈ ਕੀਤੀ ਜਿਸ ਨੂੰ ਵੇਖ ਕੇ ਬਾਕੀ ਦੰਗਾਕਾਰੀ ਉੱਥੋਂ ਦੌੜ ਗਏ।

ਵਿਗੜਦੇ ਹੋਏ ਹਾਲਾਤ ਦੇ ਮੱਦੇਨਜ਼ਰ ਗਾਮੇ ਪਹਿਲਵਾਨ ਨੇ ਮਹਿਸੂਸ ਕੀਤਾ ਕਿ ਉਹ ਜ਼ਿਆਦਾ ਲੰਬੇ ਸਮੇਂ ਤੱਕ ਹਿੰਦੂ ਪਰਿਵਾਰਾਂ ਦੀ ਸੁਰੱਖਿਆ ਨਹੀਂ ਕਰ ਸਕੇਗਾ ਤਾਂ ਉਹ ਇਲਾਕੇ ਦੇ ਲੋਕਾਂ ਲਈ ਇਕ ਹਫ਼ਤੇ ਦੇ ਰਾਸ਼ਨ ਤੇ ਹੋਰ ਜ਼ਰੂਰੀ ਵਸਤਾਂ ਦਾ ਪ੍ਰਬੰਧ ਕਰ ਕੇ ਖ਼ੁਦ ਉਨ੍ਹਾਂ ਨੂੰ ਸਰਹੱਦ ਤੱਕ ਛੱਡਣ ਆਇਆ।

ਦੇਸ਼ ਦੀ ਵੰਡ ਦੇ ਦਰਦਨਾਕ ਹਾਲਾਤ ਤੇ ਦੋਹਾਂ ਪਾਸਿਆਂ ਦੀ ਹਿਜ਼ਰਤ ਨੇ ਗਾਮੇ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਤੇ ਜ਼ਿੰਦਗੀ 'ਚ ਇਹ ਪਹਿਲਾ ਮੌਕਾ ਸੀ ਜਦੋਂ ਲੋਕਾਂ ਨੇ ਇਸ ਸ਼ੇਰਦਿਲ ਇਨਸਾਨ ਨੂੰ ਬੱਚਿਆਂ ਵਾਂਗ ਰੋਂਦਿਆਂ ਤੱਕਿਆ ਸੀ। ਆਪਣੇ ਅੰਤਲੇ ਦਿਨਾਂ 'ਚ ਗਾਮਾ ਕਾਫ਼ੀ ਬਿਮਾਰ ਰਹਿਣ ਲੱਗਾ ਸੀ।

ਉਸ ਦੀ ਬਿਮਾਰੀ ਦੌਰਾਨ ਕੁਸ਼ਤੀ ਨੂੰ ਪਿਆਰ ਕਰਨ ਵਾਲੇ ਭਾਰਤ ਦੇ ਨਾਮਵਰ ਸਨਅਤਕਾਰ ਜੀਡੀ ਬਿਰਲਾ ਨੇ ਗਾਮੇ ਨੂੰ ਇਲਾਜ ਲਈ ਦੋ ਹਜ਼ਾਰ ਰੁਪਏ ਤੇ 300 ਰੁਪਏ ਮਹੀਨਾਵਾਰ ਪੈਨਸ਼ਨ ਦੇਣੀ ਸ਼ੁਰੂ ਕੀਤੀ। ਕਾਫ਼ੀ ਸਮਾਂ ਬਿਮਾਰ ਰਹਿਣ ਮਗਰੋਂ ਗਾਮਾ 23 ਮਈ 1960 ਨੂੰ ਲਾਹੌਰ ਵਿਖੇ ਮੌਤ ਨਾਲ ਹੋਈ ਆਖ਼ਰੀ ਕੁਸ਼ਤੀ ਹਾਰ ਗਿਆ।

# ਧਰਤੀ ਉੱਤੇ ਬਿਜਲੀ ਸਪਲਾਈ ਠੱਪ ਕਰ ਸਕਦੇ ਹਨ ਸੂਰਜੀ ਭਾਂਬੜ

ਸੂਰਜ ਦੀ ਗਤੀਵਿਧੀ ਵਿੱਚ ਤੇਜ਼ੀ ਕਾਰਨ ਇੱਕ ਵੱਡੀ ਸੋਲਰ ਫਲੇਅਰ ਭਾਵ ਸੌਰ ਜਵਾਲਾ ਦੇਖੀ ਗਈ ਹੈ, ਜੋ ਕਿ ਇਸ ਸਾਲ ਹੁਣ ਤੱਕ ਦੀ ਸਭ ਤੋਂ ਵੱਡੀ ਸੌਰ ਜਵਾਲਾ ਹੈ। ਨਾਸਾ ਦੇ ਸੋਲਰ ਡਾਇਨਾਮਿਕਸ ਆਬਜ਼ਰਵੇਟਰੀ ਨੇ ਇਸ ਦੀ ਇੱਕ ਤਸਵੀਰ ਵੀ ਖਿੱਚੀ ਹੈ।

ਉੱਚ ਗਤੀਵਿਧੀ ਦੇ ਇਨ੍ਹਾਂ ਦੌਰਾਂ ਦੌਰਾਨ, ਸੂਰਜ ਤੋਂ ਚਾਰਜ ਕਣਾਂ ਦਾ ਇੱਕ ਨਿਰੰਤਰ ਪ੍ਰਵਾਹ, ਜਿਸ ਨੂੰ ਸੂਰਜੀ ਹਵਾ ਕਿਹਾ ਜਾਂਦਾ ਹੈ, ਧਰਤੀ ਨਾਲ ਲਗਾਤਾਰ ਟਕਰਾਉਂਦਾ ਰਹਿੰਦਾ ਹੈ।



ਇਸ ਵਰਤਾਰੇ ਨੂੰ ਪੁਲਾੜ ਮੌਸਮ ਜਾਂ ਸੂਰਜੀ ਤੂਫਾਨ ਕਿਹਾ ਜਾਂਦਾ ਹੈ, ਜੋ ਧਰਤੀ 'ਤੇ ਤਕਨਾਲੋਜੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹਾਲਾਂਕਿ ਇਹ ਬਿਜਲੀ ਬੰਦ ਵੀ ਕਰ ਸਕਦਾ ਹੈ ਅਤੇ ਪੁਲਾੜ ਵਿੱਚ ਪੁਲਾੜ ਯਾਤਰੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਜ਼ਮੀਨ 'ਤੇ ਮਨੁੱਖਾਂ ਲਈ ਨੁਕਸਾਨਦੇਹ ਨਹੀਂ ਹੈ।

### ਸੌਰ ਫਲੇਅਰਸ ਅਤੇ ਸੌਰ ਤੂਫਾਨ ਕੀ ਹਨ?

ਸੌਰ ਤੂਫਾਨ ਸਾਡੇ ਸੂਰਜ ਦੇ ਸੂਰਜੀ ਚੱਕਰ ਦਾ ਇੱਕ ਆਮ ਹਿੱਸਾ ਹਨ। ਇਹ ਉਦੋਂ ਵਾਪਰਦੇ ਹਨ ਜਦੋਂ ਸੂਰਜ, ਸੂਰਜੀ ਫਲੇਅਰਸ ਅਤੇ ਕੋਰੋਨਲ ਮਾਸ ਇਜੈਕਸ਼ਨ ਦੇ ਰੂਪ ਵਿੱਚ ਵਿਸ਼ਾਲ ਧਮਾਕੇ ਛੱਡਦਾ ਹੈ - ਜਿਸ ਨਾਲ ਪ੍ਰਕਾਸ਼, ਊਰਜਾ ਅਤੇ ਸੂਰਜੀ ਪਦਾਰਥ ਪੁਲਾੜ ਵਿੱਚ ਫੈਲਦੇ ਹਨ।

ਸੋਲਰ ਫਲੇਅਰ ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ ਹਨ ਜੋ ਸੂਰਜ ਤੋਂ ਪ੍ਰਕਾਸ਼ ਦੀ ਗਤੀ ਨਾਲ ਯਾਤਰਾ ਕਰਦੇ ਹਨ ਅਤੇ ਅੱਠ ਮਿੰਟਾਂ ਵਿੱਚ ਧਰਤੀ 'ਤੇ ਪਹੁੰਚ ਜਾਂਦੇ ਹਨ। ਇਹ ਅਕਸਰ ਛੱਓਸ ਦੇ ਨਾਲ ਹੁੰਦੇ ਹਨ, ਜੋ ਕਿ ਚਾਰਜਡ ਊਰਜਾ ਦੇ ਵਿਸ਼ਾਲ ਧਮਾਕੇ ਹੁੰਦੇ ਹਨ ਅਤੇ ਇੰਨੇ ਤੇਜ਼ ਨਹੀਂ ਹੁੰਦੇ ਕਿ ਲੱਖਾਂ ਮੀਲ (ਜਾਂ ਕਿਲੋਮੀਟਰ) ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਯਾਤਰਾ ਕਰ ਸਕਣ। ਸੂਰਜੀ ਤੂਫਾਨ ਵੱਖ-ਵੱਖ ਸ਼ਕਤੀਆਂ ਨਾਲ ਧਰਤੀ ਤੱਕ ਪਹੁੰਚ ਸਕਦੇ ਹਨ। ਸੂਰਜੀ ਊਰਜਾ ਅਸਮਾਨ ਵਿੱਚ ਚਮਕਦਾਰ ਰੌਸ਼ਨੀਆਂ ਪੈਦਾ ਕਰ ਸਕਦੀ ਹੈ ਜਿਸ ਨੂੰ ਔਰੋਰਾ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਉੱਤਰੀ ਰੌਸ਼ਨੀਆਂ ਜਾਂ ਦੱਖਣੀ ਰੌਸ਼ਨੀਆਂ (ਨਾਰਦਨ ਅਤੇ ਸਦਰਨ ਲਾਈਟਸ) ਵੀ ਕਿਹਾ ਜਾਂਦਾ ਹੈ।

### ਸੂਰਜੀ ਤੂਫਾਨ ਦਾ ਧਰਤੀ 'ਤੇ ਕੀ ਪ੍ਰਭਾਵ ਪੈ ਸਕਦਾ ਹੈ?

ਨਾਸਾ ਦੇ ਅਨੁਸਾਰ, ਸੂਰਜੀ ਫਲੇਅਰਸ ਅਤੇ ਸੂਰਜੀ ਵਿਸਫੋਟ ਨਾਲ ਧਰਤੀ 'ਤੇ ਰੇਡੀ ਸੰਚਾਰ, ਬਿਜਲੀ ਪਾਵਰ ਗਰਿੱਡ ਅਤੇ ਨੈਵੀਗੇਸ਼ਨ ਸਿਗਨਲ ਪ੍ਰਭਾਵਿਤ ਹੋ ਸਕਦੇ ਹਨ। 2017 ਵਿੱਚ, ਸੂਰਜ ਦੀ ਸਤ੍ਹਾ ਤੋਂ ਦੋ ਵਿਸ਼ਾਲ ਸੂਰਜੀ ਭਾਂਬੜ ਉੱਠੇ ਸਨ, ਜਿਸ ਨਾਲ ਜੀਪੀਐਸ ਨੈਵੀਗੇਸ਼ਨ ਪ੍ਰਣਾਲੀਆਂ ਵਰਗੇ ਯੰਤਰਾਂ ਵਿੱਚ ਵਿਘਨ ਪਿਆ। ਫਰਵਰੀ 2011 ਵਿੱਚ, ਇੱਕ ਸ਼ਕਤੀਸ਼ਾਲੀ ਸੂਰਜੀ ਫਲੇਅਰ ਨੇ ਪੂਰੇ ਚੀਨ ਵਿੱਚ ਰੇਡੀ ਸੰਚਾਰ ਵਿੱਚ ਵਿਘਨ ਪਾ ਦਿੱਤਾ ਸੀ। ਇਸ ਤੋਂ ਪਹਿਲਾਂ 1989 ਵਿੱਚ, ਇੱਕ ਸੂਰਜੀ ਫਲੇਅਰ ਕਾਰਨ ਕੈਨੇਡੀਅਨ ਸੂਬੇ ਕਿਊਬੈਕ ਵਿੱਚ ਬਿਜਲੀ ਚਲੀ ਗਈ ਸੀ ਅਤੇ ਲੱਖਾਂ ਲੋਕਾਂ ਨੂੰ ਨੌਂ ਘੰਟੇ ਬਲੈਕਆਊਟ 'ਚ ਹੀ ਰਹਿਣਾ ਪਿਆ। ਇਸੇ ਤਰ੍ਹਾਂ 1859 ਵਿੱਚ, ਇੱਕ ਵਿਸ਼ਾਲ ਸੂਰਜੀ ਵਿਸਫੋਟ ਕਾਰਨ ਇੱਕ ਭੂ-ਚੁੰਬਕੀ ਤੂਫ਼ਾਨ ਆਇਆ ਜਿਸ ਨੇ ਵਿਕਟੋਰੀਅਨ ਰੇਲਵੇ ਸਿਗਨਲ ਸਿਸਟਮ ਅਤੇ ਟੈਲੀਗ੍ਰਾਫ ਲਾਈਨਾਂ ਨੂੰ ਨੁਕਸਾਨ ਪਹੁੰਚਾਇਆ ਸੀ। ਅਤੇ ਇਹ ਅੱਜ ਵੀ ਇੱਕ ਖਤਰਨਾਕ ਜਾਪਦਾ ਹੈ। ਲੈਂਕੈਸਟਰ ਯੂਨੀਵਰਸਿਟੀ ਦੇ ਇੱਕ ਅਧਿਐਨ ਮੁਤਾਬਕ, ਬ੍ਰਿਟੇਨ ਦੇ ਰੇਲ ਨੈੱਟਵਰਕ ਨੂੰ ਇੱਕ ਤੂਫਾਨ ਲਈ ਤਿਆਰ ਰਹਿਣ ਦੀ ਚੇਤਾਵਨੀ ਦਿੱਤੀ ਗਈ ਹੈ ਜੋ ਨੈੱਟਵਰਕ ਨੂੰ ਵਿਗਾੜ ਸਕਦਾ ਹੈ, ਭਾਵੇਂ ਅਜਿਹਾ ਹੋਣ ਦੀ ਸੰਭਾਵਨਾ ਖਾਸੀ ਘੱਟ ਹੈ।

### ਸੂਰਜੀ ਤੂਫਾਨ ਕਿੰਨੀ ਵਾਰ ਆਉਂਦੇ ਹਨ?

ਸੂਰਜ ਬਿਜਲੀ ਨਾਲ ਚਾਰਜ ਹੋਣ ਵਾਲੀ ਗਰਮ ਗੈਸ ਤੋਂ ਬਣਿਆ ਹੈ ਜੋ ਗਤੀ ਕਰਦੀ ਹੈ ਅਤੇ ਇੱਕ ਸ਼ਕਤੀਸ਼ਾਲੀ ਚੁੰਬਕੀ ਖੇਤਰ ਪੈਦਾ ਕਰਦੀ ਹੈ। ਇਹ ਖੇਤਰ ਇੱਕ ਚੱਕਰ ਵਿੱਚੋਂ ਲੰਘਦਾ ਹੈ, ਜਿਸ ਨੂੰ ਸੂਰਜੀ ਚੱਕਰ ਕਿਹਾ ਜਾਂਦਾ ਹੈ। ਨਤੀਜੇ ਵਜੋਂ, ਸੂਰਜ ਦੀ ਸਤ੍ਹਾ ਨਿਯਮਿਤ ਤੌਰ 'ਤੇ ਸ਼ਾਂਤ ਅਤੇ ਤੂਫਾਨੀ ਗਤੀਵਿਧੀਆਂ ਦਾ ਅਨੁਭਵ ਕਰਦੀ ਹੈ। ਹਰ 11 ਸਾਲ ਜਾਂ ਇਸ ਤੋਂ ਬਾਅਦ, ਸੂਰਜੀ ਚੱਕਰ ਦੇ ਸਿਖਰ 'ਤੇ, ਸੂਰਜ ਦੇ ਉੱਤਰੀ ਅਤੇ ਦੱਖਣੀ ਧਰੁਵਾਂ 'ਤੇ ਚੁੰਬਕੀ ਖੇਤਰ ਆਪਣਾ ਸਥਾਨ ਬਦਲਦੇ ਹਨ। ਨਾਸਾ ਅਤੇ ਅਮਰੀਕਾ ਦੇ ਨੈਸ਼ਨਲ ਸ਼ੀਅਨਿਕ ਐਂਡ ਐਟਮੌਸਫੀਅਰਿਕ ਐਡਮਿਨਿਸਟ੍ਰੇਸ਼ਨ (ਐਨਓਏਏ) ਦੁਆਰਾ ਸਹਿ-ਪ੍ਰਯੋਜਿਤ ਮਾਹਿਰਾਂ ਦੇ ਇੱਕ ਅੰਤਰਰਾਸ਼ਟਰੀ ਸਮੂਹ ਦੇ ਅਨੁਸਾਰ, ਮੌਜੂਦਾ ਚੱਕਰ, ਜਿਸ ਨੂੰ ਸੋਲਰ ਸਾਈਕਲ 25 ਕਿਹਾ ਜਾਂਦਾ ਹੈ, ਦਸੰਬਰ 2019 ਵਿੱਚ ਸ਼ੁਰੂ ਹੋਇਆ ਸੀ।

ਸੂਰਜੀ ਚੱਕਰ ਦੇ ਸ਼ੁਰੂਆਤੀ ਪੜਾਅ ਨੂੰ ਸੋਲਰ ਮਿਨੀਮਮ ਕਿਹਾ ਜਾਂਦਾ ਹੈ। ਜਿਸ ਵਿੱਚ, ਸੂਰਜ ਉੱਤੇ ਸਭ ਤੋਂ ਘੱਟ ਸੂਰਜੀ ਧੱਬੇ ਹੁੰਦੇ ਹਨ - ਉਹ ਕਾਲੇ ਧੱਬੇ ਜੋ ਵਿਗਿਆਨੀਆਂ ਨੂੰ ਸਾਡੇ ਇਸ ਵੱਡੇ ਤਾਰੇ ਦੀ ਗਤੀਵਿਧੀ ਨੂੰ ਟਰੈਕ ਕਰਨ ਵਿੱਚ ਮਦਦ ਕਰਦੇ ਹਨ। ਜਿਵੇਂ-ਜਿਵੇਂ ਸੂਰਜੀ ਕਿਰਿਆ ਵਧਦੀ ਹੈ, ਸੂਰਜੀ ਧੱਬਿਆਂ ਦੀ ਗਿਣਤੀ ਵੀ ਵਧਦੀ ਹੈ।

ਸੂਰਜੀ ਚੱਕਰ ਦੇ ਵਿਚਕਾਰਲੇ ਸਮੇਂ ਨੂੰ ਸੋਲਰ ਮੈਕਸਿਮਮ ਕਿਹਾ ਜਾਂਦਾ ਹੈ, ਉਹ ਸਮਾਂ ਜਦੋਂ ਸੂਰਜ 'ਤੇ ਸਭ ਤੋਂ ਵੱਧ ਸੂਰਜੀ ਧੱਬੇ ਹੁੰਦੇ ਹਨ ਅਤੇ ਇਸਦੇ ਚੁੰਬਕੀ ਧਰੁਵ ਆਪਣੀ ਸਥਿਤੀ ਬਦਲਦੇ ਹਨ। ਨਾਸਾ ਅਤੇ ਐਨ ਏਏ ਦਾ ਕਹਿਣਾ ਹੈ ਕਿ ਸੂਰਜ ਪਿਛਲੇ ਸਾਲ ਮੌਜੂਦਾ ਚੱਕਰ ਦੇ ਆਪਣੇ ਸੂਰਜੀ ਅਧਿਕਤਮ ਸੋਲਰ ਮੈਕਸਿਮਮ ਪੱਧਰ 'ਤੇ ਪਹੁੰਚ ਗਿਆ ਸੀ। ਇਨ੍ਹਾਂ ਸੂਰਜੀ ਧੱਬਿਆਂ ਵਿੱਚ ਰੌਸ਼ਨੀ ਅਤੇ ਊਰਜਾ ਦੇ ਵੱਡੇ ਧਮਾਕੇ ਹੁੰਦੇ ਹਨ, ਜੋ ਆਪਣੇ ਆਲੇ-ਦੁਆਲੇ ਨਾਲੋਂ ਠੰਢੇ ਹੋਣ ਕਰਕੇ ਗੂੜ੍ਹੇ ਦਿਖਾਈ ਦਿੰਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਧਰਤੀ ਦੇ ਆਕਾਰ ਜਾਂ ਇਸ ਤੋਂ ਵੀ ਵੱਡੇ ਖੇਤਰ ਨੂੰ ਕਵਰ ਕਰਦੇ ਹਨ। 11 ਸਾਲਾਂ ਦੇ ਸੂਰਜੀ ਚੱਕਰ ਦੌਰਾਨ ਸੋਲਰ ਮੈਕਸੀਮਮ ਦੇ ਸਮੇਂ ਤੋਂ ਸੂਰਜੀ ਤੂਫਾਨਾਂ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਬਾਬਾ ਟੇਕ ਸਿੰਘ ਤਨਖ਼ਾਹੀਆ ਕਰਾਰ

ਅੰਮ੍ਰਿਤਸਰ- ਸ੍ਰੀ ਅਕਾਲ ਤਖਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਲਏ ਗਏ ਅਹਿਮ ਫੈਸਲਿਆਂ 'ਚ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਤੇ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਅਤੇ ਸ੍ਰੀ ਹਰਿ-ਮੰਦਰ ਜੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਨੂੰ ਵੀ ਤਲਬ ਕੀਤਾ ਗਿਆ ਹੈ। ਇਸ ਤੋਂ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੰਜਾਂ ਪਿਆਰਿਆਂ ਨੇ ਇਕੱਤਰਤਾ ਕੀਤੀ। ਇਸ ਇਕੱਤਰਤਾ 'ਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਐਡੀਸ਼ਨਲ ਹੈਡ ਗ੍ਰੰਥੀ ਗਿਆਨੀ ਦਲੀਪ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਪਰਸੂਰਾਮ ਸਿੰਘ ਤੇ ਭਾਈ ਅਮਰਜੀਤ ਸਿੰਘ ਸ਼ਾਮਲ ਹੋਏ। ਇਹਨਾਂ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਥਿਤ ਅਤੇ ਆਪੋ ਥਾਪੇ ਜਥੇਦਾਰ ਜਿਨ੍ਹਾਂ ਨੂੰ ਪੰਥ ਵੱਲੋਂ ਅਸਵੀਕਾਰ ਕਰਦੇ ਹੋਏ ਨਕਾਰ ਦਿੱਤਾ ਗਿਆ ਹੈ, ਉਨ੍ਹਾਂ ਵੱਲੋਂ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਅੱਜ ਹੁਕਮਨਾਮਾ ਜਾਰੀ ਕੀਤਾ ਗਿਆ। ਇਸ ਹੁਕਮਾਨੇ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਹੁਕਮਨਾਮਾ ਅਤੇ ਆਦੇਸ਼ ਦੀ ਉਲੰਘਣਾ ਕਰਨ ਦਾ ਦੋਸ਼ੀ ਮਨਦੇ ਹੋਏ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸੰਵਿਧਾਨ ਅਤੇ ਉਪਨਿਯਮ ਨੂੰ ਚੁਣੌਤੀ ਦਿੰਦੇ ਹੋਏ ਇਥੇ ਦੇ ਪ੍ਰਬੰਧਕ ਕਮੇਟੀ ਦੇ ਅਧੀਕਾਰ ਅਤੇ ਸ਼ਕਤੀ 'ਚ ਦਖ਼ਲਅੰਦਾਜ਼ੀ ਕਰ ਕੇ ਉਸ ਦੇ ਨਿਰਣੈ ਖਿਲਾਫ ਹੁਕਮਨਾਮਾ ਜਾਰੀ ਕਰਨ ਦਾ ਦੋਸ਼ੀ ਮਨਦੇ ਹੋਏ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਗਿਆਨੀ ਟੇਕ ਸਿੰਘ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਣ-ਸਨਮਾਨ, ਮਰਿਆਦਾ, ਪਰੰਪਰਾ, ਸੰਪ੍ਰਭੂਤਾ ਆਦਿ ਨੂੰ ਠੇਸ ਪਹੁੰਚਾਉਣ ਦਾ ਗੰਭੀਰ ਦੋਸ਼ੀ ਮਨਦੇ ਹੋਏ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ।







ਇਸ ਘਟਨਾਕ੍ਰਮ 'ਚ ਸੁਖਬੀਰ ਸਿੰਘ ਬਾਦਲ ਦੇ ਦਖ਼ਲਅੰਦਾਜ਼ੀ ਤੇ ਸਾਜ਼ਿਸ਼ਕਰਤਾ ਦੇ ਰੂਪ 'ਚ ਸ਼ਾਮਲ ਹੋਣ ਦੀ ਜਾਣਕਾਰੀ ਵੀ ਪੁੱਜ ਰਹੀ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਨੂੰ 10 ਦਿਨ ਦੇ ਅੰਦਰ-ਅੰਦਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਸਾਹਮਣੇ ਨਿੱਜੀ ਰੂਪ 'ਚ ਪੇਸ਼ ਹੋ ਕੇ ਆਪਣਾ ਪੱਖ ਰਖਣ ਲਈ ਆਦੇਸ਼ ਦਿੱਤਾ ਜਾਂਦਾ ਹੈ। ਇਸ ਆਦੇਸ਼ ਦੀ ਉਲੰਘਣਾ ਹੋਣ 'ਤੇ ਪੰਥਕ ਰਵਾਇਤ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਨਾਲ ਹੀਂ ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਸਾਰੇ ਅਹੁਦੇਦਾਰ ਤੇ ਮੈਂਬਰ ਸਾਹਿਬਾਨ ਨੂੰ ਸਖ਼ਤ ਆਦੇਸ਼ ਦਿੱਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਥਿਤ ਅਤੇ ਆਪੋ-ਥਾਪੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਗਿਆਨੀ ਟੇਕ ਸਿੰਘ ਵੱਲੋਂ ਅੱਜ ਜਾਰੀ ਕੀਤੇ ਗਏ ਮਤੇ ਜਿਸ ਰਾਹੀਂ ਪ੍ਰਬੰਧਕੀ ਬੋਰਡ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ, ਹੁਕਮ ਨੂੰ ਮੰਨਣ ਤੋਂ ਸਖ਼ਤ ਮਨ੍ਹਾ ਕੀਤਾ ਜਾਂਦਾ ਹੈ ਤੇ ਰੋਕ ਲਾਈ ਜਾਂਦੀ ਹੈ। ਜੇਕਰ ਕੋਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਤਿਕਾਰਯੋਗ ਪੰਜ ਪਿਆਰੇ ਵੱਲੋਂ ਜਾਰੀ ਹੁਕਮਨਾਮੇ ਦਾ ਵਿਰੋਧ ਕਰਦਾ ਹੈ ਜਾਂ ਮੰਨਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਉੱਤੇ ਵੀ ਪੰਥਕ ਰਵਾਇਤ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਜਾਰੀ ਕੀਤੇ ਗਏ ਹੁਕਮਨਾਮੇ ਜਾਂ ਆਦੇਸ਼ ਨੂੰ ਰੱਦ ਕੀਤਾ ਜਾਂਦਾ ਹੈ ਅਤੇ ਗਿਆਨੀ ਰਣਜੀਤ ਸਿੰਘ ਗੌਹਰ 'ਤੇ ਲੱਗੇ ਤਨਖ਼ਾਹੀਆ ਅਤੇ ਪੰਥ ਤੋਂ ਛੇਕੇ ਹੋਣ ਦਾ ਆਦੇਸ਼ ਪੂਰੀ ਤਰ੍ਹਾਂ ਲਾਗੂ ਰਹੇਗਾ। ਇਹ ਵੀ ਆਦੇਸ਼ ਦਿੱਤਾ ਜਾਂਦਾ ਹੈ ਕਿ ਅੱਜ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਬਾਹਰੀ ਕਿਸੇ ਵੀ ਤਖ਼ਤ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਆਦੇਸ਼ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਾ ਲਾਗੂ ਕੀਤਾ ਜਾਵੇਗਾ ਅਤੇ ਨਾ ਹੀਂ ਮੰਨਿਆ ਜਾਵੇਗਾ, ਇਸ ਆਦੇਸ਼ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇ।

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ



ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਭਗਤਾਂ ਅਤੇ ਗੁਰੂਆਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਭਗਤਾਂ ਅਤੇ ਗੁਰੂਆਂ ਨੇ ਕਰੜਾ ਵਿਰੋਧ ਕਰਕੇ ਭੋਲੀ ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਭਗਤਾਂ ਅਤੇ ਗੁਰੂਆਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀਚੰਦੀਏ, ਪ੍ਰਿਥੀਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤਾਂ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣ ਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ, ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਸਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਇਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਆ ਰਹੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚੁਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਭਗਤਾਂ ਅਤੇ ਗੁਰੂਆਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ, ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ, ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ, ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ!

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ 'ਤੁਜ਼ਕਿ ਜਹਾਂਗੀਰੀ' ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਦਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ, ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ ਗੁਰੂ ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ, ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਅਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ, ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ" (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਵਿਸ਼ੇਸ਼ ਧਰਮੀ-ਪੁਰਖ ਨੂੰ ਬਿਨਾਂ ਖੂਨ ਡੋਲ੍ਹੇ ਮਾਰਿਆ ਜਾਂਦਾ ਸੀ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਸੋ ਇਸ ਤਰੀਕੇ ਨਾਲ 2 ਹਾੜ ਬਿਕਰਮੀ ਸੰਮਤ 1663 ਮੁਤਾਬਕ 30 ਮਈ ਸੰਨ 1606 (ਜੂਲੀਅਨ) ਦਿਨ ਸ਼ੁਕਰਵਾਰ ਨੂੰ, ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅੱਜ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਇਹ ਸ਼ਹੀਦੀ ਦਿਹਾੜਾ 2 ਹਾੜ (16 ਜੂਨ) ਨੂੰ ਵਿਦਵਾਨਾਂ ਵੱਲੋਂ ਪੱਕਾ ਕੀਤਾ ਗਿਆ ਅਤੇ ਹੁਣ ਸਿੱਖ ਕੌਮ ਹਰ ਸਾਲ 16 ਜੂਨ ਨੂੰ ਹੀ ਇਹ ਦਿਹਾੜਾ ਮਨਾਉਂਦੀ ਹੈ।

ਪ੍ਰਤੀਕਰਮ-ਜਿਸ ਦਾ ਪ੍ਰਤੀਕਰਮ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ-ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ, ਦੂਰ-ਦੂਰ ਹੁਕਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ, ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਸਮੇਂ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ।

ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ, ਅਕਾਲ ਤਖ਼ਤ ਪਰ ਗੁਰੂ ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ ਅਤੇ ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਿੱਖਾਂ ਦੇ ਸਤਵੇਂ, ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ, ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ 14 ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ, ਜਿਸ ਦਾ ਫਲ ਬਾਬਾ ਬੰਦਾ ਸਿੰਘ ਬਹਾਦਰ ਨੇ 8 ਸਾਲ ਰਾਜ ਕੀਤਾ। ਸਿੱਖ ਮਿਸਲਾਂ ਨੇ ਵੀ ਜ਼ਾਲਮ ਹਕੂਮਤ ਨੂੰ ਵਖਤ ਪਾਈ ਰੱਖਿਆ ਅਤੇ ਮਹਾਂਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ 50 ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਅਤੇ ਅੱਜ ਤੱਕ ਨਹੀਂ ਮਿਲਿਆ। ਗੁਰਦੁਆਰਿਆਂ ਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ।

---

# ਮੂੰਨਾ ਕੋਹ ਲਹੌਰ

**ਕਹਾਣੀ/ - ਅਫ਼ਜ਼ਲ ਅਹਿਸਨ ਰੰਧਾਵਾ**

"ਸਾਧ ਪਕੌੜੇ ਵੇਚ ਕੇ ਆਪਣੇ ਆਪ ਵਿੱਚ ਜੰਨਤ ਦੀਆਂ ਮੌਜਾਂ ਮਾਣਦਾ ਤੇ ਚੋਰ ਚੋਰੀ ਕਰਕੇ ਆਪਣੇ ਬਾਲ ਬੱਚੇ ਨਾਲ ਬੁੱਲੇ ਲੁਟਦਾ। ਤੇ ਇੰਝ ਸਾਧ ਆਪਣੇ ਹਾਲ ਵਿਚ ਮਸਤ, ਚੋਰ ਆਪਣੇ ਮਾਲ ਵਿਚ ਮਸਤ ਤੇ ਵੇਲਾ ਆਪਣੀ ਚਾਲ ਵਿਚ ਮਸਤ ਸੀ...।

"ਕਹਾਣੀ ਦਾ ਮੁੱਢ ਈ ਬੇਢੰਗਾ ਏ!" ਦਾਰੀ ਜੁਲਾਹਾ ਬੋਲ ਪਿਆ, ਅਗਾਂਹ ਕਹਾਣੀ ਕੀ ਹੋਣੀ ਏ?"

ਕਹਾਣੀ ਸੁਣਾਉਂਦਾ ਬਾਬਾ ਭੋਜ ਵਿਚੋਂ ਟੋਕੇ ਜਾਣ ਤੇ ਭੁੜਕ ਡੰਡਿਓਂ ਪਾਰ ਹੋਇਆ। ਦਾਰੀ ਨੂੰ ਝਈ ਲੈ ਕੇ ਪਿਆ: "ਅਗਾਂਹ ਤੇ ਤੇਰੀ ਮਾਂ ਨੇ ਜੋ ਹੋਣਾ ਸੋ ਹੋਣਾ ਏਂ, ਪਹਿਲਾਂ ਤੂੰ ਇਹ ਦੱਸ! ਕਹਾਣੀ ਦਾ ਮੁੱਢ ਕਿਵੇਂ ਬੇਢੰਗਾ ਏ?"

ਦਾਰੀ ਨੇ ਬਾਬੇ ਦੀ ਗੱਲ ਦਾ ਬੁਰਾ ਨਾ ਮੰਨਿਆਂ। ਹੱਸ ਕੇ ਕਹਿਣ ਲੱਗਾ, "ਤੂੰ ਤੇ ਆਖਦਾ ਹੁੰਦਾ ਏਂ ਪਈ ਚੋਰਾਂ ਦੇ ਘਰ ਕਦੇ ਦੀਵਾ ਹੀ ਨਹੀਂ ਹੁੰਦਾ। ਹੁਣ ਆਪ ਹੀ ਦਸਦਾ ਏਂ ਪਈ ਚੋਰ ਆਪਣੇ ਬਾਲ ਬੱਚੇ ਨਾਲ ਬੁਲ੍ਹੇ ਲੁਟਦਾ ਹੁੰਦਾ ਸੀ ਤੇ ਨਾਲ ਸਾਧ ਪਕੌੜੇ ਵੇਚਣ ਮਗਰੋਂ ਸਾਧ ਹੀ ਰਿਹਾ?"

ਕੋਲ ਬੈਠਾ ਮਾਸਟਰ ਦਾਰੀ ਦੀ ਇਮਦਾਦ ਨੂੰ ਅੱਪੜਿਆ- "ਬਾਬਾ! ਦਾਰੀ ਦੀ ਗੱਲ ਨੂੰ ਚਿੱਥ ਜਰਾ! ਉਹ ਆਖਦਾ ਏ ਕਿ ਹੱਟੀ ਵਾਲਾ ਤੇ ਚੋਰ ਜੇ ਸੱਕੇ ਭਰਾ ਨਹੀਂ ਤੇ ਤਾਏ ਚਾਚੇ ਦੇ ਪੁੱਤਰ ਭਰਾ ਤੇ ਜ਼ਰੂਰ ਹੁੰਦੇ ਨੇ... ਇਕ ਨੇ ਗਾਹਕ ਨੂੰ ਲੁੱਟਣਾ, ਇਕ ਨੇ ਸਾਕ ਨੂੰ...।"

ਭਾਬੇ ਭੋਜ, ਮਾਸਟਰ ਦੀ ਸੁਣੀ, ਅਣਸੁਣੀ ਕਰਦਿਆਂ ਕਿਹਾ, "ਦੀਵਾ ਨਹੀਂ ਬਲਦਾ ਕਦੇ ਤੇਰੇ ਜਹੇ ਰੱਬ ਦੇ ਮਾਰੇ ਚੋਰ ਦੇ ਘਰ, ਜਿਨ੍ਹੇ ਸਵੇਰੇ ਉਠ ਕੇ ਮਸੀਤੇ ਜਾ ਕੇ ਨਹਾਵਣ ਤੋਂ ਪਹਿਲੋਂ ਮਸੀਤ ਦਾ ਤੇਲ ਚੋਰੀ ਕਰਕੇ ਮਲਣਾ ਹੁੰਦਾ ਏ...।"

ਬਾਬੇ ਦੀ ਗੱਲ ਅਜੇ ਵਿਚ ਈ ਸੀ, ਦਾਰੀ ਹੱਸ ਕੇ ਕਹਿਣ ਲੱਗਾ, "ਰੋਜ਼ ਸਵੇਰੇ ਮੂੰਹ ਹਨੇਰੇ ਖੂਹੀ 'ਚੋਂ ਸੌ ਬੋਕਾ ਕੱਢ ਕੇ ਸਕਾਵੇ ਤੋਂ ਟੂਟੀਆਂ ਭਰਨਾ ਆਂ ਮਸੀਤ ਦੀਆਂ। ਜੇ ਕਦੇ ਕਿਸੇ ਨਮਾਜ਼ੀ ਸਵੇਰੇ ਇਕ ਬੋਕਾ ਵੀ ਕੱਢਿਆ ਹੋਵੇ ਤਾਂ ਮੈਂ ਝੂਠਾ। ਥੇ ਜੇ ਕਦੇ ਮੈਂ ਕੁੱਜੇ 'ਚੋਂ ਤੇਲ ਦਾ ਚੋਆ ਲੈ ਲੈਨਾ ਆਂ ਤੇ ਗੁਨਾਹ ਕੀ ਹੋਇਆ? ਅੱਲ੍ਹਾ ਦੇ ਘਰੋਂ ਨਾ ਲਵਾਂ ਤੇ ਹੋਰ ਕਿੱਥੋਂ ਲਵਾਂ?"

ਦਾਰੀ ਦੀ ਗੱਲ ਦੇ 'ਹੋਰ ਕਿਥੋਂ ਲਵਾਂ' ਵਾਲੇ ਟੋਟੇ ਤੇ ਬਾਬੇ ਦਾ ਹਾਸਾ ਨਿਕਲ ਗਿਆ, ਬੋਲਿਆ, "ਪੁੱਤਰਾ! ਜੇ ਕਦੇ ਤੈਨੂੰ ਸਵੇਰੇ ਉਠ ਕੇ ਤੇਲ ਮਲ ਕੇ ਨਹਾਵਣ ਦੀ ਆਦਤ ਨਾ ਹੋਵੇ ਤੂੰ ਕਦੇ ਮਸੀਤ ਵਲ ਮੂੰਹ ਵੀ ਨਾ ਕਰੇਂ। ਜਾ ਕੇ ਰੋਜ਼ ਤੇਲ ਮਲਨਾ ਏਂ। ਮਗਰੋਂ ਸਰੀਰ ਖੋਲ੍ਹਣ ਲਈ ਦਸ- ਵੀਹ ਬੋਕੇ ਕੱਢ ਕੇ ਸਕਾਵੇ ਭਰ ਕੇ ਨਹਾ ਵੀ ਤਾਂ ਆਪ ਈ ਆਉਨਾ ਏਂ ਨਾ?" ਤੈਨੂੰ ਕਦੇ ਨਮਾਜ਼ ਪੜ੍ਹਨ ਦੀ ਤੌਫ਼ੀਕ ਨਹੀਂ ਹੋਈ। ਪਰ ਮੇਰੀ ਗੱਲ ਯਾਦ ਰੱਖੀਂ, ਅੱਲ੍ਹਾ ਦੇ ਘਰ ਚੋਰੀ ਕਰਨਾ ਏਂ... ਕੋਹੜਾ ਹੋ ਕੇ ਮਰੇਂਗਾ। ਕੀੜੇ ਖਾਣਗੇ ਏਸ ਸਰੀਰ ਨੂੰ।" ... ਖੌਰੇ ਕੋਹੜੇ ਹੋਣ ਜਾਂ ਸਰੀਰ ਨੂੰ ਕੀੜਿਆਂ ਦੇ ਖਾਣ ਦੇ ਡਰ ਤੋਂ ਦਾਰੀ ਕੰਬ ਗਿਆ। ਸਫ਼ਾਈ ਦੇਂਦਿਆਂ ਕਹਿਣ ਲੱਗਾ, "ਸਹੁੰ ਬੇਬੇ ਦੀ! ਹੁਣ ਤਾਂ ਮੈਂ ਇਹ ਕੰਮ ਕਦੇ ਨਹੀਂ ਕੀਤਾ। ਅਜੇ ਪਿਛਲੀ ਜੁੰਮੇਰਾਤ ਨੂੰ ਤੇ ਮੈਂ ਸਵਾ ਰੁਪਏ ਦਾ ਤੇਲ ਮਸੀਤੇ ਪਾਇਆ ਏ।"

"ਹੁਣ ਤੂੰ ਮਸੀਤੋਂ ਤੇਲ ਚੋਰੀ ਕਰਕੇ ਨਹੀਂ ਮਲਦਾ... ਹੁਣ ਤੇ ਤੂੰ ਬੱਸ ਪੱਠੇ ਵੱਢਨਾਂ ਏਂ ਚੋਰੀ!" ਬਾਬੇ ਭੋਜ ਖੌਰੇ ਦਾਰੀ ਦੀ ਪਹਿਲੀ ਸਫ਼ਾਈ ਮੰਨ ਲਈ ਸੀ।

ਦਾਰੀ ਆਪਣੀ ਵਾਹੀ, "ਲੈ ਭਲਾ ਬਾਬਾ! ਪੱਠੇ ਮੈਂ ਕਿਨੇ ਕੁ ਵੱਢਨਾਂ ਆਂ? ਇਕ ਬਕਰੀ ਜਿੱਡੀ ਗਾਂ ਏ ਤੇ ਇਕ ਬਿੱਲੀ ਜਿੱਡੀ ਵੱਛੀ। ਨਾਲੇ ਪੱਠੇ ਮੈਂ ਕਿਹੜੇ ਰੋਜ਼ ਵੱਢਨਾਂ ਆਂ? ਇਕ ਅੱਧਾ ਡੰਗ ਤੇ ਮੈਂ ਘਾਹ ਖੋਤਰ ਕੇ ਪਾ ਲੈਨਾ ਤੇ ਵਿਚੋਂ ਇਕ ਅੱਧਾ ਡੰਗ ਪੱਠੇ ਵਢ ਲਿਆਉਨਾ, ਉਹ ਵੀ ਉਸ ਸੂਮ ਜੱਟ ਦੇ, ਜਿਹੜਾ ਮੰਗਿਆਂ ਨਹੀਂ ਦੇਂਦਾ। ਸਵੇਰੇ ਜੱਟ ਨੂੰ ਵੀ ਪਤਾ ਹੁੰਦਾ ਏ ਪਈ ਦਾਰੀ ਲੈ ਗਿਆ ਪੱਠੇ ਵੱਢ ਕੇ ਰਾਤੀਂ। ਉਹ ਵੀ ਹੱਸ ਛੱਡਦਾ ਏ ਤੇ ਮੈਂ ਵੀ। ਬਾਬਾ! ਤੂੰ ਹੀ ਦੱਸ ਆਪਣੇ ਦੀਨ ਈਮਾਨ ਨਾਲ, ਜੇ ਦਾਰੀ ਆਪਣੀ ਗਾਂ ਲਈ ਏਸ ਆਪਣੇ ਪਿੰਡ ਵਿਚੋਂ ਪੱਠੇ ਨਾ ਵੱਢੇ ਤੇ ਕਿਥੋਂ ਵੱਢੇ? ਪਿੰਡ ਬਾਹਰੋਂ ਕਿਸੇ ਹੋਰ ਪਿੰਡ ਦੇ ਪੱਠੇ ਵੱਢ ਕੇ ਧੌਣ ਭਨਾ ਲਏ?"



ਬਾਬੇ ਭੋਜ ਦਾ ਫੇਰ ਹਾਸਾ ਡੁੱਲ੍ਹ ਪਿਆ। ਹੱਸਦਿਆਂ ਹੱਸਦਿਆਂ ਬੋਲਿਆ, "ਓਇ ਬੰਦਿਆ! ਤੈਨੂੰ ਸੌ ਵਾਰੀ ਆਖਿਆ ਏ ਜਦੋਂ ਕਿਤੋਂ ਨਾ ਲੱਭਣ ਤਾਂ ਸਾਡੇ ਵੱਢ ਲਿਆਇਆ ਕਰ। ਪਰ ਰਾਤਾਂ ਨੂੰ ਲੋਕਾਂ ਦੇ ਚੋਰੀ ਨਾ ਵੱਢਿਆ ਕਰ। ਐਵੇਂ ਹਰਾਮ ਮੌਤੇ ਨਾ ਮਾਰਿਆ ਜਾਵੀਂ ਕਿਤੇ। ਓਇ ਚੋਰੀ ਪੱਠੇ ਵੱਢਦਿਆਂ ਮਾਰਿਆ ਜਾਣਾ ਵੀ ਕੋਈ ਕੰਮ ਹੋਇਆ। ਧੇਲਾ ਮੁੱਲ ਨਹੀਂ ਪੈਂਦਾ ਅਜਿਹੇ ਬੰਦੇ ਦਾ।"

"ਮੈਂ ਉਹਦੇ ਪੱਠੇ ਨਹੀਂ ਵੱਢਦਾ ਕਦੇ ਵੀ, ਜਿਸ ਪੱਠਿਆਂ ਦੇ ਰੁੱਗ ਤੋਂ ਮਾਰ ਹੀ ਘੱਤਣਾ ਹੋਵੇ। ਮੈਂ ਤਾਂ ਉਹਦੇ ਵੱਢਦਾ ਆਂ ਜਿਹੜਾ ਜੇ ਉਤੋਂ ਫੜ ਵੀ ਲਵੇ ਤਾਂ ਆਪੇ ਹੀ ਪੱਚੀ ਹੋ ਜਾਵੇ।" ਦਾਰੀ ਚਹਿਕਦਿਆਂ ਗੱਲ ਟੋਰੀ, "ਸੁਣਿਆਂ ਨਹੀਓਂ ਬਾਬਾ! ਇਕ ਜਾਂਗਲੀ ਚੋਰ ਨੇ ਭੈਣ ਦਾ ਝੁੱਗਾ ਜਾ ਭੰਨਿਆਂ ਪਰ, ਸੰਨ ਤੇ ਈ ਫੜਿਆ ਗਿਆ। ਭੈਣ ਤੇ ਭਣੋਈਏ ਭਲਾ ਕੀ ਆਖਣਾ ਸੀ? ਸਗੋਂ ਰੋਟੀ ਪਾਣੀ ਖਵਾ ਕੇ ਘੱਲਿਓ ਨੇ। ਚੋਰ ਪਿਛਾਂਹ ਪਰਤ ਕੇ ਆਪਣੇ ਯਾਰਾਂ ਬੇਲੀਆਂ ਨੂੰ ਗੱਲ ਸੁਣਾਉਣ ਲੱਗਾ ਚੋਰੀ ਦੀ। ਫੜੇ ਜਾਣ ਉਤੇ ਅੱਪੜਿਆ ਤਾਂ ਦੱਸਿਓ, "ਮੈਨੂੰ ਫੜਨ ਵਾਲੇ ਵੀ ਭੈਣ ਤੇ ਭਣੋਈਆ ਆਏ"... ਬੇਲੀਆਂ ਦੇ ਇਹ ਪੁੱਛਣ ਤੇ 'ਭਈ ਫੇਰ ਕੀ ਹੋਇਆ?' ਹੱਸ ਕੇ ਆਖਣ ਲੱਗਾ, "ਹੋਣਾ ਕੀ ਸੀ? ਮੈਨੂੰ ਵੇਖ ਕੇ ਭੈਣ ਤੇ ਭਣੋਈਆ ਢੇਰ ਪੱਚੀ ਹੋਏ।"

ਬਾਬਾ ਤੇ ਮਾਸਟਰ ਹੱਸ ਪਏ। ਬਾਬਾ ਭੋਜ ਪਿਆਰ ਨਾਲ ਦਾਰੀ ਨੂੰ ਕਹਿਣ ਲੱਗਾ, "ਗੱਲਾਂ ਦਾ ਖੱਟਿਆ ਖਾਨਾਂ ਏਂ।" ਉਸਤਾਦ ਖੰਘਦਾ ਤੇ ਪੈਰ ਘਸੀਟ ਘਸੀਟ ਕੇ ਟੁਰਦਾ ਮੰਡਲੀ ਵਿਚ ਆ ਰਲਿਆ।

"ਆ ਉਸਤਾਦਾ!" ਬਾਬੇ ਭੋਜ ਉਸਤਾਦ ਨੂੰ ਆਪਣੇ ਕੋਲ ਮੰਜੀ ਤੇ ਬਿਠਾ ਕੇ ਪੁਛਿਆ, "ਸੁਣਾ, ਵੱਲ ਏਂ?" "ਵੱਲ ਹੁਣ ਕੀ ਹੋਣਾ ਏਂ?" ਦਸ ਕਦਮ ਟੁਰਨ ਨਾਲ, ਅਜੇ ਤੀਕ ਬੁੱਢੇ ਉਸਤਾਦ ਨੂੰ ਸਾਹ ਚੜ੍ਹਿਆ ਹੋਇਆ ਸੀ। ਨਿਢਾਲ ਜਿਹੀ 'ਵਾਜ਼ ਵਿਚ ਕਹਿਣ ਲੱਗਾ, "ਜੇ ਲੰਮੇ ਪੈ ਜਾਈਏ ਤਾਂ ਉਠ ਕੇ ਨਹੀਂ ਬੈਠਿਆ ਜਾਂਦਾ। ਜੇ ਜ਼ੋਰ ਲਾ ਲੂ ਕੇ ਉੱਠ ਵੀ ਬਹੀਏ ਤਾਂ ਪੈਰੀਂ ਨਹੀਂ ਖਲੋਤਾ ਜਾਂਦਾ। ਜੇ ਮਰ ਖਪ ਕੇ ਪੈਰੀਂ ਖਲੋ ਵੀ ਜਾਈਏ ਤਾਂ ਟੁਰਿਆ ਨਹੀਂ ਜਾਂਦਾ ਤੇ ਜਾਨ ਤੇ ਖੇਡ ਕੇ ਘਰੋਂ ਤੇਰੀ ਹਵੇਲੀ ਤਕ ਦਸ ਕਰਊਂ ਟੁਰ ਹੀ ਆਈਏ ਤੇ ਫਿਰ ਘੜੀ ਚੰਗੀ ਤੇ ਸਾਹ ਹੀ ਸਵਾਹਰਾ ਨਹੀਂ ਹੁੰਦਾ। ਲਾਹਨਤ ਆਖ ਇਸ ਬੁਢਾਪੇ ਨੂੰ।" ਉਸਤਾਦ ਦੀ ਗਿਰਿਆਜ਼ਾਰੀ 'ਤੇ ਦਾਰੀ ਢੀਠਾਂ ਵਾਂਗ ਹੱਸ ਕੇ ਕਹਿਣ ਲੱਗਾ, "ਉਸਤਾਦ, ਸਿਆਣੇ ਆਖ ਗਏ ਨੇ 'ਜਵਾਨੀ ਬੜੀ ਚੀਜ਼ ਹੈ... ਬੁਢਾਪਾ ਬੜਾ ਲਾਹ-ਨਤੀ।" ਸਣੇ ਉਸਤਾਦ ਸਾਰੇ ਹੱਸ ਪਏ।

ਭੋਜ ਤੇ ਉਸਤਾਦ ਸੱਤਰ-ਅੱਸੀ ਦੇ ਪੇਟੇ ਵਿਚ ਪੁਰਾਣੇ ਸੰਗੀ ਸਨ... ਦੋਵੇਂ ਹਾਣੀ। ਚਾਰ ਚਾਰ ਜਮਾਤਾਂ ਆਪਣੇ ਪਿੰਡ ਦੇ ਸਕੂਲ 'ਚੋਂ ਪੜ੍ਹਕੇ ਆਪਣੇ ਆਪਣੇ ਕੰਮ ਲੱਗ ਗਏ। ਭੋਜ ਵਾਹੀ-ਜੋਤੀ ਵਿਚ, ਉਸਤਾਦ ਭਾਂਡੇ ਬਣਾਉਣ ਤੇ ਖੋਤਿਆਂ 'ਤੇ ਭਾਰ ਢੋਣ ਵਿਚ... ਭੋਜ ਦੀ ਵਾਹੀ-ਜੋਤੀ ਉਹਦੇ ਪੁੱਤਰ-ਪੋਤਰਿਆਂ ਸਾਂਭ ਲਈ ਤੇ ਉਸਤਾਦ ਦੀ ਥਾਂ ਉਹਦਾ ਭਰਾ ਚੱਕ ਤੇ ਬੈਠ ਕੇ ਸਾਰਾ ਦਿਨ ਭਾਂਡੇ ਬਣਾਉਂਦਾ, ਆਵੀ ਚਾੜ੍ਹ ਕੇ ਪਕਾਉਂਦਾ ਤੇ ਪਿੰਡੋ ਪਿੰਡ ਵੇਚਦਾ ਉਹਦਾ ਭਤੀਜਾ... ਉਸਤਾਦ ਦੀ ਤਾਂ ਨਾ ਰੰਨ ਨਾ ਕੰਨ। ਪਤਾ ਨਹੀਂ ਕਿਉਂ ਸਾਰੀ ਉਮਰ ਉਹਨੂੰ ਕਿਧਰੋਂ ਰੰਨ ਦਾ ਅਜਿਹਾ ਟੋਟਾ ਨਾ ਲੱਭਾ, ਜਿਹਨੂੰ ਘਰ ਵਾਲੀ ਆਖਦੇ ਨੇ। ਤੇ ਪਤਾ ਨਹੀਂ ਉਸਤਾਦ ਨੂੰ ਏਸ ਬਦਨਸੀਬੀ ਪਾਰੋਂ ਹੀ ਸਾਰੇ ਪਿੰਡ ਵਾਲੇ ਕਿਉਂ ਉਸਤਾਦ ਆਖਦੇ! ਇਹਨਾਂ ਦੇ ਬਾਬਿਆਂ ਦੇ ਦੋ ਹੋਰ ਯਾਰ ਸਨ। ਇਕ ਅੱਧਖੜ ਉਮਰ ਦਾ ਸਯਦ ਮਾਸਟਰ ਤੇ ਇਕ ਜਵਾਨ ਉਮਰ ਦਾ ਦਾਰੀ ਜੁਲਾਹਾ। ਉਦਣ ਵੀ ਉਹ ਚਾਰੇ ਈ ਰੋਜ਼ ਵਾਂਙ ਬਾਬੇ ਭੋਜ ਦੀ ਹਵੇਲੀ ਵਿਚ ਬੈਠ ਕੇ ਰਾਤੀਂ ਏਧਰ ਉਧਰ ਦੀਆਂ ਗੱਲਾਂ ਮਾਰ ਰਹੇ ਸਨ।

"ਬਾਬਾ ਅਗਾਂਹ ਟੁਰ ਹੁਣ!" ਦਾਰੀ ਬਾਬੇ ਨੂੰ ਆਖਿਆ।

"ਬੜਾ ਟੁਰੇ ਆਂ ਆਪਣੀ ਉਮਰ ਵਿਚ ਪੁੱਤ!" ਬਾਬੇ ਭੋਜ ਨੇ ਚਮਕ ਕੇ ਕਿਹਾ, ਏਥੋਂ ਤਰੀਕ ਭੁਗਤਣ ਟੁਰਦੇ ਲਹੌਰ ਜਾਂਦੇ... ਪੂਰੇ ਅੱਸੀ ਕੋਹ!... ਪਿੰਡੋਂ ਰੋਟੀ ਪੱਲੇ ਬੰਨ੍ਹ ਕੇ, ਅੱਲ੍ਹਾ ਦਾ ਨਾਂ ਲੈ ਕੇ ਮਾਰਦੇ ਨਾਅਰਾ: "ਬੱਧੇ ਭਾਰ ਮੁਸਾਫ਼ਰਾਂ ਤੇ ਮੂੰਨਾ ਕੋਹ ਲਹੌਰ!"

"ਤੇ ਪੈਂਡੇ ਠਿਲ੍ਹ, ਤੀਜੇ ਦਿਨ ਮੂੰਹ ਹਨੇਰੇ ਜਾ ਵੜਦੇ ਲਹੌਰ... ਤੇ ਤਰੀਕ ਭੁਗਤ ਕੇ ਸਾ ਦਿਹਾੜੀ ਮੁੜ ਪੈਂਦੇ ਪਿਛਾਂਹ ਤੇ ਛਾਲਾਂ ਮਾਰਦੇ ਦੋ ਦਿਨਾਂ ਵਿਚ ਪਿੰਡ ਆ ਅੱਪੜਦੇ ਤੇ ਅਗਲੇ ਦਿਨ ਉੱਠ ਕੇ ਜੋਤਰਾ ਵੀ ਲਾਉਣ ਜਾਂਦੇ ਹੱਸਦੇ ਖੇਡਦੇ... ਉਏ ਤੂੰ ਸਾਨੂੰ ਟੁਰਨ ਦੇ ਮਿਹਣੇ ਕੀ ਦੇਣੇ ਨੇ, ਜਿਨ੍ਹੇ ਦੋ ਕੋਹ ਜਾਣਾ ਹੋਵੇ ਤੇ ਅੱਧਾ ਦਿਨ 'ਟੇਸ਼ਨ ਤੇ ਬਹਿ ਕੇ ਗੱਡੀ ਉਡੀਕਦਾ ਰਹਿਨਾ ਏਂ!"

"ਗੱਡੀਆਂ ਤਾਂ ਬੰਦੇ ਨਕਾਰੇ ਕਰ ਛੱਡੇ!" ਉਸਤਾਦ ਹੂੰਘਿਆ। "ਹੱਡਾਂ-ਗੋਡਿਆਂ ਤੋਂ ਰਹਿ ਗਏ ਜਵਾਨ! ਚੰਗੇ ਦਿਨ ਸਨ ਜਦੋਂ ਅਜੇ ਗੱਡੀਆਂ ਨਹੀਂ ਸਨ ਬਣੀਆਂ, ਜਵਾਨ ਤਾਂ ਸਾਹ-ਸੱਤਿਆ ਵਾਲੇ ਹੁੰਦੇ ਸਨ।"

ਮਾਸਟਰ ਬਹੁਤਾ ਗਾਲੜੀ ਨਹੀਂ ਸੀ ਪਰ, ਬੋਲਣੋਂ ਰਹਿ ਨਾ ਸਕਿਆ, "ਗਡੀਆਂ ਬੰਦੇ ਦੀ ਜਾਨ ਵੀ ਤਾਂ ਸੁਖੀ ਕਰ ਛੱਡੀ ਏ ਬਾਬਿਓ! ਸਵੇਰੇ ਚੜ੍ਹੋ ਗੱਡੀ ਤੇ ਲਹੌਰੋਂ ਤਰੀਕ ਭੁਗਤ ਕੇ ਸ਼ਾਮ ਨੂੰ ਪਿੰਡ ਵੀ ਪਰਤ ਆਓ। ਜਿਹੜਾ ਪੈਂਡਾ ਤੁਸੀਂ ਛਿਆਂ ਦਿਨਾਂ ਵਿਚ ਕਰਦੇ ਸਓ, ਹੁਣ ਛੇਆਂ ਘੰਟਿਆਂ ਵਿਚ ਨਿਬੜ ਜਾਂਦਾ ਏ। ਨਾ ਪੈਂਦੇ ਨੇ ਪੈਰੀਂ ਛਾਲੇ ਤੇ ਨਾ ਚੜ੍ਹਦੀਆਂ ਨੇ ਖੁੱਚਾਂ... ਅਮਨ ਨਾਲ ਗੱਡੀ ਵਿਚ ਬਹਿ ਕੇ ਭਾਵੇਂ ਸੌਂ ਰਵੋ।"

ਦਾਰੀ ਸਫਾਈ ਦੇਂਦਿਆਂ ਤਰਲਾ ਵਾਹਿਆ, "ਮੈਂ ਤਾਂ ਆਖਿਆ ਸੀ... ਗੱਲ ਨੂੰ ਅਗਾਂਹ ਟੋਰੋ!"

"ਕਿਹੜੀ ਗੱਲ?" ਬਾਬੇ ਭੋਜ ਬੇ-ਧਿਆਨੀ ਤੇ ਅਰਾਮ ਨਾਲ ਪੁੱਛਿਆ। ਬਹੁਤ ਵਾਰੀ ਇੰਝ ਹੀ ਹੁੰਦਾ ਕਿ ਗੱਲ ਵਿਚੋਂ ਹੋਰ ਟੁਰ ਪੈਂਦੀ, ਵਿਚੋਂ ਹੋਰ ਤੇ ਹੋਰ, ਅਸਲ ਗੱਲ ਕਿਤੇ ਪਿਛਾਂਹ ਦੂਰ ਰਹਿ ਜਾਂਦੀ ਤੇ ਰੌਲੇ ਵਿਚ ਵਿੱਸਰ ਜਾਂਦੀ। "ਪਕੌੜੇ ਵੇਚਣ ਵਾਲੇ ਤੇ ਸਾਧ ਦੀ ਗੱਲ?" ਮਾਸਟਰ ਬਾਬੇ ਭੋਜ ਨੂੰ ਯਾਦ ਕਰਾਇਆ।

"ਆਹੋ! ਹੱਛਾ!" ਬਾਬਾ ਭੋਜ ਸੋਚਦਾ ਹੋਇਆ ਦਾਰੀ ਵੱਲ ਵੇਖ ਕੇ ਬੋਲਿਆ, "ਹੁਣ ਵਿਚ ਨਾ ਬੋਲੀਂ ਤੇ ਤੈਨੂੰ ਇਕ ਗੱਲ ਸੁਣਾਵਾਂ ਸੱਚੀ!" ਸੱਚੀ ਗੱਲ ਦੇ ਨਾਂ ਤੇ ਉਸਤਾਦ ਕੰਨ ਚੁੱਕੇ। ਇਕ ਦੋ ਵਾਰ ਆਪਣੀ ਕਤਰਾਵੀਂ ਖਿਚੜੀ ਦਾੜ੍ਹੀ ਵਿਚ ਖੁਰਕ ਕੇ ਕਹਿਣ ਲੱਗਾ, "ਸੱਚ ਵੀ ਕਿੰਝ ਦਾ ਗਹਿਣਾ ਏਂ?" ਜਿਹੜੀ ਗੱਲ ਦੇ ਗਲ ਵਿਚ ਪਾ ਦਿਓ, ਗੱਲ ਫੱਟ ਜਾਂਦੀ ਏ।" ਬਾਬੇ ਭੋਜ ਗੱਲ ਟੋਰੀ। "ਪਕੌੜੇ ਵੇਚਣ ਵਾਲੇ ਦਾ ਰੋਜ਼ ਦਾ ਇਕ ਗਾਹਕ ਅਜਿਹਾ ਵੀ ਸੀ ਜਿਹੜਾ ਰੋਜ਼ ਆ ਕੇ ਪਕੌੜੇ ਖਾਂਦਾ ਤੇ ਡਕਾਰ ਮਾਰ ਕੇ ਮੁੱਛਾਂ ਤੇ ਹੱਥ ਫੇਰਦਾ, ਪੈਸੇ ਦਿਤਿਓਂ ਬਗੈਰ ਚਲਦਾ ਹੁੰਦਾ। ਨਾ ਹੱਟੀ ਵਾਲਾ ਕਦੇ ਪੈਸੇ ਮੰਗਦਾ, ਨਾ ਹੀ ਗਾਹਕ ਕੁਝ ਦੇਂਦਾ। ਹੱਟੀ ਵਾਲਾ ਸੋਚਦਾ ਮੁਫ਼ਤੌੜੇ ਗਾਹਕ ਨੂੰ ਕਦੇ ਤਾਂ ਹਯਾ ਆਊ ਤੇ ਓੜਕ ਇਕ ਨਾ ਇਕ ਦਿਨ ਏਸ ਰੋਜ਼ ਦੇ ਧਰੋਹ ਤੋਂ ਮੁੜ ਜਾਊ।

(ਬਾਕੀ ਹਿੱਸਾ ਅਗਲੇ ਅੰਕ ਵਿਚ)

# ਅੱਤਵਾਦ ਦੀ ਰੋਕਥਾਮ ਲਈ ਸਾਰੀ ਦੁਨੀਆਂ ਦੀ ਵਚਨਬੱਧਤਾ ਜ਼ਰੂਰੀ




ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਦੇ ਮਾਧਿਅਮ ਨਾਲ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਹਨ। ਸਭ ਤੋਂ ਪਹਿਲਾਂ ਤਾਂ ਇਸ ਅਦੁੱਤੀ ਫ਼ੌਜੀ ਕਾਰਵਾਈ ਨਾਲ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੱਤਾ ਹੈ ਕਿ ਪਹਿਲਗਾਮ ਜਾਂ ਅਜਿਹੇ ਕਿਸੇ ਹੋਰ ਅੱਤਵਾਦੀ ਹਮਲੇ ਦੇ ਜ਼ਿੰਮੇਵਾਰ ਜਹਾਦੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੇਣ ਦੀ ਭਾਰਤ ਕੋਲ ਇੱਛਾ-ਸ਼ਕਤੀ ਅਤੇ ਢੁੱਕਵੀਆਂ ਸਮਰੱਥਾਵਾਂ ਹਨ। ਜਿਸ ਉੱਨਤ ਤਕਨਾਲੋਜੀ, ਸਟੀਕ ਹਥਿਆਰਾਂ ਅਤੇ ਪੂਰੀ ਮੁਹਾਰਤ ਨਾਲ ਭਾਰਤ ਨੇ ਪਾਕਿਸਤਾਨ ਦੇ ਅੰਦਰ ਜਵਾਬੀ ਹਮਲਾ ਕੀਤਾ, ਉਸ ਤੋਂ ਕੋਈ ਸ਼ੱਕ ਨਹੀਂ ਰਹਿ ਗਿਆ ਕਿ ਅੱਤਵਾਦ ਜੇਕਰ ਆਪਣੇ ਖੰਭ ਖਿਲਾਰੇਗਾ ਤਾਂ ਭਾਰਤ ਵੱਲੋਂ ਉਨ੍ਹਾਂ ਨੂੰ ਕੁਤਰਨ ਵਿਚ ਕੋਈ ਕੁਤਾਹੀ ਨਹੀਂ ਵਰਤੀ ਜਾਵੇਗੀ। ਉਹ ਇਹ ਗੱਲ ਜਿੰਨੀ ਜਲਦੀ ਸਮਝ ਲਵੇ ਤਾਂ ਚੰਗਾ ਹੈ ਕਿ ਉਸ ਦੇ ਆਕਾ ਉਸ ਨੂੰ ਜ਼ਿਆਦਾ ਦੇਰ ਤੱਕ ਬਚਾਅ ਨਹੀਂ ਸਕਣਗੇ।

ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਭਾਰਤ ਨੇ ਪਾਕਿਸਤਾਨ ਅੱਗੇ ਇਹ ਸਪਸ਼ਟ ਕਰ ਦਿੱਤਾ ਕਿ ਉਹ ਕਿਸੇ ਵੀ ਹਿਮਾਕਤ ਤੋਂ ਪਹਿਲਾਂ ਸੋਚ ਲਵੇ ਕਿ ਇਸ ਦੀ ਉਸ ਨੂੰ ਕਿੰਨੀ ਕੀਮਤ ਤਾਰਨੀ ਪਵੇਗੀ ਅਤੇ ਉਹ ਕਦ ਤੱਕ ਆਪਣੀ ਦੁਰਗਤੀ ਕਰਵਾਉਂਦਾ ਰਹੇਗਾ। ਇਸ ਤੋਂ ਪਹਿਲਾਂ 2016 ਵਿਚ ਉੜੀ ਅਤੇ 2019 ਵਿਚ ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਜਵਾਬੀ ਹਮਲੇ ਨਾਲ ਇਹੀ ਦਰਸਾਇਆ ਸੀ ਕਿ ਹੁਣ ਉਹ ਸਾਫਟ ਸਟੇਟ ਨਹੀਂ ਰਿਹਾ ਕਿ ਹਮਲਿਆਂ ਤੋਂ ਬਾਅਦ ਵੀ ਹੱਥ 'ਤੇ ਹੱਥ ਧਰ ਕੇ ਬੈਠਾ ਰਹੇ। ਹੁਣ ਇਕੱਠੇ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਨਾਲ ਪਾਕਿਸਤਾਨ ਨੂੰ ਇਹ ਸਖ਼ਤ ਸੁਨੇਹਾ ਦਿੱਤਾ ਗਿਆ ਹੈ ਕਿ ਅੱਤਵਾਦ ਨਾਲ ਜੂਝਣ ਦੇ ਰਾਹ ਵਿਚ ਭਾਰਤ ਕੋਈ ਵੀ ਜੋਖ਼ਮ ਲੈਣ ਨੂੰ ਤਿਆਰ ਹੈ। ਇਕ ਤਰ੍ਹਾਂ ਨਾਲ ਭਾਰਤ ਨੇ ਪਾਕਿਸਤਾਨ ਨੂੰ ਲਲਕਾਰਿਆ ਹੈ ਕਿ ਆਪਣੀ ਡਗਮਗਾਉਂਦੀ ਅਰਥ-ਵਿਵਸਥਾ ਅਤੇ ਅੰਦਰੂਨੀ ਸੁਰੱਖਿਆ ਚੁਣੌਤੀਆਂ ਨੂੰ ਦੇਖਦੇ ਹੋਏ ਉਹ ਆਪਣੀ ਹੱਦ ਵਿਚ ਰਹੇ ਤਾਂ ਬਿਹਤਰ ਹੋਵੇਗਾ, ਨਹੀਂ ਤਾਂ ਉਸ ਨੂੰ ਸਬਕ ਸਿਖਾਉਣ ਵਿਚ ਕੋਈ ਕੋਰ-ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਪਾਕਿਸਤਾਨੀ ਫ਼ੌਜੀ ਅਦਾਰਿਆਂ ਦੇ ਬੇਤੁਕੇ ਤਰਕਾਂ ਵਾਲੀ ਅਤੇ ਜਹਾਦੀ ਵਿਚਾਰਧਾਰਾ ਨੂੰ ਦੇਖਦੇ ਹੋਏ ਕੀ ਉਹ ਸਬਕ ਸਿੱਖੇਗਾ ਅਤੇ ਦਹਾਕਿਆਂ ਤੋਂ ਕਸ਼ਮੀਰ ਅਤੇ ਇਸਲਾਮ ਦੇ ਨਾਂ 'ਤੇ ਚਲਾਈ ਜਾ ਰਹੀ ਆਪਣੀ ਲੁਕਵੀਂ ਜੰਗ ਤੋਂ ਗੁਰੇਜ਼ ਕਰੇਗਾ? ਇਸ ਦਾ ਉੱਤਰ ਤਾਂ ਭਵਿੱਖ ਦੇ ਗਰਭ ਵਿਚ ਹੈ ਪਰ ਪਾਕਿਸਤਾਨ ਦੇ ਮੂਲ ਚਰਿੱਤਰ ਨੂੰ ਦੇਖਦੇ ਹੋਏ ਇਹ ਸੰਭਵ ਨਹੀਂ ਲੱਗਦਾ।

ਇਸ ਮੁਹਾਜ਼ 'ਤੇ ਉਦੋਂ ਤੱਕ ਕੋਈ ਸੰਭਾਵਨਾ ਨਹੀਂ ਜਾਗਣ ਵਾਲੀ ਜਦ ਤੱਕ ਪਾਕਿਸਤਾਨ ਦੇ ਅੰਦਰ ਫ਼ੌਜੀ ਅਦਾਰੇ ਦਾ ਦੇਸ਼ 'ਤੇ ਕੰਟਰੋਲ ਸਮਾਪਤ ਨਾ ਹੋ ਜਾਵੇ। ਸੰਭਵ ਤੌਰ 'ਤੇ ਭਾਰਤ ਦੇ ਨਾਲ ਪੂਰਨ ਜੰਗ ਅਤੇ ਸ਼ਰਮਨਾਕ ਹਾਰ ਨਾਲ ਹੀ ਅਜਿਹਾ ਬੁਨਿਆਦੀ ਬਦਲਾਅ ਹੋਵੇਗਾ। ਹਾਲ-ਫ਼ਿਲਹਾਲ ਤਾਂ ਭਾਰਤ ਦੀ ਕਾਰਵਾਈ ਕਾਰਨ ਰਾਵਲਪਿੰਡੀ ਵਿਚ ਬੈਠੇ ਜਨਰਲਾਂ ਦਾ ਮਿਜ਼ਾਜ ਵਿਗੜੇਗਾ। ਉਨ੍ਹਾਂ ਦੀ ਸਥਿਤੀ ਕਮਜ਼ੋਰ ਹੋਵੇਗੀ ਪਰ ਉਹ ਇਹ ਭਲੀਭਾਂਤ ਜਾਣ ਗਏ ਹੋਣਗੇ ਕਿ ਜੇ ਪੁਰਾਣੇ ਢੱਰੇ 'ਤੇ ਚੱਲੇ ਤਾਂ ਅੱਗੇ ਹਾਲਾਤ ਹੋਰ ਵੀ ਖ਼ਰਾਬ ਹੋ ਸਕਦੇ ਹਨ। ਜਹਾਦੀਆਂ ਨੂੰ ਬਹਾਦਰ ਤੇ ਹਿੰਦੂਆਂ ਨੂੰ ਕਮਜ਼ੋਰ ਦੱਸਣ ਵਾਲੇ ਉਨ੍ਹਾਂ ਦੇ ਪ੍ਰਚਾਰ ਦੀ ਹਵਾ ਮੋਦੀ ਯੁੱਗ ਵਿਚ ਪੂਰੀ ਤਰ੍ਹਾਂ ਨਿਕਲ ਗਈ ਹੈ। 'ਆਪ੍ਰੇਸ਼ਨ ਸਿੰਦੂਰ' ਦਾ ਦੂਜਾ ਵੱਡਾ ਸੰਦੇਸ਼ ਕੌਮਾਂਤਰੀ ਭਾਈਚਾਰੇ ਲਈ ਹੈ ਜੋ ਪਾਕਿਸਤਾਨ 'ਤੇ ਦਬਾਅ ਪਾਉਣ ਦੇ ਨਾਲ ਹੀ ਉਸ ਦੇ ਵਿਵਹਾਰ ਵਿਚ ਕੁਝ ਬਦਲਾਅ ਲਿਆ ਸਕਦਾ ਹੈ।



ਪਹਿਲਗਾਮ ਹਮਲੇ ਤੋਂ ਬਾਅਦ ਤੋਂ ਹੀ ਭਾਰਤ ਨੇ ਕੂਟਨੀਤਕ ਬਦਲਾਂ ਦੇ ਮਾਧਿਅਮ ਨਾਲ ਵੱਡੀਆਂ ਮਹਾ-ਸ਼ਕਤੀਆਂ ਦੇ ਅੱਗੇ ਪਾਕਿਸਤਾਨ ਨੂੰ ਅੱਤਵਾਦ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਅਤੇ ਉਸ ਦੇ ਕਾਲੇ ਕਾਰਨਾਮਿਆਂ ਲਈ ਨਿਆਂ ਦੀ ਮੰਗ ਕੀਤੀ। ਇਸ ਕਵਾਇਦ ਵਿਚ ਪ੍ਰਤੀਕਰਮ ਕੁਝ ਹੱਦ ਤੱਕ ਮਿਸ਼ਰਤ ਸਨ ਜਿਸ ਵਿਚ ਅਮਰੀਕਾ, ਯੂਰਪ ਅਤੇ ਇੱਥੋਂ ਤੱਕ ਕਿ ਪਾਕਿਸਤਾਨ ਦੇ ਸਭ ਤੋਂ ਚੰਗੇ ਮਿੱਤਰ ਚੀਨ ਨੇ ਪਹਿਲਗਾਮ ਕਤਲੇਆਮ ਦੀ ਨਿੰਦਾ ਕੀਤੀ। ਹਾਲਾਂਕਿ ਕੁਝ ਨੇ ਇਹ ਬੇਨਤੀ ਵੀ ਕੀਤੀ ਕਿ ਭਾਰਤ ਤੇ ਪਾਕਿਸਤਾਨ ਆਪਣੇ ਮਤਭੇਦਾਂ ਨੂੰ ਗੱਲਬਾਤ ਰਾਹੀਂ ਸੁਲਝਾਉਣ ਪਰ ਉਹ ਇਸ ਗੱਲੋਂ ਅਣਜਾਣ ਹਨ ਕਿ ਪਾਕਿਸਤਾਨ ਜਹਾਦੀ ਅਨਸਰਾਂ ਦੀ ਪੁਸ਼ਤ-ਪਨਾਹੀ ਕਰਦਾ ਹੋਇਆ ਭਾਰਤ ਵਿਰੁੱਧ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਰਹਿੰਦਾ ਹੈ। ਜ਼ਿਆਦਾਤਰ ਦੇਸ਼ ਇਸ ਸਮੱਸਿਆ ਨੂੰ ਕਸ਼ਮੀਰ ਦੀ ਮਾਲਕੀ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਹੇ ਦੁਵੱਲੇ ਖੇਤਰੀ ਵਿਵਾਦ ਦੇ ਰੂਪ ਵਿਚ ਦੇਖਦੇ ਹਨ। ਉਹ ਇਹ ਜਾਣਦੇ ਹਨ ਕਿ ਦੋਵੇਂ ਦੇਸ਼ ਪਰਮਾਣੂ ਹਥਿਆਰਾਂ ਨਾਲ ਲੈਸ ਹਨ। ਇਸੇ ਲਈ ਕਿਸੇ ਵੀ ਤਣਾਅ ਦੇ ਸਮੇਂ ਉਨ੍ਹਾਂ ਦਾ ਆਮ ਪ੍ਰਤੀਕਰਮ ਇਹੀ ਹੁੰਦਾ ਹੈ ਕਿ ਆਪਸੀ ਸੰਜਮ ਰੱਖ ਕੇ ਗੱਲਬਾਤ ਨਾਲ ਹੀ ਵਿਵਾਦ ਸੁਲਝਾਉਣ।

ਭਾਰਤ ਵਿਚ ਅਕਸਰ ਅਜਿਹੇ ਸੁਰ ਬੇਸੁਰੇ ਲੱਗਦੇ ਹਨ ਕਿ ਅੱਤਵਾਦ ਤੋਂ ਪੀੜਤ ਹੋਣ ਤੋਂ ਬਾਅਦ ਵੀ ਉਹੀ ਸੰਜਮ ਦਿਖਾਏ। ਮੋਦੀ ਸਰਕਾਰ ਤੋਂ ਪਹਿਲਾਂ ਦੀਆਂ ਸਰਕਾਰਾਂ ਵਿਚ ਤਾਂ ਇਹੀ ਵਤੀਰਾ ਅਪਣਾਇਆ ਵੀ ਜਾਂਦਾ ਰਿਹਾ ਸੀ ਜਿਸ ਕਾਰਨ ਪਾਕਿਸਤਾਨ ਦੇ ਹੌਸਲੇ ਹੋਰ ਵਧਦੇ ਗਏ। ਬੀਤੇ 11 ਸਾਲਾਂ ਵਿਚ ਭਾਰਤ ਨੇ ਚਰਚਾ ਕੀਤੀ ਵਿਸ਼ਾ-ਵਸਤੂ ਨੂੰ ਖੇਤਰੀ ਸੰਘਰਸ਼ ਤੋਂ ਹਟਾ ਕੇ ਉਸ ਨੂੰ ਅੱਤਵਾਦ ਵਿਰੁੱਧ ਜੰਗ ਵਿਚ ਬਦਲਣ ਦਾ ਯਤਨ ਕੀਤਾ ਹੈ ਜੋ ਬਹੁਤ ਹੱਦ ਤੱਕ ਸਫਲ ਵੀ ਹੋਇਆ ਹੈ। ਭਾਰਤ ਦੇ ਕਰੀਬੀ ਦੋਸਤ ਦੇਸ਼ਾਂ ਵਿਚ ਸਾਡੇ ਦ੍ਰਿਸ਼ਟੀਕੋਣ ਪ੍ਰਤੀ ਹਮਦਰਦੀ ਵਧੀ ਹੈ ਅਤੇ ਕਈ ਫ਼ੌਜੀ ਜੋਟੀਦਾਰਾਂ ਤੋਂ ਅੱਤਵਾਦ ਵਿਰੁੱਧ ਲੜਨ ਵਾਸਤੇ ਫ਼ੌਜੀ ਤੇ ਖ਼ੁਫ਼ੀਆ ਸਹਾਇਤਾ ਵੀ ਮਿਲੀ ਹੈ।

ਇਸ ਦੇ ਬਾਵਜੂਦ ਤੱਥ ਇਹ ਵੀ ਹੈ ਕਿ ਸਾਰੀਆਂ ਵੱਡੀਆਂ ਸ਼ਕਤੀਆਂ ਚਾਹੁੰਦੀਆਂ ਹਨ ਕਿ ਭਾਰਤ-ਪਾਕਿਸਤਾਨ ਤਣਾਅ ਕਿਸੇ ਜੰਗ ਵਿਚ ਨਾ ਬਦਲੇ। ਯਾਨੀ ਕਿ ਭਾਰਤ ਜਵਾਬੀ ਮੁੱਕਾ ਮਾਰੇ ਵੀ ਤਾਂ ਅਜਿਹਾ ਮਾਰੇ ਕਿ ਉਹ ਕਾਬੂ ਰਹੇ ਅਤੇ ਬਿਲਕੁਲ ਨਪਿਆ-ਤੁਲਿਆ ਵੀ ਹੋਵੇ।

ਇਸ ਦੇ ਮੱਦੇਨਜ਼ਰ ਰਾਸ਼ਟਰੀ ਸੁਰੱਖਿਆ ਸੰਕਟ ਦੌਰਾਨ ਭਾਰਤ ਨੇ ਪਾਕਿਸਤਾਨ ਵਿਰੁੱਧ ਤਣਾਅ ਦਾ ਦਾਇਰਾ ਵਧਣ 'ਤੇ ਵੀ ਆਪਣੇ ਜਵਾਬੀ ਕਦਮਾਂ ਨੂੰ ਕਾਬੂ ਅਤੇ ਟੀਚਾ ਆਧਾਰਤ ਰੱਖਿਆ ਤਾਂ ਕਿ ਪਾਕਿਸਤਾਨ ਨੂੰ ਕੋਈ ਬੇਹੂਦਾ ਬਹਾਨੇਬਾਜ਼ੀ ਦਾ ਮੌਕਾ ਨਾ ਮਿਲ ਸਕੇ ਅਤੇ ਉਹ ਇਸ ਮੁੱਦੇ 'ਤੇ ਕੌਮਾਂਤਰੀ ਭਾਈਚਾਰੇ ਨੂੰ ਗੁਮਰਾਹ ਨਾ ਕਰ ਸਕੇ।

ਪਾਕਿਸਤਾਨੀ ਫ਼ੌਜੀ ਅਤੇ ਨਾਗਰਿਕਾਂ ਦੇ ਆਉਣ-ਜਾਣ ਵਾਲੀਆਂ ਥਾਵਾਂ ਨੂੰ ਸਿੱਧਾ ਨਿਸ਼ਾਨਾ ਨਾ ਬਣਾ ਕੇ ਭਾਰਤ ਨੇ ਦਿਖਾਇਆ ਕਿ ਉਸ ਕੋਲ ਜਹਾਦ ਦੀ ਗ਼ੈਰ-ਰਵਾਇਤੀ ਚੁਣੌਤੀ ਨਾਲ ਸਿੱਝਣ ਵਾਸਤੇ ਪੂਰਨ ਜੰਗ ਹੀ ਨਹੀਂ, ਉਸ ਤੋਂ ਘੱਟ ਘਾਤਕ, ਪਰ ਨੇ ਹੀ ਅਸਰਦਾਰ ਬਦਲ ਵੀ ਹਨ। 'ਆਪ੍ਰੇਸ਼ਨ ਸਿੰਦੂਰ' ਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਵੀ ਪਹਿਲਗਾਮ ਕਤਲੇਆਮ ਦੇ ਅਪਰਾਧੀਆਂ ਨੂੰ ਜਵਾਬਦੇਹ ਠਹਿਰਾਉਣ ਅਤੇ ਉਨ੍ਹਾਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਖੜ੍ਹਾ ਕਰਨ ਨੂੰ ਲੈ ਕੇ ਵੀ ਆਪਣਾ ਪੱਖ ਪੂਰੀ ਦ੍ਰਿੜ੍ਹਤਾ ਨਾਲ ਰੱਖਿਆ ਸੀ।

ਗ਼ੈਰ-ਰਵਾਇਤੀ ਰਣਨੀਤੀ ਤੇ ਦੁਸ਼ਮਣ ਨੂੰ ਹੈਰਾਨ-ਪਰੇਸ਼ਾਨ ਕਰਨ ਵਾਲੇ ਤੌਰ-ਤਰੀਕਿਆਂ ਜ਼ਰੀਏ ਭਾਰਤ ਨਾ ਸਿਰਫ਼ ਆਪਣੀ ਰੱਖਿਆ ਕਰ ਰਿਹਾ ਹੈ ਬਲਕਿ ਅੱਤਵਾਦ ਵਿਰੁੱਧ ਆਲਮੀ ਸੰਘਰਸ਼ ਵਿਚ ਨਵੇਂ ਮਾਪਦੰਡ ਵੀ ਸਥਾਪਤ ਕਰ ਰਿਹਾ ਹੈ। ਜਹਾਦੀ ਸ਼ੈਤਾਨਾਂ ਤੋਂ ਪੀੜਤ ਸਾਰੇ ਦੇਸ਼ ਭਾਰਤ ਦੇ 'ਆਪ੍ਰੇਸ਼ਨ ਸਿੰਦੂਰ' ਅਤੇ ਉਸ ਤੋਂ ਬਾਅਦ ਦੇ ਹਾਲਾਤ ਨੂੰ ਬਰੀਕੀ ਨਾਲ ਦੇਖਣਗੇ ਤਾਂ ਭਾਰਤ ਦਾ ਪ੍ਰਤੀਕਰਮ ਉਨ੍ਹਾਂ ਨੂੰ ਸਹੀ ਲੱਗੇਗਾ।

ਭਾਰਤ ਪਾਕਿਸਤਾਨ ਨੂੰ ਉਸ ਦੀ ਹੱਦ ਵਿਚ ਰੱਖਦੇ ਹੋਏ ਆਲਮੀ ਭਾਈਚਾਰੇ ਲਈ ਅਸਰਦਾਰ ਹੱਲ ਪੇਸ਼ ਕਰ ਰਿਹਾ ਹੈ। ਭਾਰਤ ਵਰਗੀ ਵੱਡੀ ਅਤੇ ਉੱਭਰਦੀ ਹੋਈ ਸ਼ਕਤੀ ਦੇ ਤੌਰ-ਤਰੀਕੇ ਕੇਵਲ ਆਤਮ-ਰੱਖਿਆ ਤੱਕ ਸੀਮਤ ਨਹੀਂ ਰਹਿਣਗੇ। ਉਨ੍ਹਾਂ ਦੀ ਧਮਕ ਪੱਛਮੀ ਏਸ਼ੀਆ, ਦੱਖਣੀ ਏਸ਼ੀਆ, ਦੱਖਣ-ਪੂਰਬੀ ਏਸ਼ੀਆ, ਅਫ਼ਰੀਕਾ, ਯੂਰਪ ਅਤੇ ਅਮਰੀਕਾ ਤੱਕ ਪਵੇਗੀ।

ਜਿਵੇਂ ਦੁਨੀਆ ਭਰ ਦੇ ਜਹਾਦੀ ਸੰਗਠਨ ਇਕ-ਦੂਜੇ ਤੋਂ ਪ੍ਰੇਰਨਾ ਅਤੇ ਮਦਦ ਲੈਂਦੇ ਹਨ, ਤਿਵੇਂ ਹੀ ਜਹਾਦ ਵਿਰੁੱਧ ਖੜ੍ਹੀਆਂ ਤਾਕਤਾਂ ਵੀ ਇਕ-ਦੂਜੇ ਤੋਂ ਸਿੱਖਣ ਅਤੇ ਸਹਿਯੋਗ ਕਰਨ ਵਿਚ ਭਰੋਸਾ ਰੱਖਦੀਆਂ ਹਨ। ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਹਮਲੇ ਤੋਂ ਬਾਅਦ ਆਪਣੀ ਜਵਾਬੀ ਕਾਰਵਾਈ ਸਦਕਾ ਭਾਰਤ ਨੇ ਇਹੀ ਸੰਦੇਸ਼ ਦਿੱਤਾ ਹੈ ਕਿ ਅਸੀਂ ਸਿਰਫ਼ ਆਪਣੇ ਲਈ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਲਈ ਲੜ-ਮਰ ਰਹੇ ਹਾਂ।

## ਜੂਆ ਖੇਡਣ ਦੇ ਪੈਸੇ ਨਾ ਮਿਲਣ 'ਤੇ ਭੈਣ ਦੀ ਚਾਕੂ ਮਾਰ ਕੇ ਹੱਤਿਆ

ਅੰਮ੍ਰਿਤਸਰ- ਮੋਹਕਮਪੁਰਾ ਥਾਣੇ ਅਧੀਨ ਆਉਂਦੇ ਰਾਜੇਸ਼ ਨਗਰ ਦੀ ਗਲੀ ਨੰਬਰ 13 ਦੀ ਰਹਿਣ ਵਾਲੀ ਨਿਸ਼ਾ ਭਾਰਤੀ (21) ਦਾ ਮੰਗਲਵਾਰ ਦੇਰ ਰਾਤ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਪਰਿਵਾਰ ਨੇ ਦੋਸ਼ ਲਗਾਇਆ ਕਿ ਚਚੇਰੇ ਭਰਾ ਸੰਜੀਵ ਉਰਫ਼ ਸੰਜੂ ਨੇ ਜੂਏ ਲਈ ਪੈਸੇ ਨਾ ਮਿਲਣ ਕਾਰਨ ਇਹ ਵਾਰਦਾਤ ਕੀਤੀ। ਸੰਜੂ ਨੂੰ ਆਨਲਾਈਨ ਜੂਆ ਖੇਡਣ ਦਾ ਸ਼ੌਕ ਹੈ ਅਤੇ ਉਹ ਚੋਰੀ ਕਰਨ ਦੇ ਇਰਾਦੇ ਨਾਲ ਨਿਸ਼ਾ ਦੇ ਕਮਰੇ ਵਿਚ ਦਾਖਲ ਹੋਇਆ ਸੀ। ਜਦੋਂ ਨਿਸ਼ਾ ਨੇ ਉਸ ਨੂੰ ਚੋਰੀ ਕਰਦੇ ਦੇਖਿਆ ਤਾਂ ਉਸ ਨੇ ਚਾਕੂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਦੂਜੇ ਪਾਸੇ ਜਦੋਂ ਪੁਲਿਸ ਨੂੰ ਬੁੱਧਵਾਰ ਸਵੇਰੇ ਘਟਨਾ ਬਾਰੇ ਪਤਾ ਲੱਗਾ ਤਾਂ ਸ਼ੱਕ ਦੇ ਅਧਾਰ 'ਤੇ ਸੰਜੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਏਡੀਸੀਪੀ ਜਸਰੂਪ ਕੌਰ ਬਾਠ ਨੇ ਕਿਹਾ ਕਿ ਮੁਲਜਮ ਨੇ ਪੁਲਿਸ ਸਾਹਮਣੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਏਡੀਸੀਪੀ ਨੇ ਕਿਹਾ ਕਿ ਘਟਨਾ ਦੌਰਾਨ ਨਿਸ਼ਾ ਨੇ ਸੰਜੀਵ ਨੂੰ ਅਲਮਾਰੀ ਵਿਚੋਂ ਪੈਸੇ ਚੋਰੀ ਕਰਦੇ ਹੋਏ ਰੰਗੇ ਹੱਥੀਂ ਫੜ ਲਿਆ ਸੀ। ਅਪਰਾਧ ਲੁਕਾਉਣ ਲਈ ਮੁਲਜਮ ਨੇ ਆਪਣੀ ਭੈਣ ਦਾ ਕਤਲ ਕਰ ਦਿੱਤਾ। ਇਸ ਦੌਰਾਨ ਮ੍ਰਿਤਕ ਦੀ ਮਾਂ ਬਬੀਤਾ ਦੇਵੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਬੇਟੀ ਨਿਸ਼ਾ ਨੇੜਲੇ ਸੰਸਥਾਨ ਤੋਂ ਬੀਸੀਏ ਦੀ ਪੜ੍ਹਾਈ ਕਰ ਰਹੀ ਸੀ। ਉਸ ਦਾ ਜੇਠ ਉਸੇ ਘਰ ਦੀ ਹੇਠਲੀ ਮੰਜ਼ਿਲ 'ਤੇ ਰਹਿੰਦਾ ਹੈ ਅਤੇ ਉਹ ਆਪਣੇ ਪਰਿਵਾਰ ਨਾਲ ਪਹਿਲੀ ਮੰਜ਼ਿਲ 'ਤੇ ਰਹਿੰਦੀ ਹੈ। ਜੇਠ ਦਾ ਪੁੱਤਰ ਸੰਜੀਵ ਉਰਫ਼ ਸੰਜੂ ਵੀ ਉੱਥੇ ਬੀਸੀਏ ਕਰ ਰਿਹਾ ਹੈ। ਉਹ ਦੋਵੇਂ ਅਕਸਰ ਇੱਕੋ ਥਾਂ ਬੈਠ ਕੇ ਪੜ੍ਹਾਈ ਕਰਦੇ ਸਨ। ਪਰ ਪਰਿਵਾਰ ਵਿਚ ਕਿਸੇ ਨੂੰ ਨਹੀਂ ਪਤਾ ਸੀ ਕਿ ਸੰਜੀਵ ਆਨਲਾਈਨ ਜੂਆ ਖੇਡਦਾ ਹੈ। ਹਰ ਰੋਜ਼ ਵਾਂਗ, ਉਸ ਦਾ ਪਤੀ ਮੰਗਲਵਾਰ ਸ਼ਾਮ 7 ਵਜੇ ਬਟਾਲਾ ਰੋਡ 'ਤੇ ਸਥਿਤ ਇਕ ਫੈਕਟਰੀ ਵਿੱਚ ਕੰਮ 'ਤੇ ਗਿਆ ਹੋਇਆ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਨਿਸ਼ਾ ਅਤੇ ਉਹ ਘਰ ਵਿਚ ਇਕੱਲੇ ਸਨ। ਰਾਤ ਦੇ 10 ਵਜੇ ਸੰਜੀਵ ਨਿਸ਼ਾ ਨਾਲ ਪੜ੍ਹਨ ਲਈ ਉਨ੍ਹਾਂ ਦੇ ਕੋਲ ਆਇਆ, ਪਰ ਬਿਜਲੀ ਨਾ ਹੋਣ ਕਾਰਨ ਵਾਪਸ ਚਲਾ ਗਿਆ। ਜਦੋਂ ਉਹ ਰਾਤ ਨੂੰ 1:30 ਵਜੇ ਉਹ ਨੀਂਦ ਤੋਂ ਜਾਗੀ ਤਾਂ ਉਹ ਆਪਣੀ ਧੀ ਦੇ ਕੋਲ ਗਈ ਅਤੇ ਦੇਖਿਆ ਕਿ ਉਸ ਦੀ ਲਾਸ਼ ਖ਼ੂਨ ਨਾਲ ਲੱਥਪੱਥ ਜ਼ਮੀਨ 'ਤੇ ਪਈ ਸੀ। ਘਟਨਾ ਤੋਂ ਤੁਰੰਤ ਬਾਅਦ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ। ਮਨੋਵਿਗਿਆਨੀ ਹਰਜੋਤ ਮੱਕੜ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਨੈਤਿਕਤਾ ਡਿੱਗ ਰਹੀ ਹੈ। ਬਜ਼ੁਰਗਾਂ ਨੂੰ ਬੱਚਿਆਂ ਅਤੇ ਨੌਜਵਾਨਾਂ ਨੂੰ ਨੈਤਿਕਤਾ ਅਤੇ ਸੱਭਿਆਚਾਰ ਦੇ ਸਬਕ ਸਿਖਾਉਣੇ ਚਾਹੀਦੇ ਹਨ। ਬੱਚਿਆਂ ਅਤੇ ਨੌਜਵਾਨਾਂ ਨੂੰ ਵੀ ਮੋਬਾਈਲ ਫੋਨ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਮੋਬਾਈਲ ਦੀ ਵਰਤੋਂ ਕਰਨੀ ਚਾਹੀਦੀ ਹੈ ਨਾ ਕਿ ਮੋਬਾਈਲ ਨੂੰ ਵਿਅਕਤੀ ਨੂੰ ਵਰਤਣਾ ਸ਼ੁਰੂ ਕਰਨਾ ਚਾਹੀਦਾ ਹੈ।

## 'ਦੁਸ਼ਮਣਾਂ ਨੇ ਸਿੰਦੂਰ ਨੂੰ ਬਾਰੂਦ 'ਚ ਬਦਲਦੇ ਦੇਖਿਆ'-ਮੋਦੀ

ਨਵੀਂ ਦਿੱਲੀ- 7 ਮਈ ਨੂੰ ਭਾਰਤ ਨੇ ਪਾਕਿਸਤਾਨ ਅਤੇ ਪੀ ਕੇ ਵਿੱਚ ਆਪ੍ਰੇਸ਼ਨ ਸਿੰਦੂਰ ਚਲਾਇਆ, ਜਿਸ ਤੋਂ ਬਾਅਦ ਪਾਕਿਸਤਾਨ ਨੇ ਡਰੋਨ ਨਾਲ ਭਾਰਤ ਦੇ ਸਰਹੱਦੀ ਇਲਾਕਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਪਾਕਿਸਤਾਨ ਦੇ ਸਾਰੇ ਡਰੋਨ ਭਾਰਤੀ ਰੱਖਿਆ ਪ੍ਰਣਾਲੀ ਨੇ ਤਬਾਹ ਕਰ ਦਿੱਤੇ।

ਆਪਣੀ ਬੀਕਾਨੇਰ ਫੇਰੀ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਬੀਕਾਨੇਰ ਦੇ ਦੇਸ਼ਨੋਕ ਵਿੱਚ ਕਰਨੀ ਮਾਤਾ ਮੰਦਰ ਵਿੱਚ ਵੀ ਪ੍ਰਾਰਥਨਾ ਕੀਤੀ। ਇਸ ਦੌਰਾਨ ਪੀਐਮ ਮੋਦੀ ਨੇ ਕਿਹਾ ਕਿ, "ਭਾਰਤ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਨਾਲ ਵਿਕਾਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਰੇਲ ਨੈੱਟਵਰਕ ਨੂੰ ਹੋਰ ਵੀ ਬਿਹਤਰ ਬਣਾ ਰਹੇ ਹਾਂ। ਉਨ੍ਹਾਂ ਕਿਹਾ ਕਿ ਰੇਲਵੇ ਅਤੇ ਸੜਕ ਨਿਰਮਾਣ ਦਾ ਕੰਮ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਹੈ ਅਤੇ 100 ਤੋਂ ਵੱਧ ਅੰਮ੍ਰਿਤ ਸਟੇਸ਼ਨ ਤਿਆਰ ਹਨ। ਪੀਐਮ ਮੋਦੀ ਨੇ ਕਿਹਾ ਭਾਰਤ ਦੀਆਂ ਤਿੰਨਾਂ ਫੌਜਾਂ ਨੇ ਇੱਕ ਚੱਕਰਵਿਊਹ ਬਣਾਇਆ ਅਤੇ ਪਾਕਿਸਤਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ।"

ਅੱਗੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਭਾਰਤ ਐਟਮ ਬੰਬ ਦੇ ਖ਼ਤਰੇ ਤੋਂ ਡਰਨ ਵਾਲਾ ਨਹੀਂ ਹੈ। ਅੱਤਵਾਦੀਆਂ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਹੁਣ ਵੱਖਰੀਆਂ ਹਸਤੀਆਂ ਵਜੋਂ ਨਹੀਂ ਦੇਖਿਆ ਜਾਵੇਗਾ।" ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲੀ ਵਾਰ ਸਰਹੱਦੀ ਖੇਤਰ ਬੀਕਾਨੇਰ ਦਾ ਦੌਰਾ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਬੀਕਾਨੇਰ ਵਿੱਚ ਮੁੜ ਵਿਕਸਤ ਦੇਸ਼ਨੋਕ ਰੇਲਵੇ ਸਟੇਸ਼ਨ ਦਾ ਉਦਘਾਟਨ ਕੀਤਾ।

ਬੀਕਾਨੇਰ ਤੋਂ ਸਿਰਫ਼ 40 ਕਿਲੋਮੀਟਰ ਦੂਰ ਪਾਕਿਸਤਾਨ ਦੇ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦੇ ਹੈੱਡਕੁਆਰਟਰ ਨੂੰ ਭਾਰਤ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਢਾਹ ਦਿੱਤਾ ਸੀ। ਅਜਿਹੀ ਸਥਿਤੀ ਵਿੱਚ, ਪ੍ਰਧਾਨ ਮੰਤਰੀ ਮੋਦੀ ਦੀ ਬੀਕਾਨੇਰ ਫੇਰੀ ਨੂੰ ਇੱਕ ਮਜ਼ਬੂਤ ਸੰਦੇਸ਼ ਵਜੋਂ ਦੇਖਿਆ ਜਾ ਰਿਹਾ ਹੈ।

## ਔਰਤਾਂ ਨੂੰ ਹਨੀਟ੍ਰੈਪ 'ਚ ਫਸਾ ਕੇ ਪਾਕਿਸਤਾਨ ਲਈ ਜਾਸੂਸੀ ਕਰਵਾਉਂਦਾ ਸੀ ਦਾਨਿਸ਼

ਚੰਡੀਗੜ੍ਹ- ਜਾਸੂਸੀ ਦੇ ਦੋਸ਼ਾਂ ਵਿੱਚ ਪੰਜਾਬ ਤੋਂ ਗ੍ਰਿਫ਼ਤਾਰ ਕੀਤੇ ਗਏ ਛੇ ਮੁਲਜ਼ਮਾਂ ਦੇ ਮੋਬਾਈਲ ਕਾਲ ਡਿਟੇਲ ਅਤੇ ਪੁੱਛਗਿੱਛ ਤੋਂ, 30 ਤੋਂ ਵੱਧ ਲੋਕਾਂ ਦੀ ਪਛਾਣ ਕੀਤੀ ਗਈ ਹੈ ਜੋ ਇਸ ਜਾਸੂਸੀ ਨੈੱਟਵਰਕ ਦਾ ਹਿੱਸਾ ਹੋ ਸਕਦੇ ਹਨ। ਪੰਜਾਬ ਪੁਲਿਸ ਵੱਲੋਂ ਜਾਸੂਸੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਮਲੇਰਕੋਟਲਾ ਨਿਵਾਸੀ ਗੁਜਾਲਾ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀ ਦਾਨਿਸ਼ ਉਰਫ਼ ਅਹਿਸਾਨ-ਉਰ-ਰਹੀਮ ਨਾਲ ਉਸ ਦੇ ਰਿਸ਼ਤੇ ਇੱਕ ਦੋਸਤ ਤੋਂ ਵੱਧ ਸਨ। ਉਹ ਦਾਨਿਸ਼ ਦੇ ਸੰਪਰਕ ਵਿੱਚ ਉਦੋਂ ਆਈ ਜਦੋਂ ਉਸਨੇ ਗੁਜਾਲਾ ਨੂੰ ਪਾਕਿਸਤਾਨ ਜਾਣ ਲਈ ਵੀਜ਼ਾ ਦਿਵਾਉਣ ਵਿੱਚ ਮਦਦ ਕੀਤੀ। ਦਾਨਿਸ਼, ਜਿਸਨੂੰ ਕੇਂਦਰ ਵੱਲੋਂ ਪਰਸੋਨਾ ਨਾਨ ਗ੍ਰਾਟਾ ਐਲਾਨਿਆ ਗਿਆ ਹੈ, ਭਾਰਤ ਵਿੱਚ ਇੱਕ ਜਾਸੂਸੀ ਨੈੱਟਵਰਕ ਚਲਾ ਰਿਹਾ ਸੀ। ਦਾਨਿਸ਼ ਲੋਕਾਂ ਨੂੰ ਪਾਕਿਸਤਾਨ ਦਾ ਵੀਜ਼ਾ ਦਿਵਾਉਣ ਦੇ ਬਹਾਨੇ ਫਸਾਉਂਦਾ ਸੀ ਅਤੇ ਫਿਰ ਉਨ੍ਹਾਂ ਨੂੰ ਜਾਸੂਸੀ ਲਈ ਵਰਤਦਾ ਸੀ। ਗੁਜਾਲਾ ਇੱਕ ਵਿਧਵਾ ਹੈ। ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਦਾਨਿਸ਼ ਔਰਤਾਂ ਨੂੰ 'ਹਨੀਟ੍ਰੈਪ' ਵਿੱਚ ਫਸਾਉਂਦਾ ਸੀ ਅਤੇ ਉਨ੍ਹਾਂ ਨੂੰ ਜਾਸੂਸੀ ਲਈ ਤਿਆਰ ਕਰਦਾ ਸੀ। ਗੁਜਾਲਾ 2 ਫਰਵਰੀ ਨੂੰ ਪਾਕਿਸਤਾਨ ਹਾਈ ਕਮਿਸ਼ਨ ਗਈ ਸੀ। ਗੁਜਾਲਾ ਨੂੰ ਆਪਣੇ ਲਈ, ਆਪਣੀ ਮਾਸੀ ਨਸਰੀਨ ਬਾਨੋ ਅਤੇ ਦੋ ਹੋਰ ਰਿਸ਼ਤੇਦਾਰਾਂ ਲਈ ਵੀਜ਼ਾ ਲੈਣਾ ਪਿਆ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਇਹ ਸਾਰੇ ਮਲੇਰਕੋਟਲਾ ਵਾਪਸ ਆ ਗਏ ਪਰ 27 ਫਰਵਰੀ ਨੂੰ ਇੱਕ ਵਿਅਕਤੀ ਵੱਲੋਂ ਵਟਸਐਪ 'ਤੇ ਇੱਕ ਸੁਨੇਹਾ ਆਇਆ ਜਿਸਨੇ ਆਪਣੀ ਪਛਾਣ ਪਾਕਿਸਤਾਨ ਹਾਈ ਕਮਿਸ਼ਨ ਦੇ ਵੀਜ਼ਾ ਅਧਿਕਾਰੀ ਦਾਨਿਸ਼ ਵਜੋਂ ਕਰਵਾਈ। ਉਦੋਂ ਤੋਂ ਉਹ ਉਸਦੇ ਨਾਲ ਲਗਾਤਾਰ ਸੰਪਰਕ ਵਿੱਚ ਰਹੀ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਕਿ ਦਾਨਿਸ਼ ਦਾ ਨੰਬਰ ਗੁਜਾਲਾ ਦੇ ਫੋਨ ਵਿੱਚ 'ਹੈਪੀਨੇਸ' ਦੇ ਨਾਮ ਹੇਠ ਸੇਵ ਕੀਤਾ ਗਿਆ ਸੀ। ਗੁਜਾਲਾ ਨੇ ਦੇਖਿਆ ਕਿ ਐਪ ਸੈਟਿੰਗਾਂ ਕਾਰਨ ਦਾਨਿਸ਼ ਦੇ ਸੁਨੇਹੇ ਆਪਣੇ ਆਪ ਡਿਲੀਟ ਹੋ ਰਹੇ ਸਨ, ਇਸ ਲਈ ਉਸਨੇ ਕਿਸੇ ਹੋਰ ਮੋਬਾਈਲ 'ਤੇ ਦਾਨਿਸ਼ ਨਾਲ ਕੁਝ ਚੈਟਾਂ ਦੀ ਵੀਡੀ ਰਿਕਾਰਡਿੰਗ ਕੀਤੀ ਅਤੇ ਆਪਣੇ ਭਰਾ ਨੂੰ ਦੱਸੀ। ਉਹ ਮੋਬਾਈਲ ਵੀ ਪੁਲਿਸ ਨੇ ਜ਼ਬਤ ਕਰ ਲਿਆ ਹੈ।

ਗੁਜ਼ਾਲਾ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਦੂਜਾ ਵਿਅਕਤੀ ਯਾਸੀਨ ਮੁਹੰਮਦ ਹੈ, ਜੋ ਕਿ ਮਲੇਰਕੋਟਲਾ ਸ਼ਹਿਰ ਦੇ ਕਿਲਾ ਅਹਿਮਦਗੜ੍ਹ ਇਲਾਕੇ ਦਾ ਰਹਿਣ ਵਾਲਾ ਹੈ। ਉਸਨੇ ਗੁਜਾਲਾ ਦੇ ਖਾਤੇ ਵਿੱਚ 10,000 ਟ੍ਰਾਂਸਫਰ ਕਰ ਦਿੱਤੇ। ਯਾਸੀਨ, 33, ਜੋ ਕੀਟਨਾਸ਼ਕਾਂ ਦੇ ਕਾਰੋਬਾਰ ਵਿੱਚ ਸੀ, ਨੇ ਪੁਲਿਸ ਨੂੰ ਦੱਸਿਆ ਕਿ ਉਹ 2013 ਵਿੱਚ ਪਹਿਲੀ ਵਾਰ ਪਾਕਿਸਤਾਨ ਗਿਆ ਸੀ।

ਉਹ 2023 ਵਿੱਚ ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਵਿੱਚ ਵੀਜ਼ਾ ਇੰਟਰਵਿਊ ਦੌਰਾਨ ਦਾਨਿਸ਼ ਨੂੰ ਮਿਲੀ ਸੀ। ਦਾਨਿਸ਼ ਨੇ ਵੀਜ਼ਾ ਅਤੇ ਹੋਰ ਮਦਦ ਦੀ ਪੇਸ਼ਕਸ਼ ਕੀਤੀ। ਦਾਨਿਸ਼ ਦੀ ਮਦਦ ਨਾਲ ਉਸਨੂੰ ਤਿੰਨ ਹੋਰ ਵੀਜ਼ੇ ਮਿਲੇ। ਦਾਨਿਸ਼ ਨੇ ਉਸਨੂੰ UPI ਰਾਹੀਂ ਹਰੇਕ ਖਾਤੇ ਵਿੱਚ 25,000 ਰੁਪਏ ਟ੍ਰਾਂਸਫਰ ਕਰਨ ਲਈ ਕਿਹਾ। ਉਸਨੇ ਫੀ ਸਕੈਨਰ ਰਾਹੀਂ ਰਕਮ ਜਮ੍ਹਾ ਕਰਵਾਈ। ਇਸ ਮਾਮਲੇ ਵਿੱਚ ਜਲਦੀ ਹੀ ਹੋਰ ਖੁਲਾਸੇ ਹੋਣਗੇ।

ਆਈਐਸਆਈ ਸਰਹੱਦ ਪਾਰ ਤੋਂ ਇੰਟਰਨੈੱਟ ਮੀਡੀਆ ਪ੍ਰਭਾਵਕਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕੇਂਦਰੀ ਏਜੰਸੀਆਂ ਨੇ ਇਨਪੁਟ ਸਾਂਝੇ ਕੀਤੇ ਹਨ ਜਿਸ ਤੋਂ ਬਾਅਦ ਪੁਲਿਸ ਨਿੱਜੀ ਛੋਟੇ ਚੈਨਲਾਂ ਦੀ ਜਾਂਚ ਕਰ ਰਹੀ ਹੈ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਯੂਟਿਊਬਰਾਂ ਅਤੇ ਹੋਰ ਬਲੌਗਰਾਂ ਦੁਆਰਾ ਇੰਟਰਨੈੱਟ ਮੀਡੀਆ 'ਤੇ ਕਿਹੜੇ ਵੀਡੀਓ ਅਪਲੋਡ ਕੀਤੇ ਗਏ ਹਨ? ਵੀਡੀ ਕਿੱਥੋਂ ਦੇ ਹਨ? ਉਹ ਪਿਛਲੇ ਛੇ ਮਹੀਨਿਆਂ ਵਿੱਚ ਕਿੱਥੇ ਗਿਆ ਸੀ? ਫੂਡ ਬਲੌਗਰਾਂ ਤੋਂ ਲੈ ਕੇ ਸਪਾਂਸਰਸ਼ਿਪ ਟੂਰ ਤੱਕ, ਹਰ ਚੀਜ਼ ਦੀ ਜਾਂਚ ਕੀਤੀ ਜਾ ਰਹੀ ਹੈ। ਵਿਸ਼ੇਸ਼ ਤਕਨੀਕੀ ਮਾਹਿਰਾਂ ਦੀ ਇੱਕ ਟੀਮ ਇਸਦੀ ਨਿਗਰਾਨੀ ਕਰ ਰਹੀ ਹੈ।




# ਖ਼ੂਨ ਦੀ ਘਾਟ ਹੋਣ 'ਤੇ ਸਰੀਰ ਦਿੰਦਾ ਹੈ ਪੰਜ ਜ਼ਰੂਰੀ ਸੰਕੇਤ

ਅੱਜ ਦੀ ਭੱਜਦੌੜ ਵਾਲੀ ਜ਼ਿੰਦਗੀ 'ਚ ਅਸੀਂ ਅਕਸਰ ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਥਕਾਵਟ ਮਹਿਸੂਸ ਕਰਨਾ ਜਾਂ ਕੁਝ ਕਮਜ਼ੋਰੀ ਮਹਿਸੂਸ ਕਰਨਾ ਆਮ ਗੱਲ ਸਮਝਿਆ ਜਾਂਦਾ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਸਧਾਰਨ ਲੱਛਣ ਸਰੀਰ 'ਚ ਖ਼ੂਨ ਦੀ ਘਾਟ ਜਿਸਨੂੰ ਅਨੀਮੀਆ ਕਿਹਾ ਜਾਂਦਾ ਹੈ,



ਦਾ ਸੰਕੇਤ ਹੋ ਸਕਦੇ ਹਨ? ਵਿਸ਼ਵ ਸਿਹਤ ਸੰਸਥਾ ਅਨੁਸਾਰ, ਅਨੀਮੀਆ ਦੁਨੀਆ ਭਰ 'ਚ ਸਿਹਤ ਨਾਲ ਜੁੜੀ ਵੱਡੀ ਸਮੱਸਿਆ ਹੈ ਤੇ ਇਸਨੂੰ ਸਮੇਂ ਸਿਰ ਪਛਾਣਨਾ ਤੇ ਇਲਾਜ ਕਰਨਾ ਬੇਹੱਦ ਜ਼ਰੂਰੀ ਹੈ।

ਸਰੀਰ 'ਚ Red Blood Cells ਦੀ ਘਾਟ ਹੋਣ 'ਤੇ ਅਨੀਮੀਆ ਹੁੰਦਾ ਹੈ। ਇਹ ਕੋਸ਼ਿਕਾਵਾਂ ਸਾਡੇ ਫੇਫੜਿਆਂ ਤੋਂ ਆਕਸੀਜਨ ਲੈ ਕੇ ਸਰੀਰ ਦੇ ਹੋਰ ਹਿੱਸਿਆਂ ਤਕ ਪਹੁੰਚਾਉਂਦੀਆਂ ਹਨ। ਜਦੋਂ ਇਨ੍ਹਾਂ ਦੀ ਗਿਣਤੀ ਘੱਟ ਜਾਂਦੀ ਹੈ ਤਾਂ ਸਰੀਰ ਦੇ ਅੰਗਾਂ ਨੂੰ ਲੋੜੀਂਦੀ ਆਕਸੀਜਨ ਨਹੀਂ ਮਿਲਦੀ, ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸ਼ੁਰੂ ਹੋ ਸਕਦੀਆਂ ਹਨ। ਆਓ, ਇਸ ਬਾਰੇ ਵਿਸਥਾਰ ਨਾਲ ਸਮਝੀਏ।

### ਅਜਿਹੇ 5 ਜ਼ਰੂਰੀ ਲੱਛਣਾਂ ਨੂੰ ਸਮਝੀਏ

### ਲਗਾਤਾਰ ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣਾ

ਇਹ ਅਨੀਮੀਆ ਦਾ ਸਭ ਤੋਂ ਆਮ ਲੱਛਣ ਹੈ। ਜੇ ਤੁਸੀਂ ਬਿਨਾਂ ਕਿਸੇ ਖਾਸ ਕਾਰਨ ਦੇ ਹਰ ਸਮੇਂ ਥਕਾਵਟ ਮਹਿਸੂਸ ਕਰਦੇ ਹੋ ਤੇ ਰੋਜ਼ਾਨਾ ਦੇ ਕੰਮ ਕਰਨ 'ਚ ਵੀ ਮੁਸ਼ਕਲ ਆਉਂਦੀ ਹੈ ਤਾਂ ਇਹ ਖ਼ੂਨ ਦੀ ਘਾਟ ਦਾ ਸੰਕੇਤ ਹੋ ਸਕਦਾ ਹੈ।

### ਚਮੜੀ ਦਾ ਪੀਲਾ ਪੈਣਾ

ਖ਼ੂਨ 'ਚ ਹੀਮੋਗਲੋਬਿਨ (Hemogloibn) ਨਾਂ ਦਾ ਪ੍ਰੋਟੀਨ ਹੁੰਦਾ ਹੈ ਜੋ ਰੈੱਡ ਬਲੱਡ ਸੈਲਜ਼ ਨੂੰ ਉਨ੍ਹਾਂ ਦਾ ਰੰਗ ਦਿੰਦਾ ਹੈ। ਜਦੋਂ ਸਰੀਰ 'ਚ ਹੀਮੋਗਲੋਬਿਨ ਦੀ ਘਾਟ ਹੁੰਦੀ ਹੈ ਤਾਂ ਸਕਿੰਨ, ਨਹੁੰਆਂ ਤੇ ਅੱਖਾਂ ਅੰਦਰਲਾ ਸਫੈਦ ਹਿੱਸਾ ਪੀਲਾ ਪੈ ਸਕਦਾ ਹੈ।

### ਸਾਹ ਲੈਣ 'ਚ ਮੁਸ਼ਕਲ ਤੇ ਦਿਲ ਦੀ ਧੜਕਨ ਤੇਜ਼ ਹੋਣਾ

ਜਦੋਂ ਸਰੀਰ 'ਚ ਆਕਸੀਜਨ ਦੀ ਕਮੀ ਹੁੰਦੀ ਹੈ ਤਾਂ ਦਿਲ ਨੂੰ ਵਧ ਕੰਮ ਕਰਨਾ ਪੈਂਦਾ ਹੈ ਤਾਂ ਜੋ ਸਰੀਰ ਦੇ ਸਾਰੇ ਅੰਗਾਂ ਤਕ ਆਕਸੀਜਨ ਪਹੁੰਚ ਸਕੇ। ਇਸ ਕਾਰਨ ਸਾਹ ਲੈਣ 'ਚ ਮੁਸ਼ਕਲ ਅਤੇ ਦਿਲ ਦੀ ਧੜਕਨ ਤੇਜ਼ ਮਹਿਸੂਸ ਹੋ ਸਕਦੀ ਹੈ, ਖਾਸ ਕਰਕੇ ਜਦੋਂ ਤੁਸੀਂ ਥੋੜ੍ਹਾ ਚੱਲਦੇ ਹੋ ਜਾਂ ਪੌੜੀਆਂ ਚੜ੍ਹਦੇ ਹੋ।

### ਸਿਰਦਰਦ ਤੇ ਚੱਕਰ ਆਉਣਾ

ਦਿਮਾਗ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦੀ ਆਕਸੀਜਨ ਦੀ ਲੋੜ ਹੁੰਦੀ ਹੈ। ਖ਼ੂਨ ਦੀ ਘਾਟ ਹੋਣ 'ਤੇ ਸਿਰਦਰਦ, ਚੱਕਰ ਆਉਣੇ ਤੇ ਫੋਕਸ ਕਰਨ 'ਚ ਮੁਸ਼ਕਲ ਹੋ ਸਕਦੀ ਹੈ।

### ਹੱਥ-ਪੈਰ ਠੰਢੇ ਰਹਿਣਾ

ਅਨੀਮੀਆ ਕਾਰਨ ਬਲੱਡ ਸਰਕੂਲੇਸ਼ਨ 'ਤੇ ਵੀ ਅਸਰ ਪੈ ਸਕਦਾ ਹੈ, ਜਿਸ ਨਾਲ ਹੱਥ ਅਤੇ ਪੈਰ ਹਮੇਸ਼ਾਂ ਠੰਢੇ ਮਹਿਸੂਸ ਹੋ ਸਕਦੇ ਹਨ, ਖਾਸ ਕਰਕੇ ਸਰਦੀਆਂ 'ਚ।

# ਛੋਟੀ ਉਮਰ 'ਚ ਹੀ ਗੰਜੇ ਕਿਉਂ ਹੋ ਰਹੇ ਪੁਰਸ਼

ਹਰ ਕੋਈ ਚਾਹੁੰਦਾ ਹੈ ਕਿ ਉਸਦੇ ਵਾਲ ਸੰਘਣੇ ਤੇ ਕਾਲੇ ਹੋਣ। ਪਰ ਅੱਜਕੱਲ੍ਹ ਦੇ ਅਣਹੈਲਥੀ ਲਾਈਫਸਟਾਈਲ ਤੇ ਖਰਾਬ ਖਾਣ-ਪੀਣ ਕਾਰਨ ਵਾਲਾਂ ਦਾ ਝੜਨਾ ਆਮ ਹੋ ਗਿਆ ਹੈ। ਵੱਡੇ-ਬਜ਼ੁਰਗਾਂ ਨੂੰ ਤਾਂ ਛੱਡੋ, ਘੱਟ ਉਮਰ 'ਚ ਵੀ ਇਹ ਸਮੱਸਿਆ ਆਮ ਹੋ ਗਈ ਹੈ। ਕਈ ਵਾਰ ਤਾਂ ਇਸ ਹੱਦ ਤਕ ਵਾਲ ਟੁੱਟ ਕੇ ਡਿੱਗ ਜਾਂਦੇ ਹਨ ਕਿ ਲੋਕ ਗੰਜੇ ਹੋ ਜਾਂਦੇ ਹਨ।

ਵਾਲ ਸਾਡੀ ਲੁੱਕ ਨੂੰ ਵਧੀਆ ਬਣਾਉਂਦੇ ਹਨ। ਜੇ ਤੁਸੀਂ ਆਪਣੇ ਕਰੀਅਰ 'ਤੇ ਫੋਕਸ ਕਰ ਰਹੇ ਹੋ ਤਾਂ ਤੁਹਾਡਾ ਲੁੱਕ ਬਹੁਤ ਮੈਟਰ ਕਰਦਾ ਹੈ। ਵਾਲ ਸਾਡੇ ਸਰੀਰ ਦਾ ਸਿਰਫ ਇਕ ਹਿੱਸਾ ਨਹੀਂ, ਸਗੋਂ ਇਕ ਭਾਵਨਾਤਮਕ ਜੁੜਾਅ ਵੀ ਹਨ। ਜੇ ਤੁਹਾਡੇ ਵਾਲ ਸੰਘਣੇ ਹੋਣਗੇ ਤਾਂ ਤੁਹਾਡੇ ਵਿਚ ਆਤਮਵਿਸ਼ਵਾਸ ਦੀ ਕੋਈ ਕਮੀ ਨਹੀਂ ਰਹੇਗੀ। ਤੁਸੀਂ ਦਿਖਣ ਵਿਚ ਵੀ ਬਹੁਤ ਖ਼ੂਬਸੂਰਤ ਲੱਗੋਗੇ। ਹਾਲਾਂਕਿ, ਪੁਰਸ਼ਾਂ 'ਚ ਗੰਜੇਪਨ ਦੀ ਸਮੱਸਿਆ ਜ਼ਿਆਦਾ ਦੇਖੀ ਜਾਂਦੀ ਹੈ। ਇਸ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ। ਜੇ ਸਮੇਂ ਸਿਰ ਇਸ ਵੱਲ ਧਿਆਨ ਦਿੱਤਾ ਜਾਵੇ ਤਾਂ ਖ਼ੁਦ ਨੂੰ ਗੰਜਾ ਹੋਣ ਤੋਂ ਰੋਕਿਆ ਜਾ ਸਕਦਾ ਹੈ। ਅੱਜ ਅਸੀਂ ਤੁਹਾਨੂੰ ਆਪਣੇ ਇਸ ਲੇਖ 'ਚ ਗੰਜੇਪਣ ਦੇ ਕਾਰਨ, ਲੱਛਣ ਤੇ ਬਚਾਅ ਦੇ ਤਰੀਕੇ ਦੱਸਣ ਜਾ ਰਹੇ ਹਾਂ। ਆਓ ਜਾਣੀਏ ਵਿਸਥਾਰ ਨਾਲ-



### ਗੰਜੇਪਣ ਦੇ ਕਾਰਨ

### ਜੈਨੇਟਿਕ ਕਾਰਨ

ਜੇ ਪਰਿਵਾਰ 'ਚ ਕਿਸੇ ਨੂੰ ਗੰਜੇਪਨ ਦੀ ਸਮੱਸਿਆ ਰਹੀ ਹੈ, ਤਾਂ ਅਗਲੀ ਪੀੜ੍ਹੀ ਵਿਚ ਵੀ ਇਸ ਦੇ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਪੁਰਸ਼ਾਂ 'ਚ ਇਸਨੂੰ Male Pattern Baldness ਕਿਹਾ ਜਾਂਦਾ ਹੈ।

### ਹਾਰਮੋਨਲ ਬਦਲਾਅ

ਕਈ ਵਾਰ ਟੈਸਟੋਸਟੇਰੋਨ ਹਾਰਮੋਨ ਕਾਰਨ ਵਾਲਾਂ ਦੀ ਗ੍ਰੋਥ 'ਤੇ ਅਸਰ ਪੈਂਦਾ ਹੈ। ਇਸ ਨਾਲ ਵਾਲਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਜਾਂਦੀਆਂ ਹਨ।

### ਤਣਾਅ ਤੇ ਚਿੰਤਾ

ਜੇ ਤੁਸੀਂ ਲਗਾਤਾਰ ਮਾਨਸਿਕ ਤਣਾਅ ਨਾਲ ਜੂਝ ਰਹੇ ਹੋ ਤਾਂ ਤੇਜ਼ੀ ਨਾਲ ਵਾਲਾਂ ਦਾ ਝੜਨਾ ਸ਼ੁਰੂ ਹੋ ਜਾਂਦਾ ਹੈ। ਇਸਨੂੰ Telogen Effluivum ਕਿਹਾ ਜਾਂਦਾ ਹੈ ਜਿਸ ਵਿਚ ਅਚਾਨਕ ਵਾਲ ਝੜਨ ਲੱਗਦੇ ਹਨ।

### ਪੋਸ਼ਣ ਦੀ ਘਾਟ

ਵਾਲਾਂ ਦੀ ਗ੍ਰੋਥ ਲਈ ਜ਼ਿੰਕ, ਆਇਰਨ, ਬਾਇ ਟਿਨ, ਵਿਟਾਮਿਨ ਧ ਤੇ ਪ੍ਰੋਟੀਨ ਦੀ ਲੋੜ ਹੁੰਦੀ ਹੈ। ਜੇ ਸਰੀਰ ਵਿਚ ਇਸ ਦੀ ਕਮੀ ਹੋ ਜਾਵੇ, ਤਾਂ ਵਾਲ਼ ਝੜਨ ਲੱਗਦੇ ਹਨ ਅਤੇ ਗੰਜੇਪਣ ਦੀ ਸਮੱਸਿਆ ਵਧ ਸਕਦੀ ਹੈ।

### ਕੀਮੋਥੈਰੇਪੀ

ਕੈਂਸਰ ਦੇ ਇਲਾਜ ਦੌਰਾਨ ਕੀਮੋਥੈਰੇਪੀ ਕੀਤੀ ਜਾਂਦੀ ਹੈ। ਇਹ ਵੀ ਗੰਜੇਪਣ ਦਾ ਮੁੱਖ ਕਾਰਨ ਹੈ। ਇਸ ਤੋਂ ਇਲਾਵਾ, ਥਾਇਰਾਇਡ 'ਚ ਵੀ ਇਹ ਸਮੱਸਿਆ ਦੇਖਣ ਨੂੰ ਮਿਲਦੀ ਹੈ।

# ਗਰਮੀਆਂ 'ਚ ਹਰ ਰੋਜ਼ ਪੀਓ ਸੌਂਫ ਦਾ ਪਾਣੀ

ਗਰਮੀਆਂ ਦਾ ਮੌਸਮ ਆਪਣੇ ਨਾਲ ਕਈ ਸਿਹਤ ਸਮੱਸਿਆਵਾਂ ਲੈ ਕੇ ਆਉਂਦਾ ਹੈ, ਜਿਵੇਂ ਕਿ ਡੀਹਾਈਡਰੇਸ਼ਨ, ਪਾਚਨ ਸੰਬੰਧੀ ਸਮੱਸਿਆਵਾਂ ਅਤੇ ਸਰੀਰ ਦੀ ਗਰਮੀ ਵਿੱਚ ਵਾਧਾ। ਅਜਿਹੀ ਸਥਿਤੀ ਵਿੱਚ, ਸੌਂਫ ਪਾਣੀ ਇੱਕ ਕੁਦਰਤੀ ਅਤੇ ਪ੍ਰਭਾਵਸ਼ਾਲੀ ਉਪਾਅ ਵਜੋਂ ਕੰਮ ਕਰਦਾ ਹੈ।

ਸੌਂਫ ਨਾ ਸਿਰਫ਼ ਖਾਣੇ ਦਾ ਸੁਆਦ ਵਧਾਉਂਦੀ ਹੈ, ਸਗੋਂ ਇਸਦਾ ਪਾਣੀ ਪੀਣ ਨਾਲ ਕਈ ਸਿਹਤ ਲਾਭ ਵੀ ਮਿਲਦੇ ਹਨ। ਆ ਜਾਣਦੇ ਹਾਂ ਗਰਮੀਆਂ ਵਿੱਚ ਰੋਜ਼ਾਨਾ ਸੌਂਫ ਦਾ ਪਾਣੀ ਪੀਣ ਦੇ ਕੀ ਫਾਇਦੇ ਹਨ।

### ਸੌਂਫ ਦਾ ਪਾਣੀ ਪੀਣ ਦੇ ਫਾਇਦੇ

### ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ

ਸੌਂਫ ਵਿੱਚ ਮੌਜੂਦ ਐਂਟੀਆਕਸੀਡੈਂਟ ਅਤੇ ਫਾਈਬਰ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਦੇ ਹਨ। ਇਹ ਗੈਸ, ਐਸੀਡਿਟੀ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ। ਗਰਮੀਆਂ ਵਿੱਚ, ਅਕਸਰ ਭੋਜਨ ਸਹੀ ਢੰਗ ਨਾਲ ਨਹੀਂ ਪਚਦਾ, ਅਜਿਹੀ ਸਥਿਤੀ ਵਿੱਚ, ਸੌਂਫ ਦਾ ਪਾਣੀ ਪੀਣ ਨਾਲ ਪੇਟ ਦੀ ਜਲਣ ਸ਼ਾਂਤ ਹੁੰਦੀ ਹੈ ਅਤੇ ਪਾਚਨ ਐਨਜ਼ਾਈਮ ਸਰਗਰਮ ਹੁੰਦੇ ਹਨ।



### ਸਰੀਰ ਨੂੰ ਠੰਢਾ ਕਰਦਾ

ਸੌਂਫ ਦਾ ਪਾਣੀ ਠੰਢਕ ਦਿੰਦਾ ਹੈ, ਇਸ ਲਈ ਇਸਦਾ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਕੰਟਰੋਲ ਵਿੱਚ ਰਹਿੰਦਾ ਹੈ। ਇਹ ਗਰਮੀ ਕਾਰਨ ਹੋਣ ਵਾਲੀ ਬੇਅਰਾਮੀ, ਸਿਰ ਦਰਦ ਅਤੇ ਘਬਰਾਹਟ ਨੂੰ ਘਟਾਉਂਦਾ ਹੈ। ਇਸਨੂੰ ਪੀਣ ਨਾਲ ਹੀਟ ਸਟ੍ਰੋਕ ਦਾ ਖ਼ਤਰਾ ਵੀ ਘੱਟ ਜਾਂਦਾ ਹੈ।

### ਡੀਹਾਈਡਰੇਸ਼ਨ ਦੀ ਰੋਕਥਾਮ

ਗਰਮੀਆਂ ਵਿੱਚ ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਸੌਂਫ ਦਾ ਪਾਣੀ ਨਾ ਸਿਰਫ਼ ਪਿਆਸ ਬੁਝਾਉਂਦਾ ਹੈ ਬਲਕਿ ਇਲੈਕਟ੍ਰੋਲਾਈਟਸ ਦਾ ਸੰਤੁਲਨ ਵੀ ਬਣਾਈ ਰੱਖਦਾ ਹੈ। ਇਸ ਵਿੱਚ ਮੌਜੂਦ ਪੋਟਾਸ਼ੀਅਮ ਅਤੇ ਸੋਡੀਅਮ ਸਰੀਰ ਨੂੰ ਹਾਈਡ੍ਰੇਟ ਰੱਖਣ ਵਿੱਚ ਮਦਦ ਕਰਦੇ ਹਨ।

### ਭਾਰ ਘਟਾਉਣ ਵਿੱਚ ਮਦਦਗਾਰ

ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਸੌਂਫ ਦਾ ਪਾਣੀ ਇੱਕ ਵਧੀਆ ਆਪਸ਼ਨ ਹੈ। ਇਹ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ ਅਤੇ ਸਰੀਰ ਵਿੱਚ ਜਮ੍ਹਾਂ ਹੋਈ ਵਾਧੂ ਚਰਬੀ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਸਵੇਰੇ ਖਾਲੀ ਪੇਟ ਇਸਨੂੰ ਪੀਣ ਨਾਲ ਚਰਬੀ ਬਰਨਿੰਗ ਪ੍ਰਕਿਰਿਆ ਤੇਜ਼ ਹੁੰਦੀ ਹੈ।

### ਚਮੜੀ ਲਈ ਫਾਇਦੇਮੰਦ

ਸੌਂਫ ਵਿੱਚ ਮੌਜੂਦ ਵਿਟਾਮਿਨ ਸੀ ਅਤੇ ਐਂਟੀ-ਇੰਫਲੇਮੇਟਰੀ ਗੁਣ ਚਮੜੀ ਨੂੰ ਸਿਹਤਮੰਦ ਰੱਖਦੇ ਹਨ। ਇਸ ਦਾ ਪਾਣੀ ਪੀਣ ਨਾਲ ਮੁਹਾਸੇ, ਝੁਰੜੀਆਂ ਅਤੇ ਕਾਲੇ ਧੱਬੇ ਘੱਟ ਜਾਂਦੇ ਹਨ। ਇਹ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢ ਕੇ ਚਮੜੀ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ।

### ਇਮਿਊਨਿਟੀ ਵਧਾਉਂਦਾ ਹੈ

ਸੌਂਫ ਵਿੱਚ ਵਿਟਾਮਿਨ ਸੀ, ਆਇਰਨ ਅਤੇ ਕੈਲਸ਼ੀਅਮ ਵਰਗੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਦਾ ਪਾਣੀ ਨਿਯਮਿਤ ਤੌਰ 'ਤੇ ਪੀਣ ਨਾਲ ਬਿਮਾਰ ਹੋਣ ਦਾ ਖ਼ਤਰਾ ਘੱਟ ਜਾਂਦਾ ਹੈ।

### ਅੱਖਾਂ ਦੀ ਸਿਹਤ ਲਈ ਫਾਇਦੇਮੰਦ

ਸੌਂਫ ਵਿੱਚ ਵਿਟਾਮਿਨ ਏ ਹੁੰਦਾ ਹੈ, ਜੋ ਅੱਖਾਂ ਦੀ ਰੌਸ਼ਨੀ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ। ਗਰਮੀਆਂ ਵਿੱਚ ਅਕਸਰ ਅੱਖਾਂ ਵਿੱਚ ਜਲਣ ਹੁੰਦੀ ਹੈ, ਅਜਿਹੀ ਸਥਿਤੀ ਵਿੱਚ ਸੌਂਫ ਦਾ ਪਾਣੀ ਪੀਣ ਨਾਲ ਅੱਖਾਂ ਨੂੰ ਠੰਢਕ ਮਿਲਦੀ ਹੈ।

# ਹਮੇਸ਼ਾ ਸਿਹਤਮੰਦ ਭੋਜਨ ਖਾਣ ਦੀ ਆਦਤ ਵੀ ਹੈ ਇੱਕ ਸਮੱਸਿਆ

ਭਾਵੇਂ ਦਫ਼ਤਰ ਵਿੱਚ ਹੋਵੇ ਜਾਂ ਘਰ ਵਿੱਚ, ਤੁਹਾਡੇ ਆਲੇ-ਦੁਆਲੇ ਦੇ ਲੋਕ ਪੇਸਟਰੀਆਂ, ਚਿਪਸ ਅਤੇ ਹੋਰ ਚੀਜ਼ਾਂ ਖਾ ਰਹੇ ਹੋਣਗੇ, ਪਰ ਤੁਸੀਂ ਅਜੇ ਵੀ ਸਿਹਤਮੰਦ ਖਾਣ ਦੇ ਆਪਣੇ ਵਾਅਦੇ 'ਤੇ ਕਾਇਮ ਹੋ। ਭਾਵੇਂ ਤੁਸੀਂ ਸਿਹਤਮੰਦ ਖਾਣ ਦਾ ਵਾਅਦਾ ਕੀਤਾ ਹੈ, ਪਰ ਪੇਸਟਰੀਆਂ ਅਤੇ ਚਿਪਸ ਨੂੰ ਦੇਖ ਕੇ ਆਉਣ ਵਾਲੀ ਲਾਲਸਾ ਬਾਰੇ ਕੀ?

ਕੀ ਹੋਵੇਗਾ ਜੇਕਰ ਅਸੀਂ ਹਰ ਰੋਜ਼ ਸਲਾਦ ਖਾਣ ਦਾ ਸਖ਼ਤ ਨਿਯਮ ਬਣਾ ਲਈਏ? ਸਿਹਤਮੰਦ ਖਾਣ-ਪੀਣ ਬਾਰੇ ਬਹੁਤ ਜ਼ਿਆਦਾ ਸਖ਼ਤ ਹੋਣਾ ਫਾਇਦੇ ਨਾਲੋਂ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ। ਇਸ ਤਰ੍ਹਾਂ ਦੀ ਆਦਤ ਨੂੰ ਇੱਕ ਨਵਾਂ ਨਾਮ ਦਿੱਤਾ ਗਿਆ ਹੈ - ਆਰਥੋਰੇਕ-ਸੀਆ। ਆ ਜਾਣਦੇ ਹਾਂ ਇਹ ਸਮੱਸਿਆ ਕੀ ਹੈ-

ਆਰਥੋਰੇਕਸੀਆ ਤੋਂ ਪੀੜਤ ਵਿਅਕਤੀ ਸਿਹਤਮੰਦ ਅਤੇ ਗੈਰ-ਸਿਹਤਮੰਦ ਖਾਣ-ਪੀਣ ਸੰਬੰਧੀ ਨਿਯਮਾਂ ਦੀ ਜਨੂੰਨ ਨਾਲ ਪਾਲਣਾ ਕਰਦਾ ਹੈ। ਇਸ ਤੋਂ ਇਲਾਵਾ, ਜੇਕਰ ਕੋਈ ਖਾਸ ਭੋਜਨ ਉਨ੍ਹਾਂ ਦੇ ਨਿਯਮਾਂ ਦੇ ਸੈੱਟ ਵਿੱਚ ਫਿੱਟ ਨਹੀਂ ਬੈਠਦਾ, ਤਾਂ ਉਹ ਇਸਨੂੰ ਨਾ ਖਾ ਸਕਣ ਲਈ ਦੋਸ਼ੀ ਅਤੇ ਚਿੰਤਤ ਵੀ ਮਹਿਸੂਸ ਕਰ ਸਕਦੇ ਹਨ। ਇਹ ਸਮੱਸਿਆ ਕੁਝ ਹੱਦ ਤੱਕ ਐਨੋਰੈਕਸੀਆ ਵਰਗੀ ਹੈ, ਪਰ ਜਦੋਂ ਕਿ ਆਰਥੋਰੇਕਸੀਆ ਵਿੱਚ ਲੋਕ ਆਪਣੇ ਖਾਣ ਵਾਲੇ ਭੋਜਨ ਦੀ ਗੁਣਵੱਤਾ ਬਾਰੇ ਖਾਸ ਹੁੰਦੇ ਹਨ, ਐਨੋਰੈਕਸੀਆ ਵਿੱਚ ਇਹ ਉਹਨਾਂ ਦੁਆਰਾ ਖਾਧੇ ਜਾਣ ਵਾਲੇ ਭੋਜਨ ਦੀ ਮਾਤਰਾ ਬਾਰੇ ਹੁੰਦਾ ਹੈ।

### ਕੀ ਇਹ ਖ਼ਤਰਨਾਕ ਹੋ ਸਕਦਾ ਹੈ?

ਆਰਥੋਰੇਕਸੀਆ ਤੋਂ ਪੀੜਤ ਵਿਅਕਤੀ ਲਈ, ਇਹ ਸਰੀਰਕ ਤੌਰ 'ਤੇ ਨੁਕਸਾਨਦੇਹ ਹੋ ਸਕਦਾ ਹੈ ਅਤੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਆਪਣੀ ਖ਼ੁਰਾਕ ਵਿੱਚੋਂ ਇੱਕ ਪੂਰੇ ਭੋਜਨ ਸਮੂਹ ਨੂੰ ਖਤਮ ਕਰਨ ਨਾਲ ਕੁਪੋਸ਼ਣ ਅਤੇ ਬਹੁਤ ਜ਼ਿਆਦਾ ਭਾਰ ਘਟ ਸਕਦਾ ਹੈ। ਇਸ ਦੇ ਨਾਲ ਹੀ, ਇਹ ਜ਼ਿਆਦਾ ਖਾਣ ਦਾ ਖ਼ਤਰਾ ਵੀ ਵਧਾ ਸਕਦਾ ਹੈ, ਕਿਉਂਕਿ ਜੇਕਰ ਤੁਸੀਂ ਖੰਡ ਦੇ ਪੂਰੇ ਸਮੂਹ ਨੂੰ ਹਟਾ ਦਿੰਦੇ ਹੋ, ਤਾਂ ਲਾਲਸਾ ਹੋਰ ਵਧ ਜਾਵੇਗੀ।

ਖਾਣਾ ਸਾਂਝਾ ਕਰਨਾ ਸਿਰਫ਼ ਇੱਕ ਚੰਗੀ ਆਦਤ ਹੀ ਨਹੀਂ ਹੈ, ਸਗੋਂ ਸਾਡੇ ਸੱਭਿਆਚਾਰ ਦਾ ਇੱਕ ਹਿੱਸਾ ਵੀ ਹੈ। ਜੇਕਰ ਤੁਸੀਂ ਭੋਜਨ ਸੰਬੰਧੀ ਬਹੁਤ ਸਖ਼ਤ ਨਿਯਮਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਲੋਕਾਂ ਵਿੱਚ ਰਹਿੰਦੇ ਹੋਏ ਵੀ ਅਲੱਗ-ਥਲੱਗ ਹੋ ਸਕਦੇ ਹੋ ਅਤੇ ਭਾਵਨ-ਾਤਮਕ ਤਣਾਅ ਦਾ ਸ਼ਿਕਾਰ ਹੋ ਸਕਦੇ ਹੋ।

### ਇਹ ਲੱਛਣ ਦੇਖੇ ਜਾ ਸਕਦੇ ਹਨ

ਮਾਹਿਰਾਂ ਨੇ ਆਰਥੋਰੇਕਸੀਆ ਚਿਤਾਵਨੀ ਚਿੰਨ੍ਹਾਂ ਸੰਬੰਧੀ ਕੁਝ ਲੱਛਣ ਦੱਸੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:-

* ਸਮੱਗਰੀ ਸੂਚੀਆਂ ਅਤੇ ਪੋਸ਼ਣ ਲੇਬਲਾਂ ਨੂੰ ਅਕਸਰ ਪੜ੍ਹਨਾ
* ਸਮੱਗਰੀਆਂ ਦੀ ਸਿਹਤ ਬਾਰੇ ਬਹੁਤ ਜ਼ਿਆਦਾ ਚਿੰਤਤ ਹੋਣਾ
* ਦੂਜੇ ਲੋਕ ਕੀ ਖਾ ਰਹੇ ਹਨ ਅਤੇ ਇਸਦੇ ਸਿਹਤ ਪ੍ਰਭਾਵਾਂ ਵਿੱਚ ਬੇਲੋੜੀ ਦਿਲਚਸਪੀ ਲੈਣਾ।
* ਆਉਣ ਵਾਲੇ ਖਾਸ ਮੌਕੇ ਲਈ ਕੀ ਪਰੋਸਣਾ ਹੈ, ਇਸ ਬਾਰੇ ਸੋਚ ਕੇ ਸਮਾਂ ਬਰਬਾਦ ਕਰਨਾ, ਸਾਫ਼ ਜਾਂ ਸਿਹਤਮੰਦ ਭੋਜਨ ਦੀ ਘਾਟ ਕਾਰਨ ਤਣਾਅ ਵਿੱਚ ਅਚਾਨਕ ਵਾਧਾ।,
* ਸੋਸ਼ਲ ਮੀਡੀਆ ਜਾਂ ਹੋਰ ਪਲੇਟਫਾਰਮਾਂ 'ਤੇ ਸਿਹਤਮੰਦ ਭੋਜਨ ਦੀ ਖੋਜ ਵਿੱਚ ਘੰਟੇ ਬਿਤਾਉਣਾ।

# ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ/ਅੰਮ੍ਰਿਤਸਰ

Khalsa College Alumni
WhatsApp group

ਸਾਰੇ ਵੀਰ-ਭੈਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਵੱਡੇ ਵੀਰ ਭਾਈ ਸਾਹਿਬ ਅਮਰੀਕ ਸਿੰਘ ਪੰਨੂ ਵੱਲੋਂ ਸਲਾਹ ਕਰਕੇ ਇਹ ਇੱਛਾ ਪ੍ਰਗਟਾਈ ਗਈ ਕਿ ਖਾਲਸਾ ਕਾਲਜ 'ਚ ਪੜ੍ਹ ਚੁੱਕੇ ਵਿਦਿਆਰਥੀਆਂ ਦੀ ਇਕ ਸੰਸਥਾ ਬਣਾਈ ਜਾਵੇ ਜੋ ਕੈਲੇਫੋਰਨੀਆ 'ਚ ਰਹਿ ਰਹੇ ਹੋਣ ਤੇ ਕਦੇ ਵੀ ਖਾਲਸਾ ਕਾਲਜ ਜਲੰਧਰ/ਅੰਮ੍ਰਿਤਸਰ ਨਾਲ ਸਬੰਧਤ ਰਹੇ ਹੋਣ।

ਕਿਰਪਾ ਕਰਕੇ ਹੇਠ ਲਿਖੇ ਨੰਬਰਾਂ 'ਤੇ ਆਪਣੇ ਵਿਚਾਰ ਭੇਜੋ ਜਾਂ ਦੱਸੋ ਤੁਸੀਂ ਕਿਹੜੇ ਸ਼ਹਿਰ 'ਚ ਰਹਿੰਦੇ ਹੋ ਤੇ ਤੁਹਾਡਾ ਫੋਨ ਤੇ ਈ-ਮੇਲ ਕੀ ਹੈ ਤਾਂ ਕਿ ਅਗਲੀ ਵਾਰ ਕਿੱਥੇ ਮਿਲਣਾ ਹੈ, ਉਸ ਦੀ ਜਾਣਕਾਰੀ ਦਿੱਤੀ ਜਾ ਸਕੇ। ਅਸੀਂ ਸਾਰਿਆਂ ਨੂੰ ਇਕ ਮੰਚ ਤੇ ਇਕੱਠਾ ਕਰਕੇ ਇਕ ਸੰਸਥਾ ਦਾ ਰੂਪ ਦੇਣ ਲਈ ਕੋਸ਼ਿਸ਼ਮੰਦ ਹਾਂ। ਸਿਰਫ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਜਲੰਧਰ ਵਿਚ ਪੜ੍ਹੇ ਸਾਬਕਾ ਵਿਦਿਆਰਥੀ ਹੀ ਸੰਪਰਕ ਕਰਨ ਜੀ।



ਖਾਲਸਾ ਕਾਲਜ, ਅੰਮ੍ਰਿਤਸਰ



ਖਾਲਸਾ ਕਾਲਜ, ਜਲੰਧਰ

## ਸੰਪਰਕ ਕਰੋ

ਸ. ਅਮਰੀਕ ਸਿੰਘ ਪਨੂੰ (ਐਮ.ਐਸ.ਸੀ.)
ਸਰਪ੍ਰਸਤ (ਪੈਟਰਨ) (510-334-3892)
ਹਰਜੀਤ ਗਿੱਲ, ਯੂਬਾ ਸਿਟੀ (530-415-1800)
ਰਣਜੀਤ ਕੰਦੋਲਾ (ਐਮ. ਬੀ. ਏ.) 916-917-2393
ਬਲਬੀਰ ਸਿੰਘ ਐਮ. ਏ. 510-938-7771
khalsacollege1928@gmail.com

## Khalsa College Alumni - California

**ਤੁਸੀਂ ਜੇਕਰ ਇਸ ਗਰੁੱਪ ਆਉਣਾ ਚਾਹੁੰਦੇ ਹੋ ਤਾਂ ਹੇਠ ਲਿਖੀ ਜਾਣਕਾਰੀ ਸਾਨੂੰ ਭੇਜੋ ਜੀ**

ਤੁਹਾਡਾ ਨਾਂ: ....................................
ਫੋਨ/ਸੈਲ ਨੰਬਰ/ਈ ਮੇਲ: ......................
ਕਾਲਜ/ ਸਾਲ: ................................
ਕਿਹੜਾ ਸਾਲ: ..................................
ਹੁਣ ਕੀ ਕੰਮ ਕਰਦੇ ਹੋ: .......................